ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 8
May 28, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਘੱਲੂਘਾਰਾ ਦਿਵਸ ਦੇ ਰੋਸ ਵਜੋਂ ਭਾਰਤੀ ਦੂਤਾਵਾਸ ਸੈਨਫਰਾਂਸਿਸਕੋ ਵਿਖੇ ਰੋਸ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਹੋਰ ਜਾਣਕਾਰੀ ਲਈ ਦੇਖੋ ਸਫਾ 2- 3



ਪਹਿਲੇ ਸਿੱਖ ਸ਼ਹੀਦ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਸਬੰਧਤ ਲੇਖ ਪੜ੍ਹੋ ਸਫਾ 10 ਤੇ

# ਬਹਾਦਰ ਪੁਲਿਸ ਅਫਸਰ ਬਰਾਇਨ ਮਰਫੀ ਦਾ ਯੂਬਾ ਸਿਟੀ ਵਿਖੇ ਸਨਮਾਨ



**ਯੂਬਾ ਸਿਟੀ–** ਵਿਸਕਾਂਸਿਨ ਗੁਰੂ ਘਰ ਵਿਖੇ ਹੋਏ ਦਹਿਸ਼ਤਗਰਦ ਹਮਲੇ ਸਮੇਂ ਸਿੱਖਾਂ ਦੀ ਰੱਖਿਆ ਲਈ ਆਪਣੀ ਜਾਨ ਦਾਅ ਤੇ ਲਗਾਉਣ ਵਾਲੇ ਬਹਾਦਰ ਪੁਲਿਸ ਅਫਸਰ ਬਰਾਇਨ ਮਰਫੀ ਦਾ ਯੂਬਾ ਸਿਟੀ ਵਿਖੇ ਪ੍ਰਸਿੱਧ ਪੰਜਾਬੀ ਦੀਦਾਰ ਸਿੰਘ ਬੈਂਸ ਅਤੇ ਡਾ. ਬਲਵਿੰਦਰ ਮੱਲ੍ਹੀ ਨੇ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ। ਸ੍ਰੀ ਮਰਫੀ ਇਸ ਮੌਕੇ ਆਪਣੇ ਪਰਿਵਾਰ ਸਮੇਤ ਸਨਮਾਨ ਸਮਾਰੋਹ ਵਿਚ ਸ਼ਾਮਲ ਹੋਏ, ਜਿੱਥੇ ਉਹਨਾਂ ਨੂੰ 5-5 ਹਜ਼ਾਰ ਡਾਲਰ ਦੀ ਰਾਸ਼ੀ ਸਮੇਤ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ।

ਸ੍ਰੀ ਮਰਫੀ ਦਾ ਨਾਪਾ ਸੰਸਥਾ ਵੱਲੋਂ ਵੀ ਸਨਮਾਨ ਕੀਤਾ ਗਿਆ ਹੈ, ਜਿਸ ਸਬੰਧੀ ਰਿਪੋਰਟ ਸਫਾ 3 ਤੇ ਦੇਖੀ ਜਾ ਸਕਦੀ ਹੈ।

**30 ਮਈ ਨੂੰ ਫੇਅਰਫੀਲਡ ਵਿਖੇ ਨਾਟਕ 'ਉਮਰਾਂ ਲੰਘੀਆਂ ਪੱਬਾਂ ਭਾਰ' ਪੰਜਾਬੀ ਡਰਾਮੇ ਲਈ ਤਿਆਰੀਆਂ ਮੁਕੰਮਲ- ਹਰਜਿੰਦਰ ਧਾਮੀ**

ਹੋਰ ਜਾਣਕਾਰੀ ਲਈ ਇਸ਼ਤਿਹਾਰ ਦੇਖੋ ਸਫਾ 24 ਤੇ

# ਗੁਰੂ ਨਾਨਕ ਸਪੋਰਟਸ ਕਲੱਬ ਸੈਨਵਾਕੀਨ ਵੱਲੋਂ ਕਰਵਾਇਆ ਸ਼ਾਨਦਾਰ ਕਬੱਡੀ ਟੂਰਨਾਮੈਂਟ




**ਸੈਨਵਾਕੀਨ ( ਕੈਲੇਫੋਰਨੀਆਂ ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਗੁਰੂ ਨਾਨਕ ਸਪੋਰਟਸ ਕਲੱਬ ਸੈਨਵਾਕੀਨ ਅਤੇ ਕਰਮਨ ਵੱਲੋਂ ਦੋ ਰੋਜ਼ਾ ਸ਼ਾਨਦਾਰ ਕਬੱਡੀ ਟੂਰਨਾਮੈਂਟ ਸੈਨਵਾਕੀਨ ਸਕੂਲ ਦੀਆਂ ਗਰੌਡਾਂ ਵਿੱਚ ਕਰਵਾਇਆ ਗਿਆ। ਜਿਥੇ ਸੈਂਟਰਲ ਵੈਲੀ ਅਤੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੀਆਂ ਟੀਮਾਂ ਵਿਚ ਰੁਮਾਂਚਕ ਫਾਇਨਲ ਮੈਚ ਖੇਡਿਆ ਗਿਆ..! ਸੈਂਟਰਲ ਵੈਲੀ ਦੀ ਟੀਮ ਨੇਂ ਇਹ ਮੈਚ ਜਿੱਤ ਕਿ ਟੂਰਨਾਮੈਂਟ ਦਾ ਖਿਤਾਬ ਆਪਣੇਂ ਨਾਮ ਕੀਤਾ। ਭੈਣਜੀ ਆਸ਼ਾ ਸ਼ਰਮਾ ਨੇਂ ਖੂਬਸੂਰਤ ਸ਼ੇਅਰ ਬੋਲਕੇ ਟੂਰਨਾਮੈਂਟ ਵਿੱਚ ਨਵੀਂ ਰੂਹ ਫੂਕੀ ਅਤੇ ਚਰਨਜੀਤ ਸਿੰਘ ਬਾਠ ਅਤੇ ਇਸਤਰੀ ਵਿੰਗ ਦੀਆਂ ਔਰਤਾ ਨੇਂ ਭੈਣਜੀ ਨੂੰ ਸਨਮਾਨ ਚਿੰਨ ਦੇਕੇ ਨਿਵਾਜ਼ਿਆ..!

ਇਸ ਮੌਕੇ ਸੀਨੀਅਰ ਸਿਟੀਜ਼ਨ ਰੱਸਾ ਟੀਮ ਫਰਿਜ਼ਨੋ (ਕੱਪ ਜੇਤੂ) ਰਹੀ

**(ਬਾਕੀ ਤਸਵੀਰਾਂ ਸਫਾ 12, 13 ਉਤੇ ਅਤੇ ਖਬਰ ਦੇਖੋ ਸਫਾ 20 ਤੇ)**

# ਪ੍ਰਸਿੱਧ ਗਾਇਕ ਕਲੇਰ ਕੰਠ ਦਾ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸਨਮਾਨ



ਗਾਇਕ ਕਲੇਰ ਕੰਠ ਦਾ ਸਨਮਾਨ ਕਰਦੇ ਹੋਏ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਸਾਹਿਬ ਭਾਈ ਪ੍ਰਕਾਸ਼ ਸਿੰਘ ਜੀ। ਹੋਰ ਜਾਣਕਾਰੀ ਲਈ ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 14 ਤੇ (ਤਸਵੀਰਾਂ ਚਮਨ ਵੀਡੀਓ ਫਰੀਮਾਂਟ)


Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com




KSR AUTO REPAIR
Complete Auto Repair
Import & Domestic
Honda & Acura Specialist Toyta, Lexus, Nissan, Mazda
Mercedes Benz, BMW, Volvo, Volkswager
50 % Off
On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674





SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
WE OPEN 7-DAYS A WEEK
(209-373-3562)
MANDEEP SANDHU
msandhu2014@gmail.com
Note: I am not an Immigration Attorney.
3222 PENELOPE DR.
STOCKTON, CA- 95212
(NEAR HWY 99 ON MORADA LANE)



AAA AUTO AND BODY WORKS
We Do Complete Engine Transmission, Body and Paint Work We Sell Used Cars at a Good Price
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ
ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ
ਤਸੱਲੀਬਖ਼ਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ
ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing
510- 733- 2222
1421 Industrial PKWY
West#F Hayward, CA 94544
Prop: Jasbir Singh Takhar
510-755-2132
Harmandeep Singh






MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121





Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਮਨਾਉਂਦੇ ਹੋਏ 1984 ਦੇ ਸਿੱਖ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿਤ



# ਮਹਾਨ ਨਗਰ ਕੀਰਤਨ



## 7 ਜੂਨ 2015, ਐਤਵਾਰ

ਸਵੇਰੇ 11 ਤੋਂ ਸ਼ਾਮ 4 ਵਜੇ ਤੱਕ

## ਸਥਾਨ: ਸੈਨ ਫਰਾਂਸਿਸਕੋ ਡਾਊਨ ਟਾਊਨ

*ਨਗਰ ਕੀਰਤਨ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋਵੇਗਾ ਤੇ ਸਿਵਿਕ ਸੈਂਟਰ-ਸਿਟੀ ਹਾਲ ਜਾ ਕੇ ਸੰਪੂਰਨ ਹੋਵੇਗਾ*





ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਜਿਹੜੀਆਂ ਕੌਮਾਂ ਆਪਣੇ ਇਤਿਹਾਸਕ ਵਿਰਸੇ ਦੇ ਸ਼ਹੀਦਾਂ ਤੇ ਸ਼ਹੀਦੀ ਸਾਕਿਆਂ ਨੂੰ ਭੁੱਲ ਜਾਂਦੀਆਂ ਨੇ, ਉਹ ਇਤਿਹਾਸ ਦੇ ਪੰਨਿਆਂ ਤੋਂ ਸਦਾ ਵਾਸਤੇ ਖਤਮ ਹੋ ਜਾਂਦੀਆਂ ਹਨ। ਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਦੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਲਈ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਲੱਖਾਂ ਸਿੱਖਾਂ ਨੇ ਸ਼ਹਾਦਤਾਂ ਦਿੱਤੀਆਂ ਹਨ। ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸੈਨ ਫਰਾਂਸਿਸਕੋ ਡਾਊਨ ਟਾਊਨ ਵਿਚ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋ ਕੇ ਸਿਵਿਕ ਸੈਂਟਰ ਦੇ ਸ਼ਾਨਦਾਰ ਮੈਦਾਨ ਤੱਕ ਇਕ ਮਹਾਨ ਨਗਰ ਕੀਰਤਨ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਵਿਚ ਆਪ ਸਭ ਨੂੰ ਸ਼ਾਮਲ ਹੋਣ ਲਈ ਹਾਰਦਿਕ ਬੇਨਤੀ ਕੀਤੀ ਜਾਂਦੀ ਹੈ।

*ਸੰਗਤਾਂ ਕੇਸਰੀ ਦਸਤਾਰਾਂ-ਦੁੱਪਟੇ-ਪਟਕੇ ਸਜਾ ਕੇ ਆਉਣ ਜੀ।

*ਸਿਵਿਕ ਸੈਂਟਰ ਵਿਚ ਸਜ ਰਹੇ ਦੀਵਾਨ ਅਤੇ ਨਗਰ ਕੀਰਤਨ ਦੌਰਾਨ ਕੀਰਤਨੀ ਜਥੇ ਗੁਰ ਸ਼ਬਦ ਅਤੇ ਢਾਡੀ ਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਢਾਡੀ ਤੇ ਵੀਰ-ਰਸੀ ਵਾਰਾਂ ਰਾਹੀਂ ਨਿਹਾਲ ਕਰਨਗੇ। *ਪੰਥਕ ਬੁਲਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। *ਇਹ ਨਗਰ ਕੀਰਤਨ ਵੱਡੇ ਬੱਚਿਆਂ ਤੇ ਨੌਜਵਾਨਾਂ ਲਈ ਸਿੱਖ ਇਤਿਹਾਸ ਦੀ ਵਡਮੁੱਲੀ ਜਾਣਕਾਰੀ ਨਾਲ ਭਰਪੂਰ ਹੋਵੇਗਾ। *ਗਤਕੇ ਦੇ ਸ਼ਾਨਦਾਰ ਜੌਹਰ ਵਿਖਾਏ ਜਾਣਗੇ। *ਲੰਗਰ ਅਤੁੱਟ ਵਰਤਣਗੇ। *ਨਗਰ ਕੀਰਤਨ ਦੇ ਸ਼ੁਰੂ ਹੋਣ ਵਾਲੀ ਥਾਂ ਪਹੁੰਚਣ ਲਈ ਕਿਤੋਂ ਵੀ ਬਾਰਟ ਰਾਹੀਂ ਮਿੰਟਗੁਮਰੀ ਸਟੇਸ਼ਨ 'ਤੇ ਉਤਰਨਾ ਹੈ ਤੇ ਵਾਪਸੀ ਲਈ ਸਿਵਿਕ ਸੈਂਟਰ ਤੋਂ ਬਾਰਟ ਦਾ ਪ੍ਰਬੰਧ ਹੈ। ਸਭ ਗੁਰਦੁਆਰਿਆਂ ਤੋਂ ਬੱਸਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ, ਜਿਸ ਲਈ ਆਪਣੇ ਸ਼ਹਿਰ ਦੇ ਗੁਰਦੁਆਰਿਆਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

### ਬੁਲਾਰੇ



ਪ੍ਰੋ. ਇੰਦਰਾ ਪ੍ਰਸਤ



ਜਗਮੀਤ ਸਿੰਘ ਵਿਧਾਨ ਸਭਾ ਮੈਂਬਰ ਕੈਨੇਡਾ



ਬੀਬੀ ਨਵਕਿਰਨ ਕੌਰ ਖਾਲੜਾ



ਡਾ. ਸੇਵਕ ਸਿੰਘ



ਡਾ. ਕਰਾਮਾਤ ਚੀਮਾ



ਮਨਿੰਦਰ ਸਿੰਘ

**ਬੇਨਤੀ ਕਰਤਾ:** ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਸਾਹਿਬ ਐਲ ਸਬਰਾਂਟੇ, ਗੁਰਦੁਆਰਾ ਸਾਹਿਬ ਸਟਾਕਟਨ, ਗੁਰਦੁਆਰਾ ਸਾਹਿਬ ਟਰਲਕ, ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟਿਕਾ, ਗੁਰਦੁਆਰਾ ਸਿੰਘ ਸਭਾ ਮਿਲਪੀਟਸ, ਗੁਰਦੁਆਰਾ ਸਾਹਿਬ ਬਰਾਡਸ਼ਾਅ ਸੈਕਰਾਮੈਂਟੋ, ਗੁਰਦੁਆਰਾ ਕੈਪੀਟਲ ਸਿੱਖ ਸੈਂਟਰ ਸੈਕਰਾਮੈਂਟੋ, ਗੁਰਦੁਆਰਾ ਸਾਹਿਬ ਡੈਲਹਾਈ, ਗੁਰਦੁਆਰਾ ਸਾਹਿਬ ਹੇਵਰਡ, ਗੁਰਦੁਆਰਾ ਸਾਹਿਬ ਸਾਊਥ ਸੈਨ ਫਰਾਂਸਿਸਕੋ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ, ਗੁਰਦੁਆਰਾ ਦਸ਼ਮੇਸ਼ ਦਰਬਾਰ ਲੋਡਾਈ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ, ਗੁਰਦੁਆਰਾ ਸਾਹਿਬ ਯੂਬਾ ਸਿਟੀ, ਗੁਰਦੁਆਰਾ ਸਾਹਿਬ ਸੈਨ ਮਟੀਓ, ਗੁਰਦੁਆਰਾ ਦਸ਼ਮੇਸ਼ ਦਰਬਾਰ ਟਰੇਸੀ, ਗੁਰਦੁਆਰਾ ਸਾਹਿਬ ਪਿਟਸਬਰਗ, ਗੁਰਦੁਆਰਾ ਸਾਹਿਬ ਮਾਡੈਸਟੋ, ਗੁਰਦੁਆਰਾ ਸਾਹਿਬ ਫੇਅਰਫੀਲਡ, ਗੁਰਦੁਆਰਾ ਸਾਹਿਬ ਰਿਵਰਸਾਈਡ।

## ਹੋਰ ਜਾਣਕਾਰੀ ਲਈ ਸੰਪਰਕ ਕਰੋ: 1-844-REM-1984

www.remember84.com Facebook Page: June 84 Movement

# ਲੈਫਟੀਨੈਂਟ ਬਰਾਇਨ ਮਰਫੀ ਦਾ ਸਨਮਾਨ ਕਰਨ ਲਈ ਸਮਾਗਮ




ਨਾਪਾ ਦੇ ਆਗੂ ਲੈਫਟੀਨੈਂਟ ਬਰਾਇਨ ਮਰਫੀ ਨੂੰ ਸਨਮਾਨਤ ਕਰਦੇ ਹੋਏ

**ਸੈਕਰਾਮੈਂਟੋ (ਕੈਲੀਫੋਰਨੀਆ)** ਅਜ ਤੋਂ ਤਿੰਨ ਸਾਲ ਪਹਿਲਾਂ ਅਮਰੀਕਾ ਦੇ ਸਿੱਖ ਗੁਰੂਦੁਆਰਾ ਸਾਹਿਬ ਵਿਸਕਾਸਿਨ ਵਿਚ ਵਾਪਰੇ ਗੋਲੀ ਕਾਂਡ ਦੌਰਾਨ ਭਾਵੇਂ ਛੇ ਸਿਖ ਮਾਰੇ ਗਏ ਸਨ ਪਰ ਹੋਰ ਸਿਖਾਂ ਦਾ ਜਾਨੀ ਨੁਕਸਾਨ ਨੂੰ ਰੋਕਣ ਲਈ ਆਪਣੀ ਜਾਨ ਤੱਲੀ ਤੇ ਰਖ ਕੇ ਅਹਿਮ ਕਰਬਾਨੀ ਕਰਨ ਵਾਲੇ ਪੁਲੀਸ ਅਫਸਰ ਲੈਫਟੀਨੈਂਟ ਬਰਾਇਨ ਮਰਫੀ ਨੂੰ ਸਥਾਨਕ ਏਡਨ ਈਵੈਂਟ ਸੈਂਟਰ ਐਲਕਗਰੋਵ (ਸੈਕਰਮੈਂਟੋ) ਵਿਖੇ ਕੇ 3 ਇੰਟਰਨੈਸ਼ਨਲ ਵਲੋਂ ਇਕ ਸਨਮਾਨ ਸਮਾਗਮ ਕਰਵਾਇਆ ਗਿਆ। ਸਮਾਗਮ ਦੇ ਆਰੰਭ ਵਿਚ ਸ: ਇੰਦਰਜੀਤ ਸਿੰਘ ਕਾਲੀਰਾਏ ਨੇ ਸਮਾਗਮ ਦੇ ਮਨੋਰਥ ਤੇ ਲੈਫਟੀਨੈਂਟ ਬਰਾਇਨ ਮਰਫੀ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿਤੀ।ਬਹੁਤ ਸੁਰੀਲੀ ਅਵਾਜ ਵਾਲੀ ਗਾਇਕਾ ਪੂਨਮ ਮਲਹੋਤਰਾ ਨੇ ਆਪਣੀ ਸੁਰੀਲੀ ਅਵਾਜ ਵਿਚ ਦੇਸ਼ ਭਗਤੀ ਵਾਲਾ ਗਾਣਾ ਗਾ ਕੇ ਸਭ ਦਾ ਮਨੋਰੰਜਨ ਕੀਤਾ।ਸਾਮਗਮ ਨੂੰ ਹੋਰਨਾਂ ਤੋਂ ਇਲਾਵਾ ਸ: ਇੰਦਰਜੀਤ ਸਿੰਘ ਕਾਲੀਰਾਏ ,ਸਟੇਟ ਸੈਨੇਟਰ ਡਾ.ਰਿਚਰਡ ਪਾਨ,ਅਸੰਬਲੀ ਮੈਂਬਰ ਜਿਮ ਕੂਪਰ, ਡਾ.ਜਸਬੀਰ ਸਿੰਘ ਕੰਗ, ਡਾ.ਰਾਜਵੰਤ ਸਿੰਘ ਤੇ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ ਨੇ ਵੀ ਸੰਬੋਧਨ ਕੀਤਾ। ਸ: ਦਲਵਿੰਦਰ ਸਿੰਘ ਧੂਤ ਨੇ ਕਿਹਾ ਕਿ ਸਿਖ ਕੌਮ ਲੈਫਟੀਨੈਂਟ ਮਰਫੀ ਦੀ ਕੁਰਬਾਨੀ ਨੂੰ ਕਦੇ ਵੀ ਭੁਲਾ ਨਹੀਂ ਸਕਦੀ। ਉਹਨਾਂ ਕਿਹਾ ਕਿ ਜੇਕਰ ਲੈਫਟੀਨੈਂਟ ਬਰਾਇਨ ਮਰਫੀ ਸਮੇਂ ਸਿਰ ਕਾਰਵਾਈ ਨਾ ਕਰਦੇ ਤਾਂ ਜਾਨੀ ਨੁਕਸਾਨ ਹੋਰ ਵੀ ਵਧੇਰੇ ਹੋ ਸਕਦਾ ਸੀ। ਸ: ਧੂਤ ਨੇ ਦਸਿਆ ਕਿ ਇਸ ਗੋਲੀ ਕਾਂਡ ਦੌਰਾਨ ਲੈਫਟੀਨੈਂਟ ਮਰਫੀ ਦੇ ਬਾਰਾਂ ਗੋਲੀਆਂ ਲਗੀਆਂ ਸਨ ਜਿਹਨਾਂ ਵਿਚੋਂ ਇਕ ਇਕ ਗੋਲੀ ਉਹਨਾਂ ਦੇ ਗਲੇ,ਲੱਤ ਤੇ ਬਾਂਹ ਵਿਚ ਲਗੀ ਸੀ। ਸ: ਧੂਤ ਨੇ ਸਮੂਹ ਗੁਰੂਦੁਆਰਿਆਂ ਦੀਆਂ ਪਰਬੰਧਕ ਕਮੇਟੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਗੁਰੂਦੁਆਰਿਆ ਵਿਚ ਸੁਰੱਖਿਆ ਦੇ ਅਜਿਹੇ ਪਰਬੰਧ ਕਰਨ ਜਿਸ ਨਾਲ ਅਜਿਹੇ ਸੰਭਾਵੀ ਗੋਲੀ ਕਾਂਡ ਨੂੰ ਭਵਿਖ ਵਿਚ ਵਾਪਰਨ ਤੋਂ ਰੋਕਿਆ ਜਾ ਸਕੇ। ਸਮਾਗਮ ਨੂੰ ਸੰਬੋਧਨ ਕਰਦਿਆਂ ਲੈਫਟੀਨੈਂਟ ਬਰਾਇਨ ਮਰਫੀ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਕੋਈ ਹੀਰੋ ਨਹੀਂ ਸਮਝਦੇ ਲੇਕਿਨ ਉਹਨਾਂ ਨੇ ਤਾਂ ਆਪਣਾ ਫਰਜ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਇਆ ਸੀ। ਉਹਨਾਂ ਕਿਹਾ ਕਿ ਉਹਨਾਂ ਨੂੰ ਇਸ ਗਲ ਦਾ ਬਹੁਤ ਦੁਖ ਹੈ ਕਿ ਇਸ ਗੋਲੀ ਕਾਂਡ ਦੌਰਾਨ ਛੇ ਕੀਮਤੀ ਜਾਨਾਂ ਚਲੇ ਗਈਆਂ ਸਨ। ਉਹਨਾਂ ਕਿਹਾ ਕਿ ਉਹ ਇਕ ਸਧਾਰਣ ਪਰਿਵਾਰ ਨਾਲ ਸਬੰਧ ਰਖਦੇ ਹਨ ਤੇ ਆਪਣੀ ਬਾਕੀ ਦੀ ਉਮਰ ਮਨੁੱਖਤਾ ਦੇ ਭਲੇ ਲਈ ਹੀ ਬਤੀਤ ਕਰਨਗੇ। ਇਸ ਮੌਕੇ ਤੇ ਨਾਪਾ ਦੇ ਆਗੂ ਸਤਨਾਮ ਸਿੰਘ ਚਾਹਲ, ਦਲਬੀਰ ਸਿੰਘ ਸੰਘੇੜਾ, ਕਮਿਸ਼ਨਰ ਤਰਨਜੀਤ ਸਿੰਘ ਸੰਧੂ, ਸੰਤੋਖ ਸਿੰਘ ਜੱਜ, ਟੂ ਗਾਏਜ ਗੈਸ ਸਟੇਸ਼ਨਾਂ ਦੇ ਮਾਲਕ ਜਰਨੈਲ ਸਿੰਘ, ਬਲਵੰਤ ਸਿੰਘ ਮਨਟਿਕਾ, ਮੇਜਰ ਐਚ.ਐਸ. ਰੰਧਾਵਾ ਆਦਿ ਵੀ ਸ਼ਾਮਲ ਸਨ। ਸਮਾਗਮ ਦੌਰਾਨ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਵਲੋਂ ਮੋਮੈਂਟੋ ਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਦੇਸ਼ ਦੁਆਬਾ ਅਖਬਾਰ ਦੇ ਸੰਪਾਦਕ ਸ਼੍ਰੀ ਪ੍ਰੇਮ ਚੁੰਬਰ ਜਿਹੜੇ ਕਿਸੇ ਕਾਰਣ ਇਸ ਸਮਾਗਮ ਵਿਚ ਪਹੁੰਚ ਨਹੀਂ ਸਕੇ ਨੇ ਇਸ ਪਤਰਕਾਰ ਨਾਲ ਫੋਨ ਤੇ ਗਲਬਾਤ ਕਰਦਿਆਂ ਕੌਮੀ ਹੀਰੋ ਲੈਫਟੀਨੈਂਟ ਬਰਾਇਨ ਮਰਫੀ ਦੀ ਬਹਾਦਰੀ ਦੀ ਪਰਸੰਸਾ ਕਰਦਿਆਂ ਕਿਹਾ ਕਿ ਸਿਖ ਕੌਮ ਅਜਿਹੇ ਹੀਰੋ ਨੂੰ ਸਦੀਆਂ ਤਕ ਯਾਦ ਰਖੇਗੀ।



ਸਮਾਗਮ ਨੂੰ ਸੰਬੋਧਨ ਕਰਦੇ ਹੋਏ ਵੱਖ ਵੱਖ ਆਗੂ

# ਜੂਨ ਚੁਰਾਸੀ ਦੇ ਘੱਲੂਘਾਰੇ ਲਈ ਜ਼ਿੰਮੇਵਾਰ ਭਾਰਤ ਦੇ ਦੂਤਾਵਾਸ ਅੱਗੇ ਹੋਵੇਗਾ ਭਾਰੀ ਰੋਸ ਮੁਜ਼ਾਹਰਾ



**ਸੈਨ ਫਰਾਂਸਿਸਕੋ (ਬਲਵਿੰਦਰਪਾਲ ਸਿੰਘ ਖਾਲਸਾ)** ਪਹਿਲੀ ਜੂਨ, ਦਿਨ ਸੋਮਵਾਰ ਨੂੰ ਦੁਪਹਿਰ 12 ਤੋਂ 3 ਵਜੇ ਦੌਰਾਨ ਸੈਨ ਫਰਾਂਸਿਸਕੋ ਦੇ ਭਾਰਤੀ ਦੂਤਾਵਾਸ ਅੱਗੇ ਭਾਰੀ ਰੋਸ ਮਜ਼ਾਹਰਾ ਕੀਤਾ ਜਾ ਰਿਹਾ ਹੈ। ਘੱਲੂਘਾਰੇ ਦੀ ੩੧ਵੀਂ ਯਾਦ ਨੂੰ ਸਮਰਪਿਤ ਇਸ ਰੋਸ ਪ੍ਰਦਰਸ਼ਨ ਲਈ ਸੰਗਤਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ। ਕੈਲੇਫੋਰਨੀਆਂ ਵਿਚ ਵੱਸਦੀਆਂ ਸਿੱਖ ਸੰਗਤਾਂ ਨੂੰ ਵਡੇ ਰੂਪ ਵਿਚ ਇਸ ਰੋਸ ਮੁਜ਼ਾਹਰੇ ਵਿਚ ਹਿੱਸਾ ਲੈਣਾ ਚਾਹੀਦਾ ਹੈ। ਸਮੂੰਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਪੰਥਕ ਜਥੇਬੰਦੀਆਂ ਵੱਲੋਂ ਇਸ ਮੁਜ਼ਾਹਰੇ ਵਿਚ ਹੁੰਮ ਹੁੰਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

# ਬਾਪੂ ਸੂਰਤ ਸਿੰਘ ਖਾਲਸਾ ਦੁਆਰਾ ਜਾਰੀ ਸੰਘਰਸ਼ ਦੀ ਹਮਾਇਤ ਵਿਚ ਹੋਈ ਰੈਲੀ




**ਸੈਕਰਾਮੈਂਟੋ (ਬਲਵਿੰਦਰਪਾਲ ਸਿੰਘ ਖਾਲਸਾ)–** ਆਪਣੀਆਂ ਬਣਦੀਆਂ ਸਜ਼ਾਵਾਂ ਭੁਗਤ ਚੁੱਕੇ ਸਿੱਖਾਂ ਦੀ ਰਿਹਾਈ ਲਈ ਬਾਪੂ ਸੂਰਤ ਸਿੰਘ ਖਾਲਸਾ ਦੁਆਰਾ, ਉਨਾਂ ਦੇ ਪਿੰਡ ਹਸਨਪੁਰ ਰਖੀ ਭੁੱਖ ਹੜਤਾਲ 132ਵੇਂ ਦਿਨ ਵਿਚ ਦਾਖਲ ਹੋ ਗਈ ਹੈ। ਬਾਪੂ ਸੂਰਤ ਸਿੰਘ ਖਾਲਸਾ ਜੀ ਦੇ ਪਰਵਾਰ, ਸਿੱਖ ਇਨਫਰਮੇਸ਼ਨ ਸੈਂਟਰ, ਓਰਗੇਨਾਈਜ਼ੇਸ਼ਨ ਫਾਰ ਮਾਈਨਾਰਟੀਜ਼ ਆਫ ਇੰਡੀਆ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸੰਗਤਾਂ ਦੇ ਸ਼ਹਿਯੋਗ ਨਾਲ ਇਸ ਰੈਲੀ ਦਾ ਪ੍ਰਬਧ ਕੈਲੇਫੋਰਨੀਆ ਦੀ ਰਾਜਧਾਨੀ ਸੈਕਰਮੈਂਟੋ ਦੇ ਸਕਤਰੇਤ ਅੱਗੇ ਕੀਤਾ ਗਿਆ। ਇਸ ਰੈਲੀ ਵਿਚ ਲੈਥਰੋਪ ਦੀ ਵਿਧਾਨ ਸਭਾ ਮੈਂਬਰ ਸੂਜ਼ਨ ਐਗਮੈਨ ਦੇ ਮੁੱਖ ਪ੍ਰਤੀਨਿਧ ਡੇਵਿਡ ਨੇ ਮਨੁੱਖੀ ਅਧਿਕਾਰਾਂ ਬਾਰੇ ਆਪਣੇ ਵੀਚਾਰ ਰੱਖੇ। ਇਸ ਤੋਂ ਬਾਦ ਪੀਟਰ ਫਰੈਡਰਿਕ, ਜੇਡਾ ਬਰਨਾਰਡ, ਸਟੀਵ ਮੇਸੀਆਜ਼ ਫਾਦਰ



ਜੋਸ਼ੂਆ ਲਿਕਟਰ, ਪਨੀਤ ਕੌਰ ਖਾਲਸਾ, ਅਜੈ ਸਿੰਘ, ਸੰਦੀਪ ਸਿੰਘ, ਗੁਰਲੀਨ ਸਿੰਘ ਬੋਪਾਰਾਏ, ਕੁਲਬੀਰ ਕੌਰ ਬੈਨੀਵਾਲ ਭਜਨ ਸਿੰਘ ਭਿੰਡਰ ਅਤੇ ਬਾਪੂ ਸੂਰਤ ਸਿੰਘ ਖਾਲਸਾ ਦੀ ਬੇਟੀ ਬੀਬੀ ਮਨਦੀਪ ਕੌਰ ਨੇ ਆਪਣੇ ਆਪਣੇ ਵੀਚਾਰ ਰੱਖੇ।

ਸਭ ਨੇ ਅਕਾਲੀ ਸਰਕਾਰ ਤੇ ਭਾਰਤ ਸਰਕਾਰ ਦੀ ਮਨੁੱਖੀ ਅਧਿਕਾਰਾਂ ਵਰਗੇ ਵਡੇ ਮਸਲੇ ਵਿਚ ਸਖਤ ਆਲੋਚਨਾ ਕੀਤੀ ਤੇ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਭਾਰਤ ਸਰਕਾਰ ਵੱਲੋਂ ਖਾਸ ਤੌਰ ਤੇ ਸਿੱਖਾਂ ਅਤੇ ਦੂਜੀਆਂ ਘੱਟ ਗਿਣਤੀਆਂ ਪ੍ਰਤੀ ਬਹੁਤ ਵਡੇ ਪੈਮਾਨੇ ਉਤੇ ਵਿਤਕਰੇ ਤੇ ਨਫਰਤ ਭਰੀ ਨੀਤੀ ਲਗਾਤਾਰ ਜਾਰੀ ਹੈ ਤੇ ਘੱਟ ਗਿਣਤੀਆ ਨੂੰ ਦੁੱਖ ਜਰਨੇ ਪੈ ਰਹੇ ਹਨ। ਬੀਬੀ ਮਨਦੀਪ ਕੌਰ ਨੇ ਸਭ ਸੰਗਤਾਂ ਦਾ ਧੰਨਵਾਦ ਕੀਤਾ। ਇਸ ਰੈਲੀ ਵਿਚ ਇਸਾਈ ਭਾਈਚਾਰੇ ਵੱਲੋਂ ਵੀ ਕਾਫੀ ਸਹਿਯੋਗ ਮਿਲਿਆ। ਗੁਰਦੁਆਰਾ ਸਾਹਿਬ ਸਟਾਕਟਨ, ਫਰੀਮਾਂਟ, ਟਰਲਕ, ਮਿਲਪੀਟਸ ਤੇ ਸੈਕਰਾਮੈਂਟੋ ਦੇ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਨੇ ਸ਼ਿਰਕਤ ਕੀਤੀ।

# ਅਮਰੀਕਾ ਵਿਚ ਸਾਲ 2014 ਦੌਰਾਨ ਗ੍ਰਿਫਤਾਰ ਕੀਤੇ 2306 ਭਾਰਤੀਆਂ ਵਿਚੋਂ 2144 ਨੂੰ ਕੀਤਾ ਰਿਹਾ- ਚਾਹਲ

**ਮਿਲਪੀਟਸ (ਕੈਲੀਫੋਰਨੀਆ)–** ਅਮਰੀਕਾ ਦੇ ਕਸਟਮ ਤੇ ਬਾਰਡਰ ਪਰੋਟੈਕਸ਼ਨ (ਆਈ.ਸੀ.ਈ) ਵਲੋਂ ਸਾਲ 2014 ਦੌਰਾਨ ਜਿਹੜੇ ਭਾਰਤੀ ਮੂਲ ਦੇ 2306 ਲੋਕਾਂ ਨੂੰ ਇੰਮੀਗਰੇਸ਼ਨ ਕਨੂੰਨਾਂ ਦੀ ਉਲੰਘਣਾ ਤੇ ਗੈਰ ਕਨੂੰਨੀ ਤਰੀਕੇ ਨਾਲ ਅਮਰੀਕਾ ਦਾ ਬਾਰਡਰ ਲੰਘਦੇ ਸਮੇਂ ਗਰਿਫਤਾਰ ਕੀਤਾ ਸੀ ਉਹਨਾਂ ਵਿਚੋਂ 2144 ਭਾਰਤੀ ਬੰਦੀਆਂ ਨੂੰ ਬਾਂਡ ਤੇ ਰਿਹਾ ਕਰ ਦਿਤਾ ਗਿਆ ਹੈ।

ਇਸ ਗਲ ਦੀ ਜਾਣਕਾਰੀ ਦਿੰਦਿਆਂ ਅਜ ਇਥੇ ਅਮਰੀਕਾ ਦੀਆਂ ਜੇਲਾਂ ਵਿਚ ਨਜਰਬੰਦ ਅਜਿਹੇ ਭਾਰਤੀਆਂ ਦੀ ਰਿਹਾਈ ਲਈ ਕੰਮ ਕਰ ਰਹੀ ਸੰਸਥਾ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਨੇ ਅਜ ਇਥੇ ਦਸਿਆ ਕਿ ਰਿਹਾ ਹੋਣ ਵਾਲੇ ਇਹਨਾਂ ਵਿਅਕਤੀਆਂ ਵਿਚੋਂ 156 ਵਿਅਕਤੀ ਪੇਰੋਲ ਤੇ ਰਿਹਾ ਕੀਤੇ ਗਏ ਹਨ ਜਦਕਿ 281 ਭਾਰਤੀ ਬੰਦੀਆਂ ਨੂੰ ਵਾਪਸ ਭਾਰਤ ਭੇਜ ਦਿਤਾ ਗਿਆ ਸੀ।



ਸ: ਚਾਹਲ ਨੇ ਦਸਿਆ ਕਿ ਅਮਰੀਕਾ ਦੇ ਕਸਟਮ ਤੇ ਬਾਰਡਰ ਪਰੋਟੈਕਸ਼ਨ (ਆਈ. ਸੀ. ਈ) ਵਲੋਂ ਪਰਾਪਤ ਹੋਈ ਲਿਖਤੀ ਜਾਣਕਾਰੀ ਅਨੁਸਾਰ ਸਾਲ 2013 ਦੌਰਾਨ ਕੁਲ 4057 ਭਾਰਤੀ ਗਰਿਫਤਾਰ ਕੀਤੇ ਗਏ ਸਨ ਜਿਹਨਾਂ ਵਿਚੋਂ 1570 ਭਾਰਤੀ ਬੰਦੀ ਪੇਰੋਲ ਤੇ 969 ਨਜਰਬੰਦ ਜਮਾਨਤ ਤੇ ਰਿਹਾ ਕੀਤੇ ਗਏ ਸਨ ਜਦਕਿ 286 ਭਾਰਤੀ ਬੰਦੀ ਵਾਪਸ ਭਾਰਤ ਭੇਜ ਦਿਤੇ ਗਏ ਸਨ। ਸ: ਚਾਹਲ ਨੇ ਦਸਿਆ ਕਿ ਸਾਲ 2014 ਦੇ ਮੁਕਾਬਲੇ ਤੇ ਸਾਲ 2013 ਵਿਚ 1751 ਜਿਆਦਾ ਭਾਰਤੀਆਂ ਨੂੰ ਗਰਿਫਤਾਰ ਕੀਤਾ ਗਿਆ ਸੀ।

ਸ: ਚਾਹਲ ਨੇ ਦਸਿਆ ਕਿ ਭਾਵੇਂ ਵਿਭਾਗ ਵਲੋਂ ਇਸ ਗਲ ਦੀ ਜਾਣਕਾਰੀ ਨਹੀਂ ਮਿਲ ਸਕੀ ਕਿ ਇਹ ਸਾਰੇ ਭਾਰਤੀ ਬੰਦੀ ਭਾਰਤ ਅੰਦਰ ਕਿਸ ਕਿਸ ਰਾਜ ਨਾਲ ਸਬੰਧਤ ਸਨ ਪਰ ਫਿਰ ਵੀ ਇਹਨਾਂ ਨਜਰਬੰਦਾਂ ਵਿਚੋਂ ਜਿਆਦਾ ਪੰਜਾਬ, ਦਿਲੀ, ਕਸ਼ਮੀਰ, ਗੁਜਰਾਤ, ਮਹਾਂਰਾਸ਼ਟਰ ਤੇ ਕੇਰਲਾ ਆਦਿ ਰਾਜਾਂ ਨਾਲ ਸਬੰਧਤ ਹੋਣ ਦੀ ਸੰਭਾਵਨਾ ਹੈ।

# ਅੰਬੇਦਕਰ ਦੇ ਗੀਤ ਦੀ ਰਿੰਗਟੋਨ ਬਣਾਉਣ ਤੇ ਦਲਿਤ ਨੌਜਵਾਨ ਦੀ ਹੱਤਿਆ



**ਸ਼ਿਰਡੀ (ਮਹਾਰਾਸ਼ਟਰ)–** ਸ਼ਿਰਡੀ ਵਿਚ ਇਕ 21 ਸਾਲ ਦੇ ਦਲਿਤ ਨੌਜਵਾਨ ਦੀ ਹੱਤਿਆ ਹੋ ਗਈ। ਉਸਦੀ ਗਲਤੀ ਸਿਰਫ ਇੰਨੀ ਸੀ ਕਿ ਉਸਨੇ ਅੰਬੇਦਕਰ ਦੇ ਗੀਤ ਨੂੰ ਆਪਣੀ ਰਿੰਗਟੋਨ ਬਣਾ ਰੱਖਿਆ ਸੀ। ਪੁਲਿਸ ਨੇ ਅੱਠ ਵਿਚੋਂ ਚਾਰ ਹਮਲਾਵਰਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਦੋ ਨੂੰ ਗੋਆ ਤੋਂ, ਇਕ ਨੂੰ ਪੁਣੇ ਤੋਂ ਅਤੇ ਚੌਥੇ ਨੂੰ ਸ਼ਿਰਡੀ ਤੋਂ ਹੀ ਪਕੜਿਆ ਗਿਆ ਹੈ। ਘਟਨਾ 16 ਮਈ ਨੂੰ ਦੁਪਹਿਰ ਦੋ ਵਜੇ ਦੀ ਹੈ।

ਨਰਸਿੰਗ ਦਾ ਸਟੂਡੈਂਟ ਸਾਗਰ ਸ਼ੇਜਵਾਲ ਸ਼ਿਰਡੀ ਵਿਚ ਇਕ ਵਿਆਹ ਵਿਚ ਭਾਗ ਲੈਣ ਆਇਆ ਸੀ। ਉਹ ਆਪਣੇ ਦੋ ਚਚੇਰੇ ਭਰਾਵਾਂ ਦੇ ਨਾਲ ਬੀਅਰ ਸ਼ਾਪ ਵਿਚ ਬੈਠਿਆ ਸੀ, ਉਦੋਂ ਉਸਨੂੰ ਕਿਸੇ ਦਾ ਫੋਨ ਆਇਆ। ਉਸਦੀ ਰਿੰਗਟੋਨ 'ਕਰਾ ਕੀਤੀ ਹੱਲਾ, ਮਜਬੂਤ ਭੀਮਾਚਾ ਕਿੱਲਾ' (ਕਿੰਨਾ ਵੀ ਸ਼ੋਰ ਮਚਾਓ, ਮਜ਼ਬੂਤ ਹੈ ਭੀਮ ਦਾ ਕਿਲਾ) ਵੱਜ ਗਈ।


ਮ੍ਰਿਤਕ ਸਾਗਰ ਸੇਜਵਾਲ

# ਕੇਰਲ ਹਾਈਕੋਰਟ ਦਾ ਫੈਸਲਾ 'ਮਾਓਵਾਦੀ ਹੋਣਾ ਕੋਈ ਅਪਰਾਧ ਨਹੀਂ'

**ਨਵੀਂ ਦਿੱਲੀ–** ਕੇਰਲ ਹਾਈਕੋਰਟ ਨੇ ਇਕ ਪਟੀਸ਼ਨ 'ਤੇ ਸ਼ੁੱਕਰਵਾਰ ਨੂੰ ਇਕ ਅਹਿਮ ਫੈਸਲਾ ਸੁਣਾਉਂਦੇ ਹੋਏ ਕਿਹਾ ਹੈ ਕਿ ਮਾਓਵਾਦੀ ਹੋਣਾ ਅਪਰਾਧ ਨਹੀਂ ਹੈ। ਇਸ ਲਈ ਕਿਸੇ ਮਾਓਵਾਦੀ ਸੰਗਠਨ ਨਾਲ ਜੁੜੇ ਹੋਏ 'ਤੇ ਕਿਸੇ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਜਸਟਿਸ ਏ.ਐਮ. ਮੁਹੰਮਦ ਮੁਸ਼ਤਾਕ ਨੇ ਕਿਹਾ ਹੈ ਕਿ ਮਾਓਵਾਦ ਵਿਚਾਰਧਾਰਾ ਸਾਡੇ ਸੰਵਿਧਾਨ ਦੀ ਭਾਵਨਾ ਨਾਲ ਮੇਲ ਨਹੀਂ ਖਾਂਦੀ ਹੈ ਪਰ ਵਿਚਾਰ ਦੀ ਸੁਤੰਤਰਤਾ ਦਾ ਅਧਿਕਾਰ ਸਭ ਨੂੰ ਹੈ। ਸੁਤੰਤਰਤਾ ਤਾਂ ਗੈਰਕਾਨੂੰਨੀ ਹੋਵੇਗੀ ਜਦੋਂ ਉਹ ਕਾਨੂੰਨ ਦਾ ਉਲੰਘਣ ਕਰੇਗੀ। ਆਦੇਸ਼ ਮੁਤਾਬਕ ਪੁਲਸ ਸਿਰਫ ਇਸ ਲਈ ਕਿਸੇ ਨੂੰ ਹਿਰਾਸਤ 'ਚ ਨਹੀਂ ਰੱਖ ਸਕਦੀ ਕਿਉਂਕਿ




ਉਹ ਮਾਓਵਾਦੀ ਹੈ। ਹਾਲਾਂਕਿ ਕੋਰਟ ਨੇ ਇਹ ਸਾਫ ਕਿਹਾ ਹੈ ਕਿ ਜੇਕਰ ਕੋਈ ਸ਼ਖਸ ਤਾਂ ਸੰਗਠਨ ਹਿੰਸਾ ਕਰਦਾ ਹੈ ਕਿ ਕਾਨੂੰਨੀ ਏਜੰਸੀਆਂ ਉਸ ਦੇ ਖਿਲਾਫ ਕਾਰਵਾਈ ਕਰ ਸਕਦੀ ਹੈ। ਪਟੀਸ਼ਨਕਰਤਾ ਸ਼ਿਆਮ ਬਾਲਕ੍ਰਿਸ਼ਨ ਨੂੰ ਕੇਰਲ ਪੁਲਸ ਦੇ ਸਪੈਸ਼ਲ ਸਕਵੋਡ ਨੇ ਮਾਓਵਾਦੀ ਹੋਣ ਦੇ ਸ਼ੱਕ 'ਤੇ ਗ੍ਰਿਫਤਾਰ ਕੀਤਾ ਸੀ। ਕੋਰਟ ਨੇ ਆਦੇਸ਼ ਦਿੱਤਾ ਕਿ ਦੋ ਮਹੀਨੇ ਦੇ ਅੰਦਰ ਬਾਲਕ੍ਰਿਸ਼ਨ ਨੂੰ ਇਕ ਲੱਖ ਰੁਪਏ ਬਤੌਰ ਮੁਆਵਜ਼ਾ ਦਿੱਤਾ ਜਾਵੇ। ਇਸ ਦੇ ਇਲਾਵਾ ਮੁਕਦਮੇ ਦੇ ਖਰਚ ਦੇ ਤੌਰ 'ਤੇ 10 ਹਜ਼ਾਰ ਰੁਪਏ ਦੇਣ ਨੂੰ ਵੀ ਕਿਹਾ ਗਿਆ ਹੈ। ਵਰਣਨਯੋਗ ਹੈ ਕਿ ਸੁਪਰੀਮ ਕੋਰਟ ਦੇ ਫੈਸਲਿਆਂ ਨੂੰ ਧਿਆਨ 'ਚ ਰੱਖਦੇ ਹੋਏ ਹਾਈਕੋਰਟ ਨੇ ਇਹ ਫੈਸਲਾ ਸੁਣਾਇਆ ਹੈ।

# ਸਮਾਜ ਦੇ ਪੈਰੋਕਾਰਾਂ ਦੇ ਪੈਰੋਕਾਰ ਆਪਣੇ ਬੱਚਿਆਂ ਨੂੰ ਵਿੱਦਿਆ ਰੂਪੀ ਗਹਿਣਾ ਜ਼ਰੂਰ ਦੇਣ-ਜਸਵੀਰ ਪਾਲ

## ਐਸਸੀ/ਬੀਸੀ ਇੰਪਲਾਇਜ਼ਿ ਫੈਡਰੇਸ਼ਨ ਵੱਲੋਂ ਡਾ.ਅੰਬੇਦਕਰ ਦਿਨ ਜਨਮ ਸ਼ਰਧਾ ਪੂਰਵਕ ਮਨਾਇਆ

**ਫਗਵਾੜਾ ( ਬੀ. ਕੇ. ਰੱਤੂ)–** ਦਲਿਤ ਮੁਲਾਜ਼ਮਾ ਦੀ ਸਿਰਮੌਰ ਜੱਥੇਬੰਦੀ ਗਜ਼ਟਿਡ ਨਾਨ ਗਜ਼ਟਿਡ ਐਸ.ਸੀ/ਬੀ.ਸੀ. ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ (ਪੰਜਾਬ) ਦੀ ਜ਼ਿਲ੍ਹਾ ਇਕਾਈ ਕਪੂਰਥਲਾ ਵੱਲੋਂ ਸਥਾਨਿਕ ਜੀ.ਆਰ.ਡੀ. ਕਾਲਜ ਵਿਖੇ ਭਾਰਤ ਰਤਨ ਡਾ. ਬੀ.ਆਰ ਅੰਬੇਡਕਰ ਜੀ ਦਾ 124ਵਾਂ ਜਨਮ ਦਿਵਸ ਜੱਥੇਬੰਦੀ ਦੇ ਜ਼ਿਲ੍ਹਾ ਚੇਅਰਮੈਨ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ (ਸਟੇਟ ਅਵਾਰਡੀ), ਜ਼ਿਲ੍ਹਾ ਪ੍ਰਧਾਨ ਸਤਵੰਤ ਸਿੰਘ ਟੂਰਾ ਦੀ ਅਗਵਾਈ ਵਿੱਚ ਮਨਾਇਆ ਗਿਆ । ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਜੱਥੇਬੰਦੀ ਦੇ ਸੂਬਾ ਚੇਅਰਮੈਨ ਸ਼੍ਰੀ ਜਸਵੀਰ ਸਿੰਘ ਪਾਲ ਨੇ ਸ਼ਿਰਕਤ ਕੀਤੀ ਜਦਕਿ ਸਮਾਗਮ ਦੀ ਪ੍ਰਧਾਨਗੀ ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਨੇ ਕੀਤੀ ।ਸਮਾਗਮ ਦੌਰਾਨ ਸੂਬਾ ਚੇਅਰਮੈਨ ਸ਼੍ਰੀ ਜਸਵੀਰ ਸਿੰਘ ਪਾਲ ਨੇ ਕਿਹਾ ਕਿ ਆਪਣੇ ਹੱਕਾਂ ਲਈ ਸੰਘਰਸ਼ ਕਰਨ ਦੀ ਲੋੜ ਹੈ । ਉਹਨਾਂ ਕਿਹਾ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਜੱਥੇਬੰਦੀ ਹਰ ਕੁਰਬਾਨੀ ਕਰਨ ਲਈ ਤਿਆਰ ਹੈ । ਉਹਨਾਂ ਆਪਣੇ ਸਮਾਜ ਦੇ ਪੈਰੋਕਾਰਾਂ ਨੂੰ ਵਿਦਿਆ ਰੂਪੀ ਗਹਿਣਾ ਆਪਣੇ ਬੱਚਿਆਂ ਨੂੰ ਦੇਣ ਦੀ ਅਪੀਲ ਕੀਤੀ । ਸਟੇਟ ਪ੍ਰਧਾਨ ਬਲਰਾਜ ਕੁਮਾਰ ਨੇ ਜੱਥੇਬੰਦੀ ਵੱਲੋਂ ਕੀਤੇ ਸੰਘਰਸ਼ ਦਾ ਵਿਸਥਾਰ ਸਹਿਤ ਵਰਨਣ ਕੀਤਾ । ਸਮਾਗਮ ਵਿੱਚ ਆਏ ਮਹਿਮਾਨਾਂ ਨੇ ਡਾ. ਅੰਬੇਡਕਰ ਜੀ ਦੀ ਤਸਵੀਰ ਤੇ ਫੂਲ ਮਾਲਾ






ਅਰਪਿਤ ਕਰਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ । ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਯੂ. ਕੇ ਤੋਂ ਸ਼੍ਰੀ ਰਾਮ ਪਾਲ ਰਾਹੀ ਨੇ ਡਾ. ਅੰਬੇਡਕਰ ਜੀ ਦੀ ਜੀਵਨੀ ਬਾਰੇ ਚਾਨਣਾ ਪਾਇਆ।

ਜ਼ਿਲ੍ਹਾ ਬਾਡੀ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਜਨਮ ਦਿਵਸ ਸਮਾਗਮ ਵਿੱਚ ਮਹਿੰਦਰ ਮਹੇੜੂ ਸੰਪਾਦਕ ਸੱਚ ਦਾ ਸੂਰਜ,ਰਜਿੰਦਰ ਘੇੜਾ ਜ਼ਿਲ੍ਹਾ ਪ੍ਰਧਾਨ ਐਸ. ਸੀ. ਵਿੰਗ ਕਪੂਰਥਲਾ, ਹਰਭਜਨ ਸੁਮਨ ਅੰਬੇਡਕਰ ਸੈਨਾ ਮੂਲ ਨਿਵਾਸੀ , ਡਾ. ਸਤੀਸ਼ ਸੁਮਨ ਪ੍ਰਧਾਨ ਰਵੀਦਾਸ ਫੋਰਸ, ਸੁਰਿੰਦਰ ਢੰਡਾ ਪ੍ਰਧਾਨ ਅੰਬੇਡਕਰ ਸੈਨਾ ਨੇ ਆਪਣੇ ਆਪਣੇ ਵਿਚਾਰ ਬਾਬ ਸਾਹਿਬ ਡਾ. ਅੰਬੇਡਕਰ ਜੀ ਬਾਰੇ ਪੇਸ਼ ਕੀਤੇ ।

ਇਸ ਮੌਕੇ ਤੇ ਮਨਜੀਤ ਗਾਟ ਪ੍ਰਧਾਨ ਫਗਵਾੜਾ, ਪਰਮਜੀਤ ਕੁਮਾਰ, ਬਲਵਿੰਦਰ ਮਸੀਹ ਜ਼ਿਲ੍ਹਾ ਜਨਰਲ ਸਕੱਤਰ, ਲਖਵੀਰ ਸਿੰਘ ਪ੍ਰਧਾਨ ਭੁਲੱਥ, ਸੰਤੋਖ ਸਿੰਘ ਪ੍ਰਧਾਨ ਕਪੂਰਥਲਾ, ਪ੍ਰਿੰਸੀਪਲ ਗੁਰਮੀਤ ਲੁੱਗਾ, ਪ੍ਰਿੰਸੀਪਲ ਸੱਤਪਾਲ ਸੋਢੀ, ਪ੍ਰਿੰਸੀਪਲ ਵਰਿੰਦਰ ਮੋਹਨ,ਜਸਵੀਰ ਭੰਗੂ, ਗਿਆਨ ਚੰਦ ਵਾਹਦ, ਜੋਗਿੰਦਰ ਪਾਲ, ਜਸਵੀਰ ਲਾਲ, ਜੀਤ ਸਿੰਘ ਹੈਡਮਾਸਟਰ, ਵਿਜੈ ਕੁਮਾਰ ਜੱਸੀ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਦਲਿਤ ਮੁਲਾਜ਼ਮ ਅਤੇ ਪਤਵੰਤੇ ਸੱਜਣ ਹਾਜਰ ਸਨ।

# ਡਾ.ਬੀ.ਆਰ. ਅੰਬੇਦਕਰ ਮਿਸ਼ਨ ਸੁਸਾਇਟੀ ਕੋਟਰਾਣੀ ਨੇ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਵਾਲੇ 5 ਵਿਦਿਆਰਥੀਆਂ ਨੂੰ ਕੀਤਾ ਅਡਾਪਟ

## ਚੁਣੇ ਗਏ ਵਿਦਿਆਰਥੀਆਂ ਦੀ ਪੜ੍ਹਾਈ ਦਾ ਸਾਰਾ ਖਰਚਾ ਕਰੇਗੀ-ਘੇੜਾ, ਵਿੱਦਿਆ ਦਾ ਦਾਨ ਬਹੁਤ ਮਹਾਨ ਹੈ- ਰਘਬੋਤਰਾ

**ਫਗਵਾੜਾ (ਬੀ. ਕੇ. ਰੱਤੂ)–** ਡਾ.ਬੀ.ਆਰ.ਅੰ-ਬੇਡਕਰ ਮਿਸ਼ਨ ਐਂਡ ਵੈਲਫੇਅਰ ਸੁਸਾਇਟੀ ਕੋਟਰਾਣੀ (ਐਨ. ਆਰ. ਆਈਜ਼) ਵਲੋਂ ਸਮਾਜ ਸੇਵਾ ਦੀ ਲੜੀ ਨੂੰ ਅੱਗੇ ਤੋਰਦਿਆਂ 5 ਵਿਦਿਆਰਥੀਆਂ ਨੂੰ ਇੰਜੀਨੀਅਰਿੰਗ ਦੀ ਪੜ੍ਹਾਈ ਕਰਵਾਉਣ ਲਈ ਅਡਾਪਟ ਕਰਕੇ ਉਨ੍ਹਾਂ ਦਾ ਸਾਰਾ ਖਰਚ ਕਰਨ ਦਾ ਪ੍ਰਣ ਕੀਤਾ। ਇਸ ਮੌਕੇ ਸੁਸਾ-ਇਟੀ ਦੇ ਸੀਨੀਅਰ ਆਗੂ ਰਾਜਿੰਦਰ ਘੇੜਾ ਨੇ ਰਾਮਗੜ੍ਹੀਆ ਇੰਸਟੀਚਿਊਟ ਆਫ ਇੰਜੀਨੀਅਰ ਐਂਡ ਟੈਕਨਾਲੋਜੀ ਸਤਨਾਮਪੁਰਾ ਫਗਵਾੜਾ ਵਿਖੇ ਪੰਜ ਵਿਦਿਆਰਥੀਆਂ ਦੀ ਐਡਮੀਸ਼ਨ ਕਰਵਾਉਣ ਮੌਕੇ ਗੱਲਬਾਤ ਕਰਦਿਆਂ ਦੱਸਿਆ ਕਿ ਸੁਖਵਿੰਦਰ (ਗੋਹਾਵਰ) ਨੂੰ ਮਕੈਨੀਕਲ ਇੰਜੀਨੀਅਰਿੰਗ, ਸੁਰਿੰਦਰ ਪਾਲ (ਗੋਹਾਵਰ), ਰਾਹੁਲ ਭੁੱਲਾਰਾਈ, ਮਨੀਸ਼ ਕੁਮਾਰ ਵਿਰਦੀ (ਕਰਤਾਰਪੁਰ) ਅਤੇ ਰਾਜਿੰਦਰ ਸਿੰਘ (ਜਲੰਧਰ) ਨੂੰ ਸਿਵਲ ਇੰਜੀਨੀਅਰਿੰਗ ਪੜ੍ਹਾਈ ਕਰਵਾਉਣ ਦਾ ਸਾਰਾ ਖਰਚਾ ਸੁਸਾਇਟੀ ਚੁੱਕੇਗੀ ਤਾਂ ਜੋ ਉਕਤ ਵਿਦਿਆਰਥੀ ਉੱਚ ਵਿੱਦਿਆ ਹਾਸਲ ਕਰਕੇ ਆਪਣੇ ਮਾਤਾ ਪਿਤਾ ਤੇ ਸੁਸਾਇਟੀ ਦਾ ਨਾਂ ਰੋਸ਼ਨ ਕਰਦੇ ਹੋਏ ਸਮਾਜ ਸੇਵਾ ਲਈ ਅੱਗੇ ਆਉਣ।

ਘੇੜਾ ਨੇ ਕਿਹਾ ਕਿ ਜੇਕਰ ਉਕਤ ਵਿਦਿਆਰਥੀ ਉੱਚ ਵਿੱਦਿਆ ਹਾਸਲ ਕਰਕੇ ਆਪਣੀ ਮੰਜ਼ਿਲ ਨੂੰ ਪਾ ਲੈਂਦੇ ਹਨ ਤਾਂ ਇਹ ਵੀ ਆਪਣੇ ਸਮਾਜ ਦੇ ਹੋਰ ਬੱਚਿਆਂ ਨੂੰ ਪੜ੍ਹਾਈ ਲਈ ਉਤਸ਼ਾਹਿਤ ਕਰਨ 'ਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਇਸ ਮੌਕੇ ਵਿਸ਼ੇਸ ਤੌਰ 'ਤੇ ਪਹੁੰਚੇ ਮਲਕੀਅਤ ਸਿੰਘ ਰਘਬੋਤਰਾ ਸਾਬਕਾ ਪ੍ਰਧਾਨ ਨਗਰ ਕੌਂਸਲ ਫਗਵਾੜਾ ਨੇ ਕਿਹਾ ਕਿ ਡਾ.ਬੀ.ਆਰ.ਅੰਬੇਡਕਰ ਮਿਸ਼ਨ ਐਂਡ ਵੈਲਫੇਅਰ ਸੁਸਾਇਟੀ ਦਾ ਉਪਰਾਲੇ ਬਹੁਤ ਹੀ ਨੇਕ ਹੈ। ਉਨ੍ਹਾਂ ਨੇ ਕਿਹਾ ਕਿ ਵਿੱਦਿਆ ਦਾ ਦਾਨ ਬਹੁਤ ਹੀ ਮਹਾਨ ਹੈ।ਸਾਨੂੰ ਸਾਰਿਆ ਨੂੰ ਲੋੜਵੰਦ ਤੇ ਹੋਣਹਾਰ ਬੱਚਿਆਂ ਨੂੰ ਪੜਾਉਣ ਲਈ ਆਪਣੀ ਨੇਕ ਕਮਾਈ ਵਿੱਚੋਂ ਯੋਗਦਾਨ ਜ਼ਰੂਰ ਪਾਉਣਾ ਚਾਹੀਦਾ ਤਾਂ ਜੋ ਕੋਈ ਵੀ ਲੋੜਵੰਦ ਬੱਚਾ ਪੜ੍ਹਾਈ ਤੋਂ ਵਾਝਾਂ ਨਾ ਰਹੇ।

ਰਘਬੋਤਰਾ ਨੇ ਸੁਸਾਇਟੀ ਦੇ ਉਪਰਾਲੇ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਸੁਸਾਇਟੀ ਦੇ ਐਨ. ਆਰ. ਆਈਜ਼ ਮੈਂਬਰਾਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਰੇਸ਼ਮ ਸਿੰਘ ਰੋਸ਼ੀ, ਦੀਪਾ ਕੋਟਰਾਣੀ, ਸਵਰਨ ਸਿੰਘ ਕਲਸੀ, ਜਸਵੰਤ ਰਾਏ,ਪਵਨ ਨੰਗਲ ਆਦਿ।

# ਬੂਟਾ ਸਿੰਘ ਬਾਸੀ ਨੂੰ ਤਾਰਾ ਸਿੰਘ ਹੇਅਰ ਅਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ

**ਮੋਡੈਸਟੋ (ਕੈਲੇਫੋਰਨੀਆ)–** ਮਿਲੀ ਜਾਣਕਾਰੀ ਅਨੁਸਾਰ ਇੱਥੋਂ ਛਪਣ ਵਾਲੇ ਹਫਤਾਵਾਰੀ ਅਖਬਾਰ ਸਾਂਝੀ ਸੋਚ ਦੇ ਮੁੱਖ ਸੰਪਾਦਕ ਸ: ਬੂਟਾ ਸਿੰਘ ਬਾਸੀ ਉਪਰ ਉਹਨਾਂ ਦੇ ਹੀ ਘਰ ਵਿਚ ਦਾਖਲ ਹੋ ਕੇ ਕੁਝ ਅਣਪਛਾਤੇ ਵਿਅਕਤੀਆਂ ਨੇ ਹਮਲਾ ਕਰਕੇ ਸਖਤ ਜ਼ਖਮੀ ਕਰ ਦਿੱਤਾ ਹੈ, ਜਿਸ ਵਿਚ ਉਹ ਗੰਭੀਰ ਜ਼ਖਮੀ ਹਨ, ਉਹਨਾਂ ਦੀਆਂ ਲੱਤਾਂ-ਬਾਹਾਂ ਤੇ ਸੱਟਾਂ ਲੱਗੀਆਂ ਹਨ। ਬੂਟਾ ਸਿੰਘ ਬਾਸੀ ਤੇ ਹੋਏ ਹਮਲੇ ਦੀ ਉਹਨਾਂ ਦੁਆਰਾ ਪੁਲਿਸ ਨੂੰ ਦਿੱਤੀ ਜਾਣਕਾਰੀ ਦੇ ਆਧਾਰ ਤੇ ਪੁਲਿਸ ਜਾਂਚ ਕਰ ਰਹੀ ਹੈ।


ਬੂਟਾ ਸਿੰਘ ਬਾਸੀ

ਇੱਧਰ ਫ੍ਰੀਡਮ ਪੋਸਟ ਸਿੱਖ ਨੇਸ਼ਨ ਦੀ ਇਕ ਈ-ਮੇਲ ਰਾਹੀਂ ਪ੍ਰੈਸ ਨੋਟ ਵਿਚ ਕਿਹਾ ਗਿਆ ਕਿ ਸਾਂਝੀ ਸੋਚ ਅਖਬਾਰ ਦੇ ਮੁੱਖ ਸੰਪਾਦਕ ਬੂਟਾ ਸਿੰਘ ਬਾਸੀ ਤੇ ਹੋਏ ਜਾਨ ਲੇਵਾ (ਕਾਤਲਾਨਾ) ਹਮਲੇ ਨੂੰ, ਕੈਨੇਡਾ ਦੇ ਇੰਡੋ ਕਨੇਡੀਅਨ ਅਖਬਾਰ ਦੇ ਤਾਰਾ ਸਿੰਘ ਹੇਅਰ ਉੱਪਰ ਹੋਏ ਹਮਲੇ ਤੋਂ ਘਟਾ ਕੇ ਨਹੀਂ ਦੇਖਿਆ ਤੇ ਸੋਚਿਆ ਜਾ ਸਕਦਾ। ਬੂਟਾ ਸਿੰਘ ਬਾਸੀ ਤੇ ਹਮਲਾ, ਪੰਜਾਬੀ ਮੀਡੀਏ ਤੇ ਹਮਲਾ ਹੈ, ਮੀਡੀਏ ਦੀ ਆਜ਼ਾਦੀ ਅਤੇ ਕਲਮ ਤੇ ਹਮਲਾ ਹੈ। ਸਾਂਝੀ ਸੋਚ ਅਖਬਾਰ 'ਚ ਅਗਰ ਕੁੱਝ ਸਹੀ ਤਥਾਂ ਦੇ ਅਧਾਰ ਤੇ ਨਹੀਂ ਛਪਿਆ ਤਾਂ ਉਸ ਵਾਰੇ ਕੋਰਟ ਵਿੱਚ ਚੈਲੰਜ ਕੀਤਾ ਜਾ ਸਕਦਾ ਸੀ ਨਾ ਕਿ ਅਜਿਹਾ ਹਮਲਾ ਕਰਨਾ ਚਾਹੀਦਾ ਸੀ। ਉਪਰੋਕਤ ਜਾਣਕਾਰੀ ਜਾਰੀ ਕਰਦਿਆਂ ਦਲ ਖਾਲਸਾ ਅਲਾਇੰਸ, ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ, ਬੇ ਏਰੀਆ ਸਿੱਖ ਅਲਾਇੰਸ, ਇੰਟਰਨੈਸ਼ਨਲ ਜਰਨਲ ਆਫ ਸਿੱਖ ਅਫੇਅਰਜ਼, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਕੈਲੇਫੋਰਨੀਆ) ਸੀਨੀਅਰ ਆਗੂ ਅਤੇ ਵਰਕਰ, ਇੰਟਰਨੈਸ਼ਨਲ ਸਿੱਖ ਸਾਹਿਤ ਸਭਾ, ਦਾ ਸਿੱਖ ਐਜੂਕੇਸ਼ਨਲ ਟਰਸਟ ਕੈਨੇਡਾ, ਇੰਟਰਨੈਸ਼ਨਲ ਗਦਰ ਮੈਮੋਰੀਅਲ ਗਰੁੱਪ, ਵਰਲਡ ਸਿੱਖ ਕੌਂਸਲ (ਏ ਆਰ), ਦਲ ਖਾਲਸਾ ਆਫ ਅਮਰੀਕਾ, ਫਰੀਡਮ ਪੋਸਟ ਸਿੱਖ ਨੇਸ਼ਨ, ਖਾਲਸਤਾਨ ਨਿਊਜ਼ ਨੇ ਫਰੀਡਮ ਪੋਸਟ ਸਿੱਖ ਨੇਸਨ ਦੀ ਈ-ਮੇਲ ਰਾਹੀਂ/ਭੇਜੀ ਜਾਣਕਾਰੀ ਵਿਚ ਕਿਹਾ ਕਿ ਬਾਸੀ ਉੱਪਰ ਹੋਏ ਜਾਨ ਲੇਵਾ (ਕਾਤਲਾਨਾ) ਹਮਲੇ ਦੀ ਸਖਤ ਸ਼ਬਦਾਂ ਚ ਨਿਖੇਦੀ ਕਰਦੇ ਹਾਂ ਅਤੇ ਬੂਟਾ ਸਿੰਘ ਬਾਸੀ ਨੂੰ 'ਤਾਰਾ ਸਿੰਘ ਹੇਅਰ ਮੈਮੋਰੀਅਲ ਅਵਾਰਡ' ਨਾਲ ਸਨਮਾਨਿਤ ਕਰਨ ਦਾ ਐਲਾਨ ਕਰਦੇ ਹਾਂ। ਬੂਟਾ ਸਿੰਘ ਬਾਸੀ ਸਰੀਰਕ ਸਟਾਂ ਦੀ ਪੀੜਾ ਜ਼ਲਦੀ ਭੁੱਲ ਜਾਵੇਗਾ ਪਰ ਮਾਨਸਿਕ ਪੀੜਾ ਭੁੱਲਣੀ ਸ਼ਾਇਦ ਨਾ ਮੁਮਕਿਨ ਹੋਵੇ ਅਤੇ ਹਮਲਾਵਰ ਕਾਨੂੰਨੀ ਕਾਰਵਾਈ ਤੋਂ ਵਚ ਨਹੀਂ ਸਕਦੇ ਅਤੇ ਸਾਰੀ ਜਿੰਦਗੀ ਪਛਤਾਵੇ ਦੀ ਪੀੜਾ ਚੋਂ ਬਾਹਰ ਨਹੀਂ ਨਿਕਲ ਸਕਣਗੇ।

# ਪੁਸਤਕ "ਪ੍ਰਭਾਤ ਫੇਰੀਆਂ ਅਤੇ ਸ਼ਬਦ ਸੰਗ੍ਰਹਿ" ਰਿਲੀਜ਼ ਕੀਤੀ ਗਈ



**ਨਵਾਂ ਸ਼ਹਿਰ–** ਸ੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਰਜਿ ਨਵਾਂ ਸ਼ਹਿਰ ਦੇ ਇਕ ਸੰਖੇਪ ਸਮਾਗਮ ਵਿਚ ਨਾਮਵਰ ਲੇਖਕ ਸ੍ਰੀ ਜੋਗਿੰਦਰ ਬੇਗਮ ਮੰਡ ਦੀ ਪੁਸਤਕ ''ਪ੍ਰਭਾਤ ਫੇਰੀਆਂ ਅਤੇ ਸ਼ਬਦ ਸੰਗ੍ਰਹਿ'' ਪ੍ਰਧਾਨ ਸ੍ਰੀ ਸਤਪਾਲ ਸਾਹਲੋਂ ਨੇ ਰਿਲੀਜ਼ ਕੀਤੀ। ਇਸ ਮੌਕੇ ਤੇ ਬੋਲਦਿਆਂ ਉਹਨਾਂ ਕਿਹਾ ਕਿ ਇਸ ਪੁਸਤਕ ਵਿਚ ਆਮ ਪ੍ਰਭਾਤ ਫੇਰੀਆਂ ਵਿਚ ਗਾਉਣ ਵਾਲੇ ਗੀਤਾਂ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸ਼ਬਦਾਂ ਨੂੰ ਸੰਕਲਿਤ ਕਰਕੇ ਲੇਖਕ ਮੰਡ ਨੇ ਬਹੁਤ ਹੀ ਸ਼ਲਾਘਾਯੋਗ ਕਾਰਜ ਕੀਤਾ ਹੈ। ਉਹਨਾਂ ਕਿਹਾ ਕਿ ਇਸੇ ਕਲਮ ਤੋਂ ਪੁਸਤਕ "ਚੌਂਹ ਯੁੱਗਾਂ ਦੇ ਅਵਤਾਰ- ਸਤਿਗੁਰੂ ਰਵਿਦਾਸ ਜੀ" ਦੇਸ਼-ਵਿਦੇਸ਼ ਵਿਚ ਚਰਚਾ ਵਿਚ ਰਹੀ ਹੈ। ਇਸ ਮੌਕੇ ਤੇ ਲੇਖਕ ਨੇ ਟਰੱਸਟ ਦਾ ਧੰਨਵਾਦ ਕਰਦੇ ਹੋਏ ਉਹਨਾਂ ਦੀਆਂ ਆਉਣ ਵਾਲੀਆਂ ਪੁਸਤਕਾਂ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੌਕੇ ਤੇ ਸ੍ਰੀ ਸਤਪਾਲ ਸਾਹਲੋਂ ਤੋਂ ਇਲਾਵਾ ਸ੍ਰੀ ਪਰਮਜੀਤ ਮਹਾਲੋਂ, ਜੋਗਿੰਦਰ ਸਿੰਘ ਮੈਂਗੜਾ, ਸਤਵਿੰਦਰ ਜੱਬੋਵਾਲ, ਹਰਮੇਸ਼ ਥਾਂਦੀਆਂ, ਸਤਨਾਮ ਸਿੰਘ ਜੀਂਦੋਵਾਲ, ਕੁਲਵਿੰਦਰ ਕਾਹਮਾ, ਨਿਰਮਲ ਭੰਗਲਾਂ, ਗੁਰਨਾਮ ਆਦਿ ਵੀ ਹਾਜ਼ਰ ਸਨ।

# ਅਮਰੀਕੀ ਮੀਡੀਆ ਵੱਲੋਂ 'ਮੇਕ ਇੰਨ ਇੰਡੀਆ' ਫਿਲਹਾਲ ਪ੍ਰਚਾਰ ਕਰਾਰ

**ਨਿਊਯਾਰਕ–** ਅਮਰੀਕੀ ਮੀਡੀਆ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਇਕ ਸਾਲ ਬਾਰੇ ਰਤਾ ਕੁ ਖਿੱਚ ਕੇ ਟਿੱਪਣੀਆਂ ਕੀਤੀਆਂ ਹਨ। ਬਹੁਤੀਆਂ ਅਖਬਾਰਾਂ ਨੇ 'ਮੇਕ ਇੰਨ ਇੰਡੀਆ' ਨੂੰ ਫਿਲਹਾਲ ਪ੍ਰਚਾਰ ਹੀ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਇਸ ਦੀ ਸਫਲਤਾ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। 'ਵਾਲ ਸਟ੍ਰੀਟ ਜਰਨਲ' ਨੇ ਲਿਖਿਆ ਹੈ ਕਿ ਸਰਕਾਰ ਦਾ ਇਕ ਸਾਲ ਮੁੱਕ ਗਿਆ ਹੈ ਅਤੇ ਨਾਲ ਹੀ ਪਹਿਲਾ ਪੜਾਅ ਵੀ ਖਤਮ ਹੋ ਗਿਆ ਹੈ। ਭਾਰਤੀ ਵੋਟਰਾਂ ਵੱਲੋਂ ਤਬਦੀਲੀ ਅਤੇ ਆਰਥਿਕ ਸੁਰਜੀਤੀ ਲਈ ਦਿੱਤੀਆਂ ਵੋਟਾਂ ਤੋਂ ਇਕ ਸਾਲ ਬਾਅਦ ਹੁਣ ਸਰਕਾਰ ਦਾ ਹਕੀਕਤਾਂ ਨਾਲ ਮੱਥਾ ਲੱਗਣਾ ਸ਼ੁਰੂ ਹੋਇਆ ਹੈ। 'ਮੇਕ ਇੰਨ ਇੰਡੀਆਂ' ਦਾ ਜਿੰਨਾ ਪ੍ਰਚਾਰ ਹੈ, ਉਤਨਾ ਕੰਮ ਅਜੇ ਦਿਸ ਨਹੀਂ ਰਿਹਾ ਹੈ। ਆਰਥਿਕਤਾ ਦਾ ਹਾਲ ਵੀ ਪਹਿਲਾਂ ਨਾਲੋਂ ਕੋਈ ਵੱਖਰਾ ਨਹੀਂ ਹੈ। 'ਨਿਊਯਾਰਕ ਟਾਈਮਜ਼' ਨੇ ਆਪਣੀ ਪੁਣ-ਛਾਣ ਵਿਚ ਕਿਹਾ ਹੈ ਕਿ ਸ੍ਰੀ ਮੋਦੀ ਨੂੰ ਹੁਣ ਹਕੀਕਤਾਂ ਦਾ ਸਾਹਮਣਾ ਕਰਨਾ ਹੀ ਪਵੇਗਾ।

# ਬਾਬਾ ਗੁਰਮੁਖ ਸਿੰਘ ਉਤਮ ਸਿੰਘ ਸਕੂਲ ਦੀਆਂ 3 ਵਿਦਿਆਰਥਣਾਂ ਮੈਰਿਟ ਵਿਚ

**ਖਡੂਰ ਸਾਹਿਬ-** ਉਘੇ ਵਾਤਾਵਰਨ ਪ੍ਰੇਮੀ ਬਾਬਾ ਸੇਵਾ ਸਿੰਘ ਕਾਰ ਸੇਵਾ ਵਾਲਿਆਂ ਦੀ ਸਰਪ੍ਰਸਤੀ ਹੇਠ ਇਤਿਹਾਸਕ ਨਗਰ ਖਡੂਰ ਸਾਹਿਬ ਵਿਖੇ ਚੱਲ ਰਹੇ ਬਾਬਾ ਗੁਰਮੁਖ ਸਿੰਘ ਬਾਬਾ ਉਘਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ ਦੇਆਂ 3 ਵਿਦਿਆਰਥਣਾਂ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਮੈਟ੍ਰਿਕ ਦੇ ਇਮਤਿਹਾਨ ਦੀ ਐਲਾਨੀ ਗਈ ਮੈਰਿਟ ਸੂਚੀ ਵਿਚ ਆਈਆਂ ਹਨ ਅਤੇ ਇਹਨਾਂ ਨੇ ਪਹਿਲੇ 15 ਰੈਂਕਾਂ 'ਚ ਥਾਂ ਬਣਾ ਕੇ ਇਲਾਕੇ ਦਾ ਨਾਂ ਰੌਸ਼ਨ ਕੀਤਾ ਹੈ। ਰਵਨੀਤ ਕੌਰ ਨੇ 97.85 ਫ਼ੀਸਦੀ ਅੰਕ ਹਾਸਲ ਕਰਦਿਆਂ ਸੂਬੇ 'ਚੋਂ 11ਵਾਂ ਰੈਂਕ ਹਾਸਲ ਕੀਤਾ ਹੈ, ਜਦੋਂ ਕਿ ਪ੍ਰਨੀਤ ਕੌਰ (97.69 ਫ਼ੀਸਦੀ) ਅਤੇ ਪਰਮਿੰਦਰ ਕੌਰ (97.23 ਫ਼ੀਸਦੀ) ਨੇ ਕ੍ਰਮਵਾਰ 12ਵਾਂ ਅਤੇ 15ਵਾਂ ਰੈਂਕ ਹਾਸਲ ਕੀਤਾ ਹੈ। ਤਰਨ ਤਾਰਨ ਜ਼ਿਲੇ ਦੇ ਹਿੱਸੇ ਕੁੱਲ 4 ਮੈਰਿਟ ਪੁਜ਼ੀਸ਼ਨਾਂ ਆਈਆਂ ਹਨ, ਜਿਹਨਾਂ ਵਿਚੋਂ ਪਹਿਲੀਆਂ 3 ਇਸ ਵੱਕਾਰੀ ਸਕੂਲ ਦੀ ਝੋਲੀ ਪਈਆਂ ਹਨ।



ਬਾਬਾ ਸੇਵਾ ਸਿੰਘ ਨੇ ਇਸ ਸ਼ਾਨਦਾਰ ਪ੍ਰਾਪਤੀ ਲਈ ਵਿਦਿਆਰਥਣਾਂ ਨੂੰ ਮੁਬਾਰਕਬਾਦ ਅਤੇ ਆਸ਼ੀਰਵਾਦ ਦਿੱਤਾ।

ਉਹਨਾਂ ਨੇ ਇਸ ਦਾ ਸਿਹਰਾ ਮਿਹਨਤੀ ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਨੂੰ ਦਿੱਤਾ।

ਇਸ ਤੋਂ ਇਲਾਵਾ ਉਹਨਾਂ ਨੇ ਇਹ ਐਲਾਨ ਕੀਤਾ ਕਿ ਮੈਰਿਟ ਵਿਚ ਆਈਆਂ ਵਿਦਿਆਰਥਣਾਂ ਜੇਕਰ ਕਾਰ ਸੇਵਾ ਖਡੂਰ ਸਾਹਿਬ ਅਧੀਨ ਚਲਦੀਆਂ ਵਿਦਿਅਕ ਸੰਸਥਾਵਾਂ ਵਿਚ ਅਗਲੀ ਪੜਾਈ ਕਰਨਾ ਚਾਹੁਣ ਤਾਂ ਉਹਨਾਂ ਨੂੰ ਬਿਲਕੁਲ ਮੁਫ਼ਤ ਪੜਾਇਆ ਜਾਵੇਗਾ। ਸਕੂਲ ਡਾਇਰੈਕਟਰ ਸ. ਗੁਰਦਿਆਲ ਸਿੰਘ ਗਿੱਲ ਅਤੇ ਪ੍ਰਿੰਸੀਪਲ ਮੈਡਮ ਜਸਪਾਲ ਕੌਰ ਨੇ ਕਾਮਯਾਬ ਵਿਦਿਆਰਥਣਾਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਸ਼ਾਬਾਸ਼ ਦਿੱਤੀ। ਸ. ਗਿੱਲ ਨੇ ਕਿਹਾ ਕਿ ਅਜਿਹੀ ਸ਼ਾਨਦਾਰ ਪ੍ਰਾਪਤੀ ਸਕੂਲ ਦੇ ਉਚੇ ਵਿਦਿਅਕ ਮਿਆਰ ਦਾ ਸਿੱਟਾ ਹੈ ਅਤੇ ਬਾਬਾ ਸੇਵਾ ਸਿੰਘ ਦੀ ਸਰਪ੍ਰਸਤੀ ਹੇਠ ਇਹ ਸਕੂਲ ਨਿੱਤ ਨਵੀਆਂ ਉਚਾਈਆਂ ਛੋਹ ਰਿਹਾ ਹੈ।

ਜਿਕਰਯੋਗ ਹੈ ਕਿ ਬੀਤੇ ਦਿਨੀਂ ਪੰਜਾਬ ਬੋਰਡ ਵਲੋਂ ਐਲਾਨੇ ਗਏ 12ਵੀਂ ਜਮਾਤ ਦੇ ਨਤੀਜੇ ਵਿਚ ਸਕੂਲ ਨੇ 12 ਮੈਰਿਟ ਪੁਜ਼ੀਸ਼ਨਾਂ ਹਾਸਲ ਕਰਕੇ ਪੰਜਾਬ ਦੇ ਨਕਸ਼ੇ ਵਿਚ ਉਭਰਵੀਂ ਥਾਂ ਬਣਾਈ ਹੇ। ਇਸ ਨਤੀਜੇ ਵਿਚ ਇਸ ਨੇ ਮੈਰਿਟਾਂ ਦੀ ਗਿਣਤੀ ਪੱਖੋਂ ਲੁਧਿਆਣਾ ਜਿਲੇ ਨੂੰ ਛੱਡ ਕੇ ਪੰਜਾਬ 'ਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ।

ਇਹ ਸਕੂਲ ਕਾਰ ਸੇਵਾ ਖਡੂਰ ਸਾਹਿਬ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ ਅਤੇ ਸੈਂਕੜਿਆਂ ਦੀ ਗਿਣਤੀ ਵਿਚ ਗ਼ਰੀਬ ਪਰਿਵਾਰਾਂ ਦੇ ਬੱਚੇ ਮੁਫ਼ਤ ਵਿਦਿਆ ਲੈ ਰਹੇ ਹਨ ਅਤੇ ਹਰ ਸਾਲ ਹੋਣਹਾਰ ਵਿਦਿਆਰਥੀਆਂ ਨੂੰ ਲੱਖਾਂ ਰੁਪਏ ਦਾ ਵਜ਼ੀਫਾ ਵੀ ਦਿੱਤਾ ਜਾਂਦਾ ਹੈ।

# ਸੁਰਜੀਤ ਸਿੰਘ ਰੱਖੜਾ ਦੇ ਪੀ. ਏ. ਸ਼੍ਰੀ ਸੋਹਨ ਲਾਲ ਸ਼ਰਮਾ ਨੇ ਕੀਤੀ ਸਾਂਸਦ ਕੰਵਲਜੀਤ ਸਿੰਘ ਬਖਸ਼ੀ ਨਾਲ ਮੁਲਾਕਾਤ



**ਆਕਲੈਂਡ 26 ਮਈ (ਹਰਜਿੰਦਰ ਸਿੰਘ ਬਸਿਆਲਾ)-** ਸ. ਸੁਰਜੀਤ ਸਿੰਘ ਰੱਖੜਾ ਕੈਬਨਿਟ ਮੰਤਰੀ ਸੈਨੀਟੇਸ਼ਨ, ਵਾਟਰ ਸਪਲਾਈ ਅਤੇ ਹਾਇਰ ਐਜੂਕੇਸ਼ਨ ਪੰਜਾਬ) ਦੇ ਨਿੱਜੀ ਸਹਾਇਕ (ਪੀ.ਏ.) ਸ੍ਰੀ ਸੋਹਨ ਲਾਲ ਸ਼ਰਮਾ ਜੋ ਕਿ ਨਿਊਜ਼ੀਲੈਂਡ ਦੇ ਦੌਰੇ 'ਤੇ ਹਨ ਨੇ ਸੰਸਦ ਮੈਂਬਰ ਸ. ਕੰਵਲਜੀਤ ਸਿੰਘ ਬਖਸ਼ੀ ਨਾਲ ਮੁਲਾਕਾਤ ਕੀਤੀ। ਇਸ ਮਿਲਣੀ ਦੌਰਾਨ ਦੋਹਾਂ ਨੇ ਆਪਣੇ-ਆਪਣੇ ਦੇਸ਼ ਦੇ ਸਰਕਾਰੀ ਵਿਭਾਗਾਂ ਦੀ ਕੰਮ ਕਰਨ ਦੀ ਪ੍ਰਣਾਲੀ ਬਾਰੇ ਜਾਣਕਾਰੀ ਇਕ ਦੂਜੇ ਨਾਲ ਸਾਂਝੀ ਕੀਤੀ। ਪੰਜਾਬ ਦੇ ਸਿਆਸੀ ਹਲਾਤਾਂ ਅਤੇ ਪ੍ਰਵਾਸੀਆਂ ਦੇ ਮਾਮਲੇ ਉਤੇ ਵੀ ਵਿਚਾਰ ਕੀਤੀ ਗਈ। ਇਸ ਮਿਲਣੀ ਦੌਰਾਨ ਉਨ੍ਹਾਂ ਦੇ ਨਾਲ ਨਿਊਜ਼ੀਲੈਂਡ ਅਕਾਲੀ ਦਲ ਦੇ ਪ੍ਰਧਾਨ ਜਗਜੀਤ ਸਿੰਘ ਬੌਬੀ ਬਰਾੜ, ਯੂਥ ਵਿੰਗ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਰਾੜ ਅਤੇ ਦਾਰਾ ਸਿੰਘ ਹਾਜ਼ਿਰ ਸਨ।

ਆਪਣੇ ਇਸੇ ਦੌਰੇ ਦੌਰਾਨ ਉਨ੍ਹਾਂ ਦਸਤਾਰ ਦੀ ਸ਼ਾਨ ਵਧਾਉਣ ਵਾਲੇ ਨਿਊਜ਼ੀਲੈਂਡ ਦੇ 22 ਸਾਲਾ ਹਰਮਨਪ੍ਰੀਤ ਸਿੰਘ ਦੇ ਨਾਲ ਵੀ ਮਿਲਣੀ ਕੀਤੀ ਅਤੇ ਇਸ ਸ਼ੁੱਭ ਕਾਰਜ ਦੇ ਲਈ ਵਧਾਈ ਦਿੱਤੀ। ਇਸ ਮੌਕੇ ਉਨ੍ਹਾਂ ਦੇ ਨਾਲ ਸ. ਦਲਜੀਤ ਸਿੰਘ ਅਤੇ ਤੀਰਥ ਸਿੰਘ ਅਟਵਾਲ ਵੀ ਹਾਜ਼ਿਰ ਸਨ।

# ਚੱਕ ਹਾਜੀਪੁਰ ਦਾ ਕੁਸ਼ਤੀ ਮੇਲਾ ਬਿੰਦਾ ਬਿਸ਼ਤਪੁਰੀਆ ਨੇ ਜਿੱਤਿਆ

**ਸੜੋਆ (ਸਤਨਾਮ ਸਿੰਘ ਸਹੂੰਗੜਾ)** ਮੇਨ ਰੋਡ ਤੋਂ 1 ਕਿ-ਲੋਮੀਟਰ ਹਟ ਕੇ ਪਿੰਡ ਚੱਕ ਹਾਜੀਪੁਰ ਵਿਖੇ ਐਨ ਆਰ. ਆਈ ਲੱਖਦਾਤਾ ਪੀਰਾਂ ਦੇ ਅਸਥਾਨ ਦੀ ਪ੍ਰਬੰਧਕ ਕਮੇਟੀ ਤੇ ਸਮੂਹ ਪਿੰਡ ਵਾਸੀਆਂ ਦੇ ਵਡਮੁੱਲੇ ਸਹਿਯੋਗ ਨਾਲ ਪਿੰਡ ਵਿਚ ਛਿੰਜ ਮੇਲਾ ਕਰਵਾਇਆ ਗਿਆ। ਇਸ ਮੌਕੇ ਤੇ ਵੱਖ ਵੱਖ ਨਾਮੀ ਭਲਵਾਨਾਂ ਦੇ ਡੇਰਿਆਂ ਅਖਾੜਿਆਂ ਵੱਲੋਂ ਭਲਵਾਨਾਂ ਨੇ ਆਪਣੇ ਜੌਹਰ ਦਿਖਾਏ। ਛਿੰਝ ਮੇਲੇ ਦੀ ਸਮਾਪਤੀ ਤੇ ਪਟਕੇ ਦੀ ਹੋਈ ਘੋਲ ਵਿਚ ਬਿੰਦਾ ਬਿਸ਼ਤਪੁਰੀਆ (ਅਖਾੜਾ ਝੱਲੀਆਂ) ਤੇ ਮਲਕੀਤ ਬਲਾਚੌਰ ਦਰਮਿਆਨ ਫਸਵਾਂ ਮੁਕਾਬਲਾ ਵੇਖਣ ਨੂੰ ਮਿਲਿਆ। ਜਿਸ ਵਿਚ ਮਲਕੀਤ ਬਲਾਚੌਰ ਨੂੰ ਧੋਬੀ ਪਟਕਾ ਮਾਰਦਿਆਂ ਬਿੰਦਾ ਬਿਸ਼ਨਪੁਰੀਆ ਨੇ ਪਟਕੇ ਤੇ ਕਬਜਾ ਕੀਤਾ ਤੇ 11 ਹਜ਼ਾਰ ਦੀ ਨਕਦ ਰਾਸ਼ੀ ਵੀ ਆਪਣੇ ਨਾਮ ਕਰਵਾਈ ਤੇ ਮਲਕੀਤ ਬਲਾਚੌਰ ਨੂੰ 10 ਹਜ਼ਾਰ ਰੁਪਏ ਦੇ ਕੇ ਸਨਮਾਨਤ ਕੀਤਾ। ਦੂਜੀ ਕੁਸ਼ਤੀ ਵਿਚ ਸੰਨੀ ਝੱਲੀਆਂ ਤੇ ਅਮਿੱਤ ਬਾਹਤੋਵਾਲ ਦਰਮਿਆਨ ਹੋਈ ਜਿਸ ਵਿਚ ਸੰਨ ਦੁੱਲੀਆਂ ਪਟਕੇ ਦੀ ਘੋਲ ਦਾ ਜੇਤੂ ਰਿਹਾ ਤੇ ਸਨਮਾਨ ਚਿੰਨ੍ਹ ਸਮੇਤ ਨਕਦ ਰਾਸ਼ੀ ਤੇ ਕਬਜ਼ਾ ਕੀਤਾ। ਇਸ ਮੌਕੇ ਤੇ ਮੁੱਖ ਸੇਵਾਦਾਰ ਸੰਦੀਪ ਸਿੰਘ, ਸਰਦਾਰਾ ਸਿੰਘ, ਮਾਸਟਰ ਭਗਤ ਸਿੰਘ, ਮਨਦੀਪ ਸਿੰਘ, ਗੁਰ-ਚਰਨ ਸਿੰਘ, ਜਰਨੈਲ ਸਿੰਘ, ਸੁਖਵੰਤ ਸਿੰਘ, ਬਲਵੀਰ ਸਿੰਘ ਆਦਿ ਵੀ ਹਾਜ਼ਰ ਸਨ।

# ਅਰਦਾਸ ਦਿਵਸ ਲਈ ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ ਚੌਕਸ

**ਅੰਮ੍ਰਿਤਸਰ-** ਸਾਕਾ ਨੀਲਾ ਤਾਰਾ ਦੀ ਬਰਸੀ ਸਬੰਧੀ ਪਿਛਲੇ ਸਾਲ ਅਕਾਲ ਤਖ਼ਤ 'ਤੇ ਕਰਵਾਏ ਸਮਾਗਮ ਦੌਰਾਨ ਵਾਪਰੀ ਹਿੰਸਕ ਘਟਨਾ ਜਿਹੀ ਘਟਨਾ ਮੁੜ ਨਾ ਵਾਪਰੇ, ਇਸ ਲਈ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਵਧੇਰੇ ਚੌਕਸੀ ਵਰਤੀ ਜਾ ਰਹੀ ਹੈ। 27 ਮਈ ਨੂੰ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਇਕੱਤਰਤਾ ਵਿੱਚ ਇਸ ਮੁੱਦੇ 'ਤੇ ਵਿਚਾਰ ਕੀਤੀ ਜਾਵੇਗੀ। ਪਿਛਲੇ ਸਾਲ 6 ਜੂਨ ਨੂੰ ਅਰਦਾਸ ਦਿਵਸ ਮੌਕੇ ਅਕਾਲ ਤਖ਼ਤ 'ਤੇ ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਅਤੇ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਵਿਚਾਲੇ ਹਿੰਸਕ ਝੜਪ ਹੋਈ ਸੀ ਅਤੇ ਕਈ ਵਿਅਕਤੀ ਜ਼ਖ਼ਮੀ ਹੋ ਗਏ ਸਨ। ਇਸ ਮਾਮਲੇ ਸਬੰਧੀ ਪੁਲੀਸ ਨੇ 21 ਨੌਜਵਾਨਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਸੀ। ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਅਜਿਹੇ ਮੌਕਿਆਂ 'ਤੇ ਵੱਡੀ ਕਿਰਪਾਨ ਲੈ ਕੇ ਜਾਣ ਤੋਂ ਰੋਕਣ ਸਬੰਧੀ ਯੋਜਨਾ ਵੀ ਬਣਾਈ ਗਈ ਸੀ। ਇਕੱਤਰਤਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀਆਂ ਦੀਆਂ ਕਾਰਵਾਈਆਂ ਨੂੰ ਨੱਥ ਪਾਉਣ, ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਸਬੰਧੀ ਸਮਾਗਮਾਂ ਅਤੇ ਹੋਰ ਸਿੱਖ ਮਸਲਿਆਂ 'ਤੇ ਵਿਚਾਰ ਕੀਤੀ ਗਈ।


Grant Line Insurance Agency, Inc.

DBA Sky High Insurance Agency

One stop shop for all your Insurance needs

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ

ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

Call for Free Quote

209-263-0860

3244 W. Grant Line Rd., Tracy, CA 95304



ਮਨਦੀਪ ਬਿਆੜਾ
ਏਜੰਟ
209-666-0032



ਜਸਵੀਰ ਕੌਰ
ਬਰੋਕਰ
925-895-8140



ਗਗਨਦੀਪ ਸਿੰਘ
ਏਜੰਟ
925-724-7070



ਹਰਮਨ ਸਿੰਘ
ਏਜੰਟ
510-415-8154

ਦੇਸ਼ ਦੁਆਬਾ

# ਬਾਬਾ ਸਾਹਿਬ ਦੇ ਗੀਤ ਦੀ ਰਿੰਗਟੋਨ ਕਾਰਨ ਦਲਿਤ ਨੌਜਵਾਨ ਦੀ ਹੱਤਿਆ

ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦੇ ਇਕ ਗੀਤ ਦੀ ਰਿੰਗਟੋਨ ਮੋਬਾਇਲ ਤੇ ਲਗਾਉਣੀ ਇਕ ਦਲਿਤ ਨੌਜਵਾਨ ਲਈ ਜਾਨ ਦਾ ਖੌਅ ਬਣ ਗਈ। ਮਹਾਰਾਸ਼ਟਰ ਵਿਚ ਵਾਪਰੀ ਇਸ ਘਟਨਾ ਨੇ ਸਮੁੱਚੀ ਦੁਨੀਆਂ ਵਿਚ ਵੱਸਦੇ ਦਲਿਤ ਭਾਈਚਾਰੇ ਦੇ ਅੰਦਰ ਸਨਸਨੀ ਅਤੇ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ ਹੈ। ਘਟਨਾ ਇੰਝ ਵਾਪਰੀ ਕਿ ਸ਼ਿਰਡੀ ਵਿਚ ਰਹਿਣ ਵਾਲੇ ਇਥ 21 ਸਾਲਾ ਦਲਿਤ ਨੌਜਵਾਨ ਨੇ ਅੰਬੇਦਕਰ ਦੇ ਗੀਤ ਨੂੰ ਆਪਣੀ ਰਿੰਗਟੋਨ ਬਣਾਇਆ ਹੋਇਆ ਸੀ। ਨਰਸਿੰਗ ਦਾ ਵਿਦਿਆਰਥੀ ਸਾਗਰ ਸ਼ੇਜਵਾਲ ਸ਼ਿਰਡੀ ਵਿਚ ਇਕ ਵਿਆਹ ਸਮਾਰੋਹ ਵਿਚ ਸ਼ਾਮਲ ਹੋਣ ਆਇਆ ਸੀ, ਜਦੋਂ ਉਹ ਆਪਣੇ ਭਰਾਵਾਂ ਨਾਲ ਬੀਅਰ ਸ਼ਾਪ ਵਿਚ ਬੈਠਿਆ ਸੀ ਤਾਂ ਉਸ ਦਾ ਫੋਨ ਵੱਜਿਆ ਅਤੇ ਰਿੰਗਟੋਨ ਸ਼ੁਰੂ ਹੋ ਗਈ। ਇਸ ਤੇ ਗੁੱਸੇ ਹੋਏ ਉਚ ਜਾਤੀ ਦੇ 8 ਗੁੰਡਿਆਂ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਉਸ ਦੇ ਗੰਭੀਰ ਸੱਟਾਂ ਮਾਰੀਆਂ ਜਿਸ ਕਰਕੇ ਸਾਗਰ ਸ਼ੇਜਵਾਲ ਸ਼ਿਰਡੀ ਦੇ ਮੌਕੇ ਤੇ ਮੌਤ ਹੋ ਗਈ।

ਇਸ ਘਟਨਾ ਨੇ ਅੱਜ ਦੇ ਸਮਾਜ ਵਿਚ ਦਲਿਤ ਭਾਈਚਾਰੇ ਪ੍ਰਤੀ ਉਚ ਜਾਤੀਆਂ ਦੀ ਨਫਰਤ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਵਰਗੀ ਮਹਾਨ ਸ਼ਖਸੀਅਤ ਦੇ ਪ੍ਰਤੀ ਨਫਰਤ ਅਤੇ ਸੜਨ ਦੀ ਭਾਵਨਾ ਨੂੰ ਹੀ ਉਜਾਗਰ ਨਹੀਂ ਕੀਤਾ, ਬਲਕਿ ਭਾਰਤ ਵਿਚ ਦਲਿਤਾਂ ਤੇ ਹੋ ਰਹੇ ਅੱਤਿਆਚਾਰਾਂ ਵੱਲ ਇਕ ਵਾਰ ਫਿਰ ਸਾਰੀ ਦੁਨੀਆਂ ਦਾ ਧਿਆਨ ਗਿਆ ਹੈ। ਭਾਰਤ ਵਿਚ ਹਰ ਥਾਂ ਤੇ ਜਾਤੀਵਾਦ ਇੰਨੀਆਂ ਗਹਿਰੀਆਂ ਜੜ੍ਹਾਂ ਜਮਾਈ ਬੈਠਾ ਹੈ ਕਿ ਇਸ ਨੂੰ ਜੜ੍ਹੋਂ ਪੁੱਟਣਾ ਅਸੰਭਵ ਨਜ਼ਰ ਆ ਰਿਹਾ ਹੈ। ਆਜ਼ਾਦੀ ਤੋਂ ਬਾਅਦ ਬਾਬਾ ਸਾਹਿਬ ਡਾ. ਭੀਮਰਾਓ ਅੰਬੇਦਕਰ ਨੇ ਸੰਵਿਧਾਨ ਵਿਚ ਜੋ ਵਿਵਸਥਾ ਕੀਤੀ, ਉਸ ਨੂੰ ਅੱਜ ਤੱਕ ਬ੍ਰਾਹਮਣਵਾਦ ਸਹਿਣ ਕਰਨ ਲਈ ਤਿਆਰ ਨਹੀਂ ਹੈ। ਰਾਜਸਥਾਨ, ਗੁਜਰਾਤ, ਹਰਿਆਣਾ, ਪੰਜਾਬ, ਉਤਰ ਪ੍ਰਦੇਸ਼, ਬਿਹਾਰ, ਬੰਗਾਲ ਯਾਨਿ ਕਿ ਹਰ ਸੂਬੇ ਵਿਚ ਦਲਿਤਾਂ ਦੇ ਨਾਲ ਅੱਜ ਵੀ ਦੂਜੇ ਦਰਜੇ ਦਾ ਵਿਤਕਰਾ ਨਿਰੰਤਰ ਜਾਰੀ ਹੈ। ਉਹਨਾਂ ਦੀਆਂ ਜ਼ਮੀਨਾਂ ਜਾਇਦਾਦਾਂ ਖੋਹੀਆਂ ਜਾਂਦੀਆਂ ਹਨ ਅਤੇ ਦਲਿਤ ਔਰਤਾਂ ਦੇ ਨਾਲ ਬਲਾਤਕਾਰ ਅਤੇ ਕਮੀਨੀਆਂ ਹਰਕਤਾਂ ਕੀਤੀਆਂ ਜਾਂਦੀਆਂ ਹਨ। ਇਸ ਸਭ ਦੇ ਲਈ ਜ਼ਿੰਮੇਵਾਰ ਕੋਈ ਹੋਰ ਨਹੀਂ ਬਲਕਿ ਭਾਰਤ ਦਾ ਉਹ ਸਦੀਆਂ ਪੁਰਾਣਾ ਜਾਤੀ ਵਿਵਸਥਾ ਤੇ ਆਧਾਰਿਤ ਸਮਾਜ ਹੈ, ਜੋ ਅੱਜ ਵੀ ਬ੍ਰਾਹਮਣਵਾਦੀ ਵਿਵਸਥਾ ਨੂੰ ਜਿਉਂ ਦੀ ਤਿਉਂ ਚਲਾ ਰਿਹਾ ਹੈ। ਇਹ ਵਰਗ ਦਲਿਤਾਂ ਨੂੰ ਬਰਾਬਰ ਦੇ ਅਧਿਕਾਰ ਦੇਣ ਦੇ ਸਖਤ ਖਿਲਾਫ ਹੈ। ਸਦੀਆਂ ਪਹਿਲਾਂ ਦਲਿਤਾਂ ਨੂੰ ਅਛੂਤ ਕਿਹਾ ਜਾਂਦਾ ਸੀ, ਉਹਨਾਂ ਨੂੰ ਸਿੱਖਿਆ ਲੈਣਾ ਵੀ ਵਰਜਿਤ ਸੀ ਅਤੇ ਉਚ ਜਾਤੀਆਂ ਦੇ ਰਸਤਿਆਂ ਤੋਂ ਲੰਘਣਾ, ਉਹਨਾਂ ਵੱਲ ਦੇਖਣਾ ਤੱਕ ਵੀ ਵਰਜਿਤ ਸੀ। ਅੱਜ ਵੀ ਉਹੀ ਮਾੜੀ ਮਾਨਸਿਕਤਾ ਭਾਰਤੀ ਸਮਾਜ ਵਿਚ ਜਿਉਂ ਦੀ ਤਿਉਂ ਚਲੀ ਆ ਰਹੀ ਹੈ, ਜਦਕਿ ਹੁਣ ਮਨੁੱਖ ਨੇ ਬਹੁਤ ਤਰੱਕੀ ਕਰ ਲਈ ਹੈ, ਵਿਗਿਆਨ ਨੇ ਮਨੁੱਖ ਨੂੰ ਖੁਸ਼ਹਾਲ ਬਣਾਇਆ ਹੈ ਅਤੇ ਜਾਤੀਵਾਦ ਵਰਗੀਆਂ ਬੁਰਾਈਆਂ ਨੂੰ ਅੱਜ ਦਾ ਪੜ੍ਹਿਆ-ਲਿਖਿਆ ਸਮਾਜ ਨਕਾਰ ਰਿਹਾ ਹੈ, ਪਰ ਭਾਰਤ ਵਿਚ ਹਾਲੇ ਕੋਈ ਤਬਦੀਲੀ ਆਈ ਨਜ਼ਰ ਨਹੀਂ ਆਉਂਦੀ। ਥਾਂ-ਥਾਂ ਤੇ ਦਲਿਤਾਂ ਨਾਲ ਟਕਰਾਅ ਹੁੰਦੇ ਹਨ, ਜ਼ਮੀਨਾਂ-ਜਾਇਦਾਦਾਂ ਦੱਬਣ ਦੀ ਕੋਸ਼ਿਸ਼ ਹੁੰਦੀ ਹੈ, ਧੱਕੇਸ਼ਾਹੀਆਂ ਹੁੰਦੀਆਂ ਹਨ ਅਤੇ ਪ੍ਰਸ਼ਾਸਨਿਕ ਪੱਧਰ ਤੇ ਵੀ ਦਲਿਤਾਂ ਨਾਲ ਵਿਤਕਰਾ ਜਾਰੀ ਹੈ। ਭਾਰਤੀ ਸਮਾਜ ਦੀ ਦਲਿਤ ਭਾਈਚਾਰੇ ਪ੍ਰਤੀ ਨਫਰਤ ਦੀ ਜਿਊਂਦੀ ਜਾਗਦੀ ਮਿਸਾਲ ਮਹਾਰਾਸ਼ਟਰ ਦੇ ਦਲਿਤ ਨੌਜਵਾਨ ਨਾਲ ਵਾਪਰੀ ਘਟਨਾ ਹੈ, ਜਿਹੜੀ ਦਲਿਤਾਂ ਦੇ ਉਹਨਾਂ ਰਹਿਬਰਾਂ ਤੱਕ ਨੂੰ ਨਫਰਤ ਦਾ ਸਪਸ਼ਟ ਨਮੂਨਾ ਹੈ, ਜਿਹਨਾਂ ਨੇ ਆਪਣੇ ਸਮਾਜ ਦੀ ਮੰਦੀ ਹਾਲਤ ਨੂੰ ਬਦਲਣ ਲਈ ਉਮਰ ਲੇਖੇ ਲਗਾਈ ਅਤੇ ਜਿਹਨਾਂ ਨੇ ਭਾਰਤ ਨੂੰ ਅੱਜ ਦਾ ਲੋਕਰਾਜੀ ਅਤੇ ਨਾਗਰਿਕ ਅਧਿਕਾਰਾਂ ਵਾਲਾ ਸਿਸਟਮ ਦਿੱਤਾ।

# ਵਿਸਕਾਸਿਨ ਗੋਲੀ ਕਾਂਡ ਦੇ ਕੌਮੀ ਹੀਰੇ ਲੈਫ. ਬਰਾਇਨ ਮਰਫੀ ਦਾ ਸਨਮਾਨ

ਸੰਦੀਪ ਸਿੰਘ ਚਾਹਲ ਸੰਪਾਦਕ ਪੰਜਾਬ ਨਿਊਜ਼ ਯੂ.ਐਸ.ਏ (408-931-5200)

## ਮਰਫ਼ੀ ਹੀ ਨਹੀਂ ਸਿੱਖ ਸ਼ਹੀਦਾਂ ਦੀ ਵੀ ਹੋ ਰਹੀ ਹੈ ਬੇਕਦਰੀ



ਲੈਫਟੀਨੈਂਟ ਬਰਾਇਨ ਮਰਫੀ ਨਾਲ ਖੜੇ ਹਨ ਕੇ 3 ਇੰਟਰਨੈਸ਼ਨਲ ਸੰਸਥਾ ਦੇ ਆਗੂ ਸ: ਇੰਦਰਜੀਤ ਸਿੰਘ ਕਾਲੀਰਾਏ, ਗੁਰੀ ਕੰਗ ਤੇ ਰਵਿੰਦਰ ਸਿੰਘ ਕਾਹਲੋਂ

*ਚੌਧਰ ਦੀ ਭੁੱਖ ਕੌਮ ਦਾ ਕਿੰਨਾ ਨੁਕਸਾਨ ਕਰ ਰਹੀ ਹੈ ਇਸ ਗੱਲ ਨੂੰ ਸਾਡੇ ਆਗੂ ਚੰਗੀ ਤਰ੍ਹਾਂ ਸਮਝਦੇ ਹਨ ਪਰ ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਹੈ ਕਿਉਂਕਿ ਪੰਥ ਤੇ ਕੌਮ ਨਾਲ ਜੁੜੀਆਂ ਭਾਵਨਾਵਾਂ ਨੂੰ ਉਹ ਆਪਣੇ ਨਿੱਜੀ ਹਿਤਾਂ ਲਈ ਵਰਤਦੇ ਹਨ ਕੌਮ/ਪੰਥ ਨਾਲ ਉਨ੍ਹਾਂ ਨੂੰ ਕੋਈ ਮਤਲਬ ਨਹੀਂ ਹੈ। ਉਹ ਕੌਮੀ ਭਾਵਨਾਵਾਂ ਦਾ ਵਪਾਰ ਕਰਦੇ ਹਨ। ਸਿਆਸਤ ਤੇ ਧਰਮ ਦੋਵੇਂ ਵਪਾਰ ਬਣਾ ਲਏ ਗਏ ਹਨ ਆਪਣੇ ਨਿੱਜੀ-ਸਿਆਸੀ ਹਿੱਤਾਂ ਲਈ ਕੌਮ ਦੇ ਭੱਵਿਖ ਨੂੰ ਦਾਅ 'ਤੇ ਲਾਉਣ ਤੋਂ ਅੱਜ ਦੇ ਆਗੂ ਕਦੇ ਨਹੀਂ ਕਤਰਾਉਂਦੇ।*

*ਪਰ ਨਿਰਾਸ਼ਾ ਦੀ ਗੱਲ ਤਾਂ ਇਹ ਹੈ ਕਿ ਸਿੱਖ ਸ਼ਹੀਦ ਜੋ ਕੌਮ ਲਈ ਆਪਣਾ ਸਭ ਕੁਝ ਨਿਛਾਵਰ ਕਰ ਗਏ, ਦੇ ਸ਼ਹੀਦੀ ਸਮਾਗਮਾਂ ਵਿੱਚ ਸ਼ਹੀਦ ਦੇ ਪਰਿਵਾਰਕ ਮੈਂਬਰਾਂ ਤੇ ਗਿਣਤੀ ਦੇ ਆਗੂਆਂ ਤੋਂ ਬਿਨਾਂ ਵੀ ਕੋਈ ਨਹੀਂ ਪਹੁੰਚਦਾ।ਸ਼ਹੀਦ ਭਾਈ ਬੇਅੰਤ ਸਿੰਘ ਦਾ ਸ਼ਹੀਦੀ ਦਿਹਾੜਾ ਉਨ੍ਹਾਂ ਦੇ ਪਿੰਡ ਮਲੋਏ ਵਿਖੇ ਮਨਾਇਆ ਜਾਂਦਾ ਰਿਹਾ ਹੈ। ਉੱਥੇ ਵੀ ਕੁਝ ਇਸੇ ਤਰ੍ਹਾਂ ਦਾ ਨਜ਼ਾਰਾ ਦੇਖਣ ਨੂੰ ਮਿਲਦਾ ਸੀ। ਹਾਲਾਂਕਿ ਪਿਛਲੇ ਸਾਲ ਤੋਂ ਇਹ ਸ਼ਹੀਦੀ ਦਿਹਾੜਾ ਭਾਵੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮਨਾਉਣਾ ਸ਼ੁਰੂ ਹੋ ਚੁੱਕਾ ਹੈ ਪਰ ਉਹ ਵੀ ਸਿਰਫ਼ ਰਸਮ ਪੂਰਤੀ ਤੱਕ ਸਿਮਟ ਕੇ ਰਹਿ ਜਾਂਦਾ ਹੈ। ਸ਼ਰੋਮਣੀ ਕਮੇਟੀ ਵਲੋਂ ਕਦੇ ਵੀ ਇਹ ਦਿਹਾੜਾ ਵੱਡੇ ਪੱਧਰ 'ਤੇ ਮਨਾਉਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ ਕਿ ਕਿਤੇ ਉਨ੍ਹਾਂ ਦੇ 'ਦੋਸਤ' ਨਾਰਾਜ਼ ਨਾ ਹੋ ਜਾਣ। ਇਸੇ ਤਰ੍ਹਾਂ ਸਾਕਾ ਨੀਲਾ ਤਾਰਾ ਦੀ ਬਰਸੀ ਵੀ ਰਸਮ ਪੂਰਤੀ ਬਣ ਕੇ ਰਹਿ ਗਈ ਹੈ। ਵਿਰੋਧੀ ਵਿਚਾਰਾਂ ਵਾਲੇ ਸਿੱਖਾਂ ਲਈ ਸ਼ਰੋਮਣੀ ਕਮੇਟੀ ਦੇ ਲੱਠਮਾਰ ਇਨ੍ਹਾਂ ਦਿਨਾਂ ਵਿੱਚ ਖਾਸ ਤਿਆਰੀ ਰੱਖਦੇ ਹਨ। ਕੌਮ ਦੀ ਆਨ-ਸ਼ਾਨ ਲਈ ਜਾਨਾਂ ਕੁਰਬਾਨ ਕਰ ਗਏ ਅਤੇ ਪਿੱਛੇ ਆਪਣੇ ਟੱਬਰ ਰੋਲ ਗਏ ਯੋਧਿਆਂ ਦੀਆਂ ਕੁਰਬਾਨੀਆਂ ਵੀ ਆਗੂਆਂ ਦੀਆਂ ਨਿੱਜੀ ਗਰਜ਼ਾਂ ਦੀ ਭੇਂਟ ਚੜ੍ਹ ਗਈਆਂ ਹਨ।*

**ਪਿਛਲੇ ਹਫਤੇ** ਕੇ-3 ਇੰਟਰਨੈਸ਼ਨਲ ਨਾਮ ਦੀ ਸੰਸਥਾ ਨੇ ਇਕ ਸ਼ਾਨਦਾਰ ਉਪਰਾਲਾ ਕਰਕੇ ਸੈਕਰਾਮੈਂਟੋ ਦੇ ਐਲਕਗਰੋਵ ਖੇਤਰ ਵਿਚ ਸਥਿਤ ਈਡਨ ਗਾਰਡਨ ਈਵੈਂਟ ਸੈਂਟਰ ਵਿਖੇ ਤਿੰਨ ਸਾਲਾ ਪਹਿਲਾਂ ਗੁਰਦੁਆਰਾ ਸਾਹਿਬ ਵਿਸਕਾਸਿਨ (ਮਿਲਵਾਕੀ) ਵਿਖੇ ਵਾਪਰੇ ਗੋਲੀ ਕਾਂਡ ਦੌਰਾਨ ਆਪਣੀ ਜਾਨ ਤਲੀ 'ਤੇ ਰੱਖ ਕੇ ਹੋਰ ਕੀਮਤੀ ਮਨੁੱਖੀ ਜਾਨਾਂ ਨੂੰ ਬਚਾਉਣ ਵਾਲੇ ਪੁਲਿਸ ਅਫਸਰ ਲੈਫ. ਬਰਾਇਨ ਮਰਫੀ ਦਾ ਉਨ੍ਹਾਂ ਵਲੋਂ ਵਿਖਾਈ ਗਈ ਬਹਾਦਰੀ ਬਦਲੇ ਉਨ੍ਹਾਂ ਦਾ ਬਣਦਾ ਸਨਮਾਨ ਦੇਣ ਲਈ ਸਮਾਗਮ ਦਾ ਆਯੋਜਨ ਕੀਤਾ ਗਿਆ ਸੀ। ਨਿਰਸੰਦੇਹ ਪ੍ਰਬੰਧਕਾਂ ਦਾ ਇਹ ਸ਼ਾਨਦਾਰ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਸੀ।ਲੈਥ ਰੌਪ ਸਿਟੀ ਤੋਂ ਜਦ ਸਾਡੀਆਂ ਕਾਰਾਂ ਦਾ ਕਾਫਲਾ ਐਲਕਗਰੋਵ ਸ਼ਹਿਰ ਲਈ ਰਵਾਨਾ ਹੋਇਆ ਤਾਂ ਅਸੀਂ ਇਕ ਦੂਸਰੇ ਨੂੰ ਫੋਨ ਕਰਕੇ ਇਸ ਗਲ ਲਈ ਕੋਸ ਰਹੇ ਸਾਂ ਕਿ ਅਸੀਂ ਕੁਝ ਮਿੰਨਟ ਦੇਰੀ ਨਾਲ ਚਲ ਰਹੇ ਹਾਂ ਤੇ ਜਦ ਅਸੀਂ ਸਮਾਗਮ ਵਾਲੀ ਥਾਂ ਤੇ ਪਹੁੰਚਾਂਗੇ ਤਾਂ ਲੋਕਾਂ ਨਾਲ ਹਾਲ ਇਸ ਤਰਾਂ ਖਚਾ ਖਚ ਭਰ ਗਿਆ ਹੋਵੇਗਾ ਕਿ ਉਥੇ ਬੈਠਣ ਲਈ ਥਾਂ ਮਿਲਣੀ ਵੀ ਮੁਸ਼ਕਲ ਹੋ ਜਾਏਗੀ ਕਿਉਂਕਿ ਅਸੀਂ ਸਮਝਦੇ ਸਾਂ ਕਿ ਸਿਖ ਕੌਮ ਆਪਣੇ ਇਸ ਕੌਮੀ ਹੀਰੋ ਦਾ ਸਨਮਾਨ ਕਰਨ ਲਈ ਪਬਾਂ ਭਾਰ ਹੋ ਕੇ ਇਸ ਸਮਾਗਮ ਵਿਚ ਸ਼ਮੂਲੀਅਤ ਕਰੇਗੀ। ਪਰ ਇਸ ਸਮਾਗਮ ਦੌਰਾਨ ਲੋਕਾਂ ਦੀ ਬਹੁਤ ਘੱਟ ਹਾਜ਼ਰੀ ਵੇਖ ਕੇ ਮਨ ਵਿਚ ਕਈ ਤਰ੍ਹਾਂ ਦੇ ਸਵਾਲ ਪੈਦਾ ਹੋ ਰਹੇ ਸਨ। ਪਹਿਲਾ ਸਵਾਲ ਇਹ ਸੀ ਕਿ ਅੱਜ ਸਾਡੀ ਕੌਮੀ ਦੀ ਬਹੁਤ ਵੱਡੀ ਬਦਕਿਸਮਤੀ ਇਸ ਗੱਲ ਦੀ ਹੈ ਕਿ ਇਸ ਬਹਾਦੁਰ ਕੌਮ ਦੇ ਸਵਾਰਥੀ ਲੀਡਰ ਹਰ ਉਸ ਚੰਗੇ ਕੰਮ ਨੂੰ ਉਤਨੀ ਦੇਰ ਸਹਿਯੋਗ ਤੇ ਸਮਰਥਨ ਦੇਣ ਲਈ ਤਿਆਰ ਹੀ ਨਹੀਂ ਹੁੰਦੇ ਜਿੰਨੀ ਦੇਰ ਅਜਿਹਾ ਕੋਈ ਕੰਮ ਉਨ੍ਹਾਂ ਦੀਆਂ ਲੱਤਾਂ ਹੇਠ ਲੰਘ ਕੇ ਤਿਆਰ ਨਾ ਕੀਤਾ ਗਿਆ ਹੋਵੇ। ਸ਼ਾਇਦ ਅਜਿਹਾ ਹੀ ਇਕ ਕਾਰਨ ਸੀ ਕਿ ਇਸ ਸਮਾਗਮ ਦੌਰਾਨ ਕਿਸੇ ਵੀ ਗੁਰਦੁਆਰਾ ਸਾਹਿਬ ਦਾ ਪ੍ਰਤੀਨਿਧ ਇਸ ਮਹਾਨ ਹੀਰੋ ਪ੍ਰਤੀ ਆਪਣਾ ਸਨਮਾਨ ਪ੍ਰਗਟ ਕਰਨ ਲਈ ਨਾ ਪਹੁੰਚ ਸਕਿਆ।

ਦੁੱਖ ਇਸ ਗੱਲ ਦਾ ਹੈ ਕਿ ਜਿਸ ਕੌਮ ਦੇ ਜਾਨੀ ਨੁਕਸਾਨ ਨੂੰ ਰੋਕਣ ਲਈ ਇਸ ਬਹਾਦਰ ਪੁਲਿਸ ਅਫਸਰ ਨੇ ਆਪਣੀ ਜਾਨ ਦੀ ਕੁਰਬਾਨੀ ਦੇਣ ਤੋਂ ਵੀ ਸੰਕੋਚ ਨਹੀਂ ਕੀਤਾ ਉਸ ਬਹਾਦੁਰ ਅਫਸਰ ਦੇ ਸਨਮਾਨ ਵਿਚ ਕਰਵਾਏ ਜਾ ਰਹੇ ਸਨਮਾਨ ਸਮਾਗਮ ਵਿਚ ਨਾ ਸ਼ਾਮਲ ਹੋ ਕੇ ਅਸੀਂ ਕੌਮ ਦੀ ਕਿਹੜੀ ਸੇਵਾ ਕਰਨ ਦਾ ਮਾਣ ਪ੍ਰਾਪਤ ਕਰ ਰਹੇ ਹਾਂ। ਸਮਾਗਮ ਦੇ ਪ੍ਰਬੰਧਕਾਂ ਨਾਲ ਕਿਸੇ ਦੀ ਨਿੱਜੀ ਜਾਂ ਵਪਾਰਕ ਰੰਜਸ਼ ਹੋ ਸਕਦੀ ਹੈ, ਪਰ ਜਿਹੜਾ ਨੇਕ ਕੰਮ ਉਨ੍ਹਾਂ ਵਲੋਂ ਕੀਤਾ ਜਾ ਰਿਹਾ ਸੀ ਉਸ ਨਾਲ ਕਿਸੇ ਕਿਸਮ ਦੀ ਰੰਜਸ਼ ਹੋਣੀ ਸਮਝ ਤੋਂ ਬਾਹਰ ਸੀ।

ਸਮਾਗਮ ਦੌਰਾਨ ਇਕੱਤਰ ਹੋਏ ਲਗਭਗ 60 ਦੇ ਕਰੀਬ ਮੈਂਬਰਾਂ ਵਿਚ ਬੈਠੇ ਲੈਫ. ਬਰਾਇਨ ਮਰਫੀ ਸ਼ਾਇਦ ਮਨ ਹੀ ਮਨ ਵਿਚ ਸੋਚ ਰਹੇ ਹੋਣਗੇ ਕਿ ਉਨ੍ਹਾਂ ਦੀਆਂ ਸੇਵਾਵਾਂ ਦੀ ਕਦਰ ਪਾਉਣ ਵਾਲੇ ਕੁਝ ਇਤਨੇ ਕੁ ਹੀ ਲੋਕ ਹਨ। ਇਸੇ ਲਈ ਸ਼ਾਇਦ ਡਾ. ਜਸਬੀਰ ਸਿੰਘ ਕੰਗ ਨੂੰ ਸਟੇਜ ਤੋਂ ਲੈਫ. ਮਰਫੀ ਵੱਲ ਇਸ਼ਾਰਾ ਕਰਦਿਆਂ ਇਹ ਕਹਿਣਾ ਪਿਆ ਕਿ ਕੋਈ ਗੱਲ ਨਹੀਂ ਕਿ ਅੱਜ ਉਨ੍ਹਾਂ ਦੇ ਸਨਮਾਨ ਵਿਚ ਭਾਵੇਂ ਬਹੁਤ ਘੱਟ ਲੋਕ ਇਕੱਠੇ ਹੋਏ ਹਨ ਪਰ ਕੱਲ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਭੀੜ ਦੇ ਰੂਬਰੂ ਉਹ ਜ਼ਰੂਰ ਹੋਣਗੇ। ਯੂਬਾ ਸਿਟੀ ਦੇ ਮੇਲੇ ਵਿਚ ਇਕੱਤਰ ਹੋਏ ਲੋਕਾਂ ਵਿਚ ਲੈਫ. ਬਰਾਇਨ ਮਰਫੀ ਨੂੰ ਸਨਮਾਨਿਤ ਕਰਕੇ ਭਾਵੇਂ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਲੋਕ ਬਰਾਇਨ ਮਰਫੀ ਨੂੰ ਕਿੰਨਾ ਪਿਆਰ ਕਰਦੇ ਹਨ ਪਰ ਜਦ ਸਟੇਜ ਤੋਂ ਵਾਰ ਵਾਰ ਲੈਫਟੀਨੈਂਟ ਬਰਾਇਨ ਮਰਫੀ ਦੀ ਹਾਜਰੀ ਵਿਚ ਇਹ ਕਿਹਾ ਜਾ ਰਿਹਾ ਸੀ ਕਿ ਹਰ ਸਾਲ ਹੀ ਇਸ ਤਰਾਂ ਇਸ ਮੇਲੇ ਵਿਚ ਹਜਾਰਾਂ ਦੀ ਗਿਣਤੀ ਵਿਚ ਲੋਕ ਇਸ ਮੇਲੇ ਵਿਚ ਆਪਣੀ ਹਾਜਰੀ ਭਰਦੇ ਹਨ ਤਾਂ ਉਸ ਵਕਤ ਲੈਫਟੀਨੈਂਟ ਬਰਾਇਨ ਮਰਫੀ ਇਹ ਜਰੂਰ ਸੋਚਦੇ ਹੋਣਗੇ ਕਿ ਜੇਕਰ ਹਰ ਸਾਲ ਇਤਨੇ ਹੀ ਦਰਸ਼ਕ ਇਸ ਮੇਲੇ ਵਿਚ ਆਉਂਦੇ ਹਨ ਤੇ ਇਸ ਮੇਲੇ ਵਿਚ ਉਹਨਾਂ ਦਾ ਸਨਮਾਨ ਕਰਨ ਵਾਲੇ ਜਾਂ ਉਹਨਾਂ ਦੀਆਂ ਸੇਵਾਵਾਂ ਦੇ ਕਦਰਦਾਨ ਕਿਤਨੇ ਕੁ ਹੋਣਗੇ।

ਵੈਸੇ ਵੀ ਸਾਨੂੰ ਸਭ ਨੂੰ ਪਤਾ ਹੈ ਕਿ ਹਰ ਸਾਲ ਵਾਂਗ ਲੋਕ ਅਜਿਹੇ ਸੱਭਿਆਚਾਰਕ ਮੇਲਿਆਂ ਦੌਰਾਨ ਆਪਣੇ ਸ਼ੁਗਲ ਮੇਲੇ ਲਈ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋ ਜਾਂਦੇ ਹਨ, ਜਿਥੇ ਪ੍ਰਬੰਧਕ ਸੱਜਣ ਕਿਸੇ ਮੈਰਿਟ ਦੇ ਅਧਾਰ ਤੇ ਨਹੀਂ ਸਗੋਂ ਆਪੋ ਆਪਣੇ ਲਿਹਾਜ਼ ਵਾਲੇ ਕੁਝ ਸੱਜਣਾਂ ਨੂੰ ਸਨਮਾਨਿਤ ਵੀ ਕਰਦੇ ਰਹਿੰਦੇ ਹਨ।ਜਿਸ ਕਰਕੇ ਲੋਕਾਂ ਵਿਚ ਇਹ ਆਮ ਧਾਰਨਾ ਬਣੀ ਹੋਈ ਹੈ ਕਿ ਅਜਿਹੇ ਸਮਾਗਮਾਂ ਵਿਚ ਦਿਤੇ ਜਾਣ ਵਾਲੇ ਸਨਮਾਨ ਕੋਈ ਖਾਸ ਅਹਿਮੀਅਤ ਵਾਲੇ ਜਾਂ ਮੈਰਿਟ ਦੇ ਅਧਾਰ ਤੇ ਨਹੀਂ ਹੁੰਦੇ।ਇਥੇ ਜ਼ਰਾ ਇਹ ਗੱਲ ਵੀ ਕਰ ਲਈਏ ਕਿ ਕੇ-3 ਇੰਟਰਨੈਸ਼ਨਲ ਸੰਸਥਾ ਵਲੋਂ ਕਰਵਾਏ ਗਏ ਸਮਾਗਮ ਦੌਰਾਨ ਕਿਸੇ ਗੁਰਦੁਆਰਾ ਪ੍ਰਬੰਧਕ ਨੇ ਹਾਜ਼ਰੀ ਕਿਉਂ ਨਹੀਂ ਲਵਾਈ ? ਕੀ ਇਸ ਸਮਾਗਮ ਦਾ ਬਾਈਕਾਟ ਇਸ ਲਈ ਕੀਤਾ ਗਿਆ ਕਿ ਇਹ ਸਮਾਗਮ ਕੇ 3 ਇੰਟਰਨੈਸ਼ਨਲ ਨਾਮੀ ਸੰਸਥਾ ਵਲੋਂ ਕਰਵਾਇਆ ਜਾ ਰਿਹਾ ਸੀ ? ਕੀ ਲੈਫ. ਬਰਾਇਨ ਮਰਫੀ ਦੀ ਨਿਰਾਦਰੀ ਕਰਨ ਲਈ ਅਜਿਹਾ ਕੀਤਾ ਗਿਆ ਸੀ ? ਇਹ ਕੁਝ ਸਵਾਲ ਹਨ, ਜਿਸ ਦਾ ਜਵਾਬ ਮੰਗਣਾ ਬਣਦਾ ਹੈ। ਇਸ ਸਮਾਗਮ ਦੌਰਾਨ ਜਿੰ-ਨੀਆਂ ਸਮਰਥਕ ਸੰਸਥਾਵਾਂ ਦੇ ਨਾਮ ਲਿਖੇ ਗਏ ਸਨ, ਜੇਕਰ ਉਨ੍ਹਾਂ ਦੇ ਤਿੰਨ ਤਿੰਨ ਪ੍ਰਤੀਨਿਧੀ ਵੀ ਇਸ ਸਮਾਗਮ ਵਿਚ ਸ਼ਾਮਲ ਹੋ ਜਾਂਦੇ ਤਾਂ ਵੀ ਸ਼ਾਇਦ ਸਮਾਗਮ ਸਫਲਤਾ ਦਾ ਰਿਕਾਰਡ ਤੋੜ ਦਿੰਦਾ।

ਇਨ੍ਹਾਂ ਹਾਲਾਤਾਂ ਵਿੱਚ ਲੈਫਟੀਨੈਂਟ ਮਰਫ਼ੀ ਦਾ ਅਹਿਸਾਨ ਭੁਲਾਉਣਾ ਤਾਂ ਅਜਿਹੇ ਆਗੂਆਂ ਲਈ ਬਹੁਤ ਆਸਾਨ ਗੱਲ ਹੈ।ਪਰ ਕੌਮ ਅਜਿਹੇ ਮਹਾਨ ਹੀਰੋ ਦਾ ਅਹਿਸਾਨ ਸਾਰੀ ਉਮਰ ਨਹੀਂ ਭੁਲ ਸਕਦੀ ? ਸਿਖ ਇਤਿਹਾਸ ਵਿਚ ਲੈਫਟੀਨੈਂਟ ਬਰਾਇਨ ਮਰਫੀ ਦਾ ਨਾਮ ਸੁਨੱਹਿਰੀ ਅਖਰਾਂ ਵਿਚ ਲਿਖਿਆ ਜਾਏਗਾ ਜਿਸ ਉਪਰ ਸਾਡੀ ਆਉਣ ਵਾਲੀ ਪੀੜੀ ਵੀ ਮਾਣ ਕਰਦੀ ਰਹੇਗੀ । ਇਹ ਸਮਾਗਮ ਦੂਸਰੇ ਸਮਾਗਮਾਂ ਦੇ ਮੁਕਾਬਲੇ ਇਸ ਲਈ ਸਫਲ ਵੀ ਸਮਝਿਆ ਜਾ ਸਕਦਾ ਹੈ ਕਿਉਂਕਿ ਇਸ ਸਮਾਗਮ ਦੌਰਾਨ ਜਿਤਨੇ ਵੀ ਲੋਕ ਬੈਠੇ ਸਨ ਉਹ ਸਾਰੇ ਦੇ ਸਾਰੇ ਲੈਫਟੀਨੈਂਟ ਬਰਾਇਨ ਮਰਫੀ ਦੇ ਕਦਰਦਾਨ ਹੀ ਸਨ।

ਇਸ ਲਈ ਅਸੀਂ ਪ੍ਰਬੰਧਕਾਂ ਨੂੰ ਇਸ ਸ਼ਾਨਦਾਰ ਉਪਰਾਲੇ ਲਈ ਮੁਬਾਰਕਬਾਦ ਦਿੰਦੇ ਹਾਂ, ਜਿਨ੍ਹਾਂ ਨੇ ਆਪਣੀ ਕੌਮ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਕਰਕੇ ਇਸ ਪ੍ਰੋਗਰਾਮ ਨੂੰ ਉਲੀਕਣ ਦਾ ਯਤਨ ਕੀਤਾ। ਬਾਕੀ ਇਹ ਸਾਡੀ ਕੌਮ ਤੇ ਭਾਈਚਾਰੇ 'ਤੇ ਨਿਰਭਰ ਕਰਦਾ ਹੈ ਕਿ ਉਹ ਸਮਾਜ ਵਿਚ ਅਛਾਈ ਤੋਂ ਪ੍ਰਭਾਵਿਤ ਹੋ ਕੇ ਉਸ ਤੋਂ ਕੋਈ ਪ੍ਰੇਰਣਾ ਲੈਣ। ਲੈਫ. ਬਰਾਇਨ ਮਰਫੀ ਨੇ ਜੋ ਬਹਾਦਰੀ ਭਰਿਆ ਕਾਰਨਾਮਾ ਕੀਤਾ ਹੈ, ਉਸ 'ਤੇ ਸਮੂਹ ਕੌਮ ਨੂੰ ਉਨ੍ਹਾਂ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ। ਕਿਉਂਕਿ ਅਕਸਰ ਦੇਸ਼ ਦੀ ਵੰਡ ਤੋਂ ਲੈ ਕੇ ਹੁਣ ਤੱਕ ਸਿੱਖ ਕੌਮ ਹੀ ਦੂਜੀਆਂ ਕੌਮਾਂ ਲਈ ਸੰਘਰਸ਼ ਕਰਦੀ ਰਹੀ ਹੈ, ਪਰ ਮਰਫੀ ਨੇ ਮਨੁੱਖਤਾ ਲਈ ਸਿੱਖ ਕੌਮ ਵਾਲਾ ਜਜ਼ਬਾ ਦਿਖਾਇਆ ਹੈ, ਜਿਸ ਲਈ ਉਨ੍ਹਾਂ ਦੀ ਬਹਾਦਰੀ ਨੂੰ ਸਲਾਮ ਕਰਨਾ ਬਣਦਾ ਹੈ ਤੇ ਸਮੂਹ ਕੌਮ ਨੂੰ ਬੇਨਤੀ ਹੈ ਕਿ ਸਭ ਈਰਖਾ, ਵਿਰੋਧਤਾ ਭੁਲਾ ਕੇ ਅਜਿਹੇ ਸਮਾਗਮਾਂ ਨੂੰ ਸਫਲ ਬਣਾਉਣ ਲਈ ਇਕਜੁੱਟ ਹੋਵੇ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਲੱਖ ਦਾਤਾ ਪੀਰ ਦੀ ਦਰਗਾਹ ਤੇ ਸਲਾਨਾ ਜੋੜ ਮੇਲਾ ਕਰਵਾਇਆ

## ਸਲਾਨਾ ਜੋੜ ਮੇਲੇ ਹੱਸਦੇ-ਵਸਦੇ ਪੰਜਾਬ ਦੀ ਪਹਿਚਾਣ ਹਨ- ਮਾਨ, ਰਾਜੂ



**ਫਗਵਾੜਾ (ਰੱਤੂ)-** ਪਿੰਡ ਭੁੱਲਾਰਾਈ ਸਥਿਤ ਲੱਖ ਦਾਤਾ ਪੀਰ ਦੀ ਦਰਗਾਹ ਵਿਖੇ ਸਲਾਨਾ ਜੋੜ ਮੇਲਾ ਮੁੱਖ ਸੇਵਾਦਾਰ ਬੀਬੀ ਪੂਰੋ ਦੀ ਅਗਵਾਈ ਹੇਠ ਪ੍ਰਬੰਧਕਾਂ ਵਲੋਂ ਗ੍ਰਾਮ ਪੰਚਾਇਤ ਅਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਕਰਵਾਇਆ ਗਿਆ। ਪਹਿਲੇ ਦਿਨ ਸ਼ਾਮ ਨੂੰ ਚਰਾਗ਼ਾਂ ਦੀ ਰਸਮ ਨਿਭਾਈ ਗਈ ਅਤੇ ਦੂਸਰੇ ਦਿਨ ਸਵੇਰੇ ਝੰਡੇ ਦੀ ਰਸਮ ਉਪਰੰਤ ਪੰਜਾਬ ਦੀਆਂ ਪ੍ਰਸਿੱਧ ਕਵਾਲ ਅਤੇ ਨਕਾਲ ਪਾਰਟੀਆਂ ਨੇ ਆਪਣੇ ਫਨ ਦਾ ਮੁਜਾਹਰਾ ਕੀਤਾ। ਜੋੜ ਮੇਲੇ ਵਿਚ ਬਾਬਾ ਸੋਮੇ ਸ਼ਾਹ ਜੀ ਕੁੱਲੇ ਵਾਲੀ ਸਰਕਾਰ ਤੋਂ ਇਲਾਵਾ ਹੋਰ ਮਹਾਪੁਰਸ਼ਾਂ ਨੇ ਵੀ ਵਿਸ਼ੇਸ਼ ਤੌਰ ਤੇ ਪਹੁੰਚ ਕੇ ਸੰਗਤਾਂ ਨੂੰ ਆਸ਼ੀਰਵਾਦ ਦਿੱਤਾ।

ਇਸ ਮੌਕੇ ਬਤੌਰ ਮੁੱਖ ਮਹਿਮਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਜੋਗਿੰਦਰ ਸਿੰਘ ਮਾਨ ਸਾਬਕਾ ਕੈਬਿਨੇਟ ਮੰਤਰੀ ਪੰਜਾਬ ਅਤੇ ਬਲਾਕ ਕਾਂਗਰਸ ਫਗਵਾੜਾ ਦਿਹਾਤੀ ਦੇ ਪ੍ਰਧਾਨ ਦਲਜੀਤ ਰਾਜੂ ਦਰਵੇਸ਼ ਪਿੰਡ ਸ਼ਾਮਲ ਹੋਏ। ਉਹਨਾਂ ਕਿਹਾ ਕਿ ਸਲਾਨਾ ਜੋੜ ਮੇਲੇ ਹੱਸਦੇ-ਵਸਦੇ ਪੰਜਾਬ ਦੀ ਪਹਿਚਾਣ ਹਨ ਅਤੇ ਇਸੇ ਅਮੀਰ ਵਿਰਸੇ ਕਾਰਨ ਪੰਜਾਬ ਦੀ ਦੁਨੀਆ ਵਿਚ ਇਕ ਅਲਗ ਪਹਿਚਾਣ ਹੈ। ਉਹਨਾਂ ਸਮੂਹ ਸੰਗਤ ਨੂੰ ਇਸ ਸਲਾਨਾ ਜੋੜ ਮੇਲੇ ਦੀ ਵਧਾਈ ਦਿੱਤੀ।

ਮੁੱਖ ਮਹਿਮਾਨਾਂ ਨੂੰ ਬਾਬਾ ਸੋਮੇ ਸ਼ਾਹ, ਦਰਗਾਹ ਦੀ ਮੁੱਖ ਸੇਵਾਦਾਰ ਬੀਬੀ ਪੂਰੋ ਅਤੇ ਪ੍ਰਬੰਧਕਾਂ ਵਲੋਂ ਸਿਰੋਪੇ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਠੰਡੇ ਮਿੱਠੇ ਜਲ ਅਤੇ ਲੰਗਰ ਦੀ ਸੇਵਾ ਅਤੁਟ ਵਰਤਾਈ ਗਈ।

ਇਸ ਮੌਕੇ ਤੀਰਥ ਰਾਮ ਸਰਪੰਚ ਭੁੱਲਾਰਾਈ, ਰੇਨੂੰ ਬਲਾਕ ਸੰਮਤੀ ਮੈਂਬਰ, ਗੁਰਮੁਖ ਸਿੰਘ ਭੁੱਲਾਰਾਈ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਸ਼ਰਧਾਲੂ ਸੰਗਤਾਂ ਨੇ ਪੀਰ ਦੀ ਦਰਗਾਹ ਤੇ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ।

# ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਟਾਕਾਨੀਨੀ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਮਨਾਇਆ ਗਿਆ

## 11 ਸਾਲ ਤੋਂ ਸਾਲਗਿਰ੍ਹਾ ਸਮਾਗਮ ਉਤੇ ਦਿੱਤੀਆਂ ਜਾ ਰਹੀਆਂ ਸੇਵਾਵਾਂ ਲਈ ਮਾਨ ਪਰਿਵਾਰ ਸਨਮਾਨਿਤ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**-ਇਥੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਟਾਕਾਨੀਨੀ ਵਿਖੇ ਪੰਜਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ 409ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ। ਹਫਤਾਵਾਰੀ ਸਜੇ ਦੀਵਾਨ ਦੇ ਵਿਚ ਪਹਿਲਾਂ ਅਖੰਠ ਕੀਰਤਨੀ ਜੱਥੇ ਨੇ ਸ਼ਬਦ ਕੀਰਤਨ ਕੀਤਾ ਉਪਰੰਤ ਭਾਈ ਹਰਜੀਤਪਾਲ ਸਿੰਘ, ਭਾਈ ਬਿਕਰਮਜੀਤ ਸਿੰਘ ਅਤੇ ਭਾਈ ਅੰਮ੍ਰਿਤਪਾਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਦੇ ਰਾਗੀ ਜੱਥੇ ਨੇ ਬਹੁਤ ਹੀ ਵੈਰਾਗ ਮਈ ਰਸਨਾ ਦੇ ਨਾਲ ਗੁਰਬਾਣੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਅੱਜ ਦੇ ਇਸ ਸਮਾਗਮ ਦੇ ਵਿਚ ਗੁਰਦੁਆਰਾ ਸਾਹਿਬ ਦੀ ਸਾਲਾਨਾ ਸਾਲਗਿਰ੍ਹਾ ਉਤੇ ਲਗਾਤਾਰ 11 ਸਾਲ ਤੋਂ ਗੁਰੂ ਕੇ ਲੰਗਰਾਂ ਦੀ ਸੇਵਾ ਕਰ ਰਹੇ ਮਾਨ ਪਰਿਵਾਰ ਨੂੰ ਸੁੰਦਰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸੁਪਰੀਮ ਸਿੱਖ ਸੁਸਾਇਟੀ ਨਿਊਜ਼ੀਲੈਂਡ ਦੇ ਬੁਲਾਰੇ ਸ. ਦਲਜੀਤ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਆਪਣੇ ਸੰਖੇਪ ਸੰਬੋਧਨ ਦੇ ਵਿਚ ਸੁਸਾਇਟੀ ਦੀ ਸੰਤੋਖਜਨਕ ਮਾਲੀ ਹਾਲਤ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਇਥੇ ਦੇ ਇਕ ਨਿੱਜੀ ਰੇਡੀਓ ਵੱਲੋਂ ਗੁਰਦੁਆਰਾ ਸਾਹਿਬ ਟਾਕਾਨੀਨੀ ਅਤੇ ਗੁਰਦੁਆਰਾ ਸਾਹਿਬ ਉਟਾਹੂਹੂ ਵਿਖੇ ਜਾਣ ਵਾਲੀਆਂ ਸੰਗਤਾਂ ਨੂੰ ਭੇਡਾਂ ਦੱਸਣ ਵਾਲਿਆਂ ਨਾਲ ਸਿੱਜਣ ਲਈ ਸੁਸਾਇਟੀ ਨੇ ਨਿਸ਼ਚਾ ਕਰ ਲਿਆ ਅਤੇ ਜਲਦੀ ਹੀ ਇਸ ਉਤੇ ਕਾਰਵਾਈ ਕੀਤੀ ਜਾਵੇਗੀ ਤਾਂ ਕਿ ਕੂੜ ਪ੍ਰਚਾਰ ਕਰਨ ਵਾਲਿਆਂ ਨੂੰ ਸਬਕ ਸਿਖਾਇਆ ਜਾ ਸਕੇ। 31 ਮਈ ਤੱਕ ਸੁਸਾਇਟੀ ਦੀ ਵਿੱਤੀ ਰਿਪੋਰਟ ਵੀ ਸੰਗਤਾਂ ਨਾਲ ਸਾਂਝੀ ਕੀਤੀ ਜਾਵੇਗੀ। ਨੇਪਾਲ ਭੁਚਾਲ ਪੀੜ੍ਹਤਾਂ ਦੀ ਸਹਾਇਤਾ ਅਤੇ ਪੰਜਾਬੀ ਨੌਜਵਾਨ ਮਨਜੀਤ ਸਿੰਘ ਦੇ ਮੌਤ ਬਾਅਦ ਪਰਿਵਾਰ ਦੇ ਲਈ ਕੀਤੀ ਇਕੱਤਰ ਸਹਾਇਤਾ ਰਾਸ਼ੀ ਲਈ ਵੀ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਅੰਮ੍ਰਿਤ ਸੰਚਾਰ 30 ਮਈ ਨੂੰ: ਅਗਲੇ ਸਨਿਚਰਵਾਰ 30 ਮਈ ਨੂੰ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਉਟਾਹੂਹੂ ਵਿਖੇ ਅੰਮ੍ਰਿਤ ਸੰਚਾਰ ਹੋਵੇਗਾ। ਅੰਮ੍ਰਿਤ ਅਭਿਲਾਖੀ ਆਪਣੇ ਨਾਂਅ ਪ੍ਰਬੰਧਕਾਂ ਨੂੰ ਲਿਖਵਾਉਣ ਦੀ ਕ੍ਰਿਪਾਲਤਾ ਕਰਨ। ਐਤਵਾਰ ਸ਼ਾਮ ਨੂੰ ਇਥੇ ਹੀ ਰੈਣ ਸਬਾਈ ਸ਼ਬਦ ਕੀਰਤਨ ਹੋਵੇਗਾ।


## ਵਿਆਹ ਸ਼ਾਦੀ

ਰੰਗ ਗੋਰਾ, ਕੱਦ 5 ਫੁੱਟ 11 ਇੰਚ, ਉਮਰ 23 ਸਾਲ, ਮਕੈਨੀਕਲ ਇੰਜੀਨੀਅਰ (ਬੀ ਟੈਕ ) ਐਮ ਟੈਕ ਸ਼ੁਰੂ, ਪਿਤਾ ਸਰਕਾਰੀ ਨੌਕਰੀ (ਲੁਧਿਆਣਾ ਪੰਜਾਬ), ਸੁੰਦਰ ਸੁਸ਼ੀਲ ਲੜਕੇ ਦੇ ਲਈ ਅਮਰੀਕਾ ਵਿਚ ਰਹਿੰਦੀ ਸੁੰਦਰ ਲੜਕੀ ਦੀ ਲੋੜ ਹੈ। ਦੁਆਬੇ ਨੂੰ ਪਹਿਲ ਦਿਤੀ ਜਾਵੇਗੀ।

ਸੰਪਰਕ ਕਰੋ: 09417600014, 09417177666 (ਮੋਬਾਇਲ), ਈਮੇਲ

amarjitchander@yahoo.com

ਅਤੇ

Lovelychndr3@gmail.com


# ਨਿਊਜ਼ੀਲੈਂਡ 'ਚ 10 ਸਾਲ ਦੀ ਮਿਆਦ ਵਾਲਾ ਪਾਸਪੋਰਟ ਇਸ ਸਾਲ ਦੇ ਅੰਤ ਵਿਚ ਸ਼ੁਰੂ ਹੋਵੇਗਾ

## ਕੀਵੀ ਪਾਸਪੋਰਟ ਹੋਲਡਰ 170 ਦੇਸ਼ਾਂ ਦੇ ਵਿਚ ਬਿਨਾਂ ਵੀਜ਼ਾ ਐਪਲੀਕੇਸ਼ਨ ਜਾ ਸਕਦੇ ਹਨ

**ਆਕਲੈਂਡ- (ਹਰਜਿੰਦਰ ਸਿੰਘ ਬਸਿਆਲਾ)**-ਨਿਊਜ਼ੀਲੈਂਡ ਦੇ ਅੰਦਰੂਨੀ ਮਾਮਲਿਆਂ ਬਾਰੇ ਮੰਤਰੀ ਸ੍ਰੀ ਪੀਟਰ ਡੱਨ ਨੇ ਅੱਜ ਜਾਰੀ ਬਿਆਨ ਵਿਚ ਕਿਹਾ ਹੈ ਕਿ ਨਿਊਜ਼ੀਲੈਂਡ ਵਾਸੀ ਇਸ ਸਾਲ ਦੇ ਅੰਤ ਤੱਕ 10 ਸਾਲ ਦੀ ਮਿਆਦ ਵਾਲੇ ਪਾਸਪੋਰਟ ਦੀ ਸੁਵਿਧਾ ਦਾ ਫਾਇਦਾ ਚੁੱਕਣਾ ਸ਼ੁਰੂ ਕਰ ਦੇਣਗੇ। ਇਸ ਨੂੰ ਹੋਰ ਘੱਟ ਲਾਗਤ ਵਾਲਾ ਅਤੇ ਹਵਾਈ ਆਵਾਜਾਈ ਲਈ ਲਾਭਕਾਰੀ ਬਣਾਇਆ ਜਾ ਰਿਹਾ ਹੈ। ਬੱਚਿਆਂ ਦੇ ਪਾਸਪੋਰਟ ਅਜੇ ਪੰਜ ਸਾਲ ਦੀ ਮਿਆਦ ਤੱਕ ਹੀ ਰਹਿਣਗੇ। 10 ਸਾਲਾ ਪਾਸਪੋਰਟ ਦੀ ਲਾਗਤ 180 ਡਾਲਰ ਰੱਖੀ ਗਈ ਹੈ। ਪਾਸਪੋਰਟ ਦੀ ਮਿਆਦ ਵਿਚ ਬਦਲਾਅ ਲਈ ਇਸੇ ਸਾਲ ਦੇ ਅੰਤ ਤੱਕ ਕਾਨੂੰਨੀ ਸੋਧ ਕੀਤੀ ਜਾਵੇਗੀ। ਸਰਕਾਰ ਬੱਚਿਆਂ ਦੇ ਲਈ ਵੀ ਆਨ ਲਾਈਨ ਪਾਸ-ਪੋਰਟ ਐਪਲੀਕੇਸ਼ਨ ਸੁਵਿਧਾ ਦੇਣ ਉਤੇ ਵਿਚਾਰ ਕਰ ਰਹੀ ਹੈ। ਇਸ ਵੇਲੇ 40% ਬਾਲਗ ਲੋਕ ਆਨ ਲਾਈਨ ਸੇਵਾ ਪਾਸਪੋਰਟ ਨਵਿਆਉਣ ਲਈ ਵਰਤ ਰਹੇ ਹਨ। ਵਰਨਣਯੋਗ ਹੈ ਕਿ ਕੀਵੀ ਪਾਸਪੋਰਟ ਹੋਲਡਰ 170 ਦੇਸ਼ਾਂ ਦੇ ਵਿਚ ਬਿਨਾਂ ਵੀਜ਼ਾ ਅਪਲਾਈ ਕੀਤਿਆਂ ਜਾ ਸਕਦੇ ਹਨ।


# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ

* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।



Call For Special Price

Kashmir S. Thandi

Office: (866) 933-3038

Balhar S. Ranu

Cell: 916-502-7733



Yuba City Ph: 530-419-5058

1816 Main Ave., Secramento CA, 95838



# ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।

ਹੋਰ ਜਾਣਕਾਰੀ ਲਈ ਸੰਪਰਕ ਕਰੋ

209-479-0242

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਸੰਤ ਰਾਮਾਨੰਦ ਜੀ ਦੀ ਛੇਵੀਂ ਬਰਸੀ 7 ਜੂਨ ਨੂੰ ਮਨਾਈ ਜਾਵੇਗੀ



ਸੈਕਰਾਮੈਂਟੋ- ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਰਵਿਦਾਸੀਆ ਕਮਿਊਨਿਟੀ ਕੈਲੇਫੋਰਨੀਆ (ਯੂ. ਐਸ. ਏ.) ਵੱਲੋਂ ਸੰਤ ਰਾਮਾਨੰਦ (ਡੇਰਾ ਸੱਚਖੰਡ ਬੱਲਾਂ) ਜੀ ਦੀ ਛੇਵੀਂ ਬਰਸੀ 7 ਜੂਨ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਮਨਾਈ ਜਾਵੇਗੀ। ਇਸ ਸਬੰਧਤ 7 ਜੂਨ ਦਿਨ ਐਤਵਾਰ ਸਵੇਰੇ 10 ਵਜੇ ਸੁਖਮਨੀ ਸਾਹਿਬ ਦੇ ਪਾਠ ਆਰੰਭ ਹੋਣਗੇ ਅਤੇ 1 ਵਜੇ ਭੋਗ ਪਾਏ ਜਾਣਗੇ। ਇਸ ਦੌਰਾਨ ਵੱਖ-ਵੱਖ ਬੁਲਾਰੇ ਸੰਤਾਂ ਦੀ ਜੀਵਨੀ ਅਤੇ ਮਹਿਮਾ ਬਾਰੇ ਝਲਕ ਪਾਉਂਦੇ ਹੋਏ ਵਿਚਾਰ ਰੱਖਣਗੇ। ਯੂਨਾਈਟਿਡ ਅਵੇਅਰਨੈਸ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਆਪਣਾ ਕੀਮਤੀ ਸਮਾਂ ਕੱਢਦੇ ਹੋਏ ਹਾਜ਼ਰੀਆਂ ਲਗਵਾਓ। ਵਧੇਰੇ ਜਾਣਕਾਰੀ ਲਈ ਸ੍ਰੀ ਸੁਖਰਾਮ ਚੰਦੜ (916-494-4694) ਜਾਂ ਹੰਸ ਰਾਜ ਕਾਜਲਾ (916-479-0421) ਜਾਂ ਸ੍ਰੀ ਤਵਿੰਦਰ ਕਾਜ਼ਲਾ ਨਾਲ (916-300-5398) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸਤਿਗੁਰ ਸੁਆਮੀ ਈਸ਼ਰ ਦਾਸ ਜੀ ਮਹਾਰਾਜ ਜੀ ਦਾ 115 ਵਾਂ ਜਨਮ ਉਤਸਵ 29 ਨੂੰ



**ਫਗਵਾੜਾ (ਰੱਤੂ)-** ਸਤਿਗੁਰ ਸੁਆਮੀ ਈਸ਼ਰਦਾਸ ਮਹਾਰਾਜ ਜੀ ਦਾ 115 ਵਾਂ ਜਨਮ ਉਤਸਵ ਮਿਤੀ 29 ਮਈ ਦਿਨ ਸ਼ੁੱਕਰਵਾਰ ਨੂੰ ਗੁਰੂ ਦੀ ਨਗਰੀ ਨੇਹ ਕਲੰਕ ਕਲਗੀਧਰ ਅਧਮਵਾਣੀ ਆਦਿ ਦੁਆਰਾ ਆਨੰਦਗੜ ਵਿਖੇ ਬੜੀ ਸ਼ਰਧਾਪੂਰਵਕ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਸੰਤ ਬਿਹਾਰੀ ਲਾਲ ਜੀ ਅਨੰਦਗੜ ਨੇ ਦੱਸਿਆ ਕਿ ਇਸ ਜਨਮ ਉਤਸਵ ਦੇ ਵਿੱਚ ਸੰਤ ਮਹਾਂਪੁਰਸ਼ ਸੰਤ ਗੁਰਦਿਆਲ ਦਾਸ ਡੇਰਾ ਚੱਕ ਸਾਧੂ, ਸੰਤ ਪੂਰਨ ਦਾਸ ਜੀ ਸਾਂਵਤਸਰ, ਸੰਤ ਬਿਸ਼ਨ ਦਾਸ, ਸੰਤ ਗੁਰਬਚਨ ਦਾਸ ਜੀ, ਬਾਬਾ ਚਮਨ ਦਾਸ ਜੀ, ਸੰਤ ਰਵੀਚਰਣ ਦਾਸ ਜੀ ਖੁਰਾਲਗੜ ਵਾਲੇ,ਬਾਬਾ ਛੋਟੂ ਰਾਮ ਜੀ ਆਦਿ ਬਹੁਤ ਵੱਡੀ ਗਿਣਤੀ ਦੇ ਵਿੱਚ ਪਹੁੰਚ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸਮੇਂ ਗੁਰੂ ਜੀ ਦਾ ਅਤੁੱਟ ਲੰਗਰ ਸੰਗਤਾਂ ਨੂੰ ਛਕਾਇਆ ਜਾਵੇਗਾ।

# ਪਿੰਡ ਕਰਮਗੜ੍ਹ ਵਿਖੇ ਐਕਉਪ੍ਰੈਸ਼ਰ ਦਾ ਕੈਂਪ ਲਗਾਇਆ ਗਿਆ





**ਬਰਨਾਲਾ-** ਪਿੰਡ ਕਰਮਗੜ ਵਿੱਖੇ ਐਕਉਪ੍ਰੈਸ਼ਰ ਦਾ ਕੈਂਪ ਲਗਾਇਆ ਗਿਆ ਜਿਸ ਵਿੱਚ ਆਏ ਹੋਏ ਲੋਕਾਂ ਨੂੰ ਕੁਦਰਤੀ ਤਰੀਕਿਆਂ ਨਾਲ ਇਲਾਜ ਦੀ ਮਹੱਤਾ ਦੱਸਦੇ ਹੋਏ ਐਕਉਪ੍ਰੈਸ਼ਰ ਦੇ ਨਾਲ ਇਲਾਜ਼ ਕੀਤਾ ਗਿਆ। ਇਸ ਮੌਕੇ ਪਿੰਡ ਕਰਮਗੜ ਦੇ ਸੰਰਪਚ ਜਗਦੇਵ ਸਿੰਘ ਫੌਜੀ, ਗੁਰਦੁਆਰਾ ਪ੍ਰਧਾਨ ਵਸਾਖਾ ਸਿੰਘ, ਗ੍ਰੰਥੀ ਗੁਰਸੇਵਕ ਸਿੰਘ, ਨਿੰਰਜਨ ਸਿੰਘ, ਜਗਤਾਰ ਸਿੰਘ ਆਦਿ ਹਾਜਰ ਸਨ।

ਜਿੰਦਲ ਐਕਉਪੈਸ਼ਰ ਹੈਲਥ ਕੇਅਰ ਸੈਂਟਰ ਦੇ ਡਾੱਕਟਰ ਅਕੇਸ਼ ਕੁਮਾਰ ਐਮ ਡੀ (ਐਕਉ) ਨੇ ਉਥੇ ਆਏ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਦੀ ਜੀਵਨ ਸ਼ੈਲੀ ਦੇ ਬਦਲਾਅ ਦੇ ਚਲਦਿਆਂ ਦਵਾਈਆਂ ਰੋਜ ਦੀ ਜਿੰਦਗੀ ਦਾ ਹਿੱਸਾ ਹੋ ਗਈਆਂ ਹਨ ਪਰ ਲਗਾਤਾਰ ਲੰਮੇ ਸਮੇਂ ਤੱਕ ਦਵਾਈਆਂ ਖਾਣ ਨਾਲ ਕਈ ਸਾਈਡ ਇਫੈਕਟ ਹੋ ਸਕਦੇ ਹਨ ਪਰ ਐਕਉਪ੍ਰੈਸ਼ਰ ਰਾਹੀਂ ਬਿਨ੍ਹਾਂ ਦਵਾਈਆਂ ਦੇ ਕੁਦਰਤੀ ਤਰੀਕੇ ਨਾਲ ਇਲਾਜ ਕੀਤਾ ਜਾਂਦਾ ਹੈ। ਐਕਉਪ੍ਰੈਸ਼ਰ ਇਲਾਜ਼ ਹੀ ਅਜਿਹਾ ਤਰੀਕਾ ਹੈ ਜਿਸ ਦੇ ਨਾਲ ਇਨਸਾਨ ਆਪਣੇ ਆਪ ਨੂੰ ਕੁਦਰਤੀ ਤੌਰ ਤੇ ਨਿਰੋਗ ਰੱਖ ਸਕਦਾ ਹੈ। ਐਕਉਪ੍ਰੈਸ਼ਰ ਇਲਾਜ ਸਦੀਆਂ ਪੁਰਾਣਾ ਤਕਰੀਬਨ 5000 ਸਾਲ ਪੁਰਾਣੀ ਕਲਾ ਹੈ ਜਿਸ ਵਿੱਚ ਸ਼ਰੀਰ ਦੇ ਕੁੱਝ ਖਾਸ ਉਰਜਾ ਕੇਂਦਰਾਂ ਤੇ ਹੱਥ ਨਾਲ ਜਾਂ ਖਾਸ ਯੰਤਰ ਨਾਲ ਦਬਾਅ ਦਿੱਤਾ ਜਾਂਦਾ ਹੈ ਜਿਸ ਨਾਲ ਨਾ ਸਿਰਫ ਖੂਨ ਦਾ ਸੰਚਾਰ ਠੀਕ ਹੁੰਦਾ ਹੈ ਸਗੋਂ ਸ਼ਰੀਰ ਵਿੱਚ ਜਮਾ ਹੋਏ ਵਿਸ਼ੈਲੇ ਤੱਤ ਜੋਕਿ ਬਿਮਾਰੀਆਂ ਦਾ ਮੂਲ ਕਾਰਣ ਬਣਦੇ ਹਨ ਉਹ ਵੀ ਘੱਟ ਜਾਂਦੇ ਹਨ। ਐਕਉਪ੍ਰੈਸ਼ਰ ਇਲਾਜ ਦੀ ਇਹ ਕਲਾ ਸ਼ਰੀਰ ਵਿੱਚ ਜੀਵਨ ਦਾਈ ਉਰਜਾ ਦੇ ਸਹੀ ਪ੍ਰਵਾਹ ਹੋਣ ਵਿੱਚ ਮਦਦ ਕਰਦੀ ਹੈ। ਜੇਕਰ ਸ਼ਰੀਰ ਦੇ ਕਿਸੇ ਹਿੱਸੇ ਵਿੱਚ ਦਰਦ ਹੈ ਤਾਂ ਇਸ ਦਾ ਮਤਲਬ ਹੈ ਕਿ ਉਸ ਅੰਗ ਦੇ ਉਰਜਾ ਦੇ ਪ੍ਰਵਾਹ ਵਿੱਚ ਕੋਈ ਰੁਕਾਵਟ ਆ ਰਹੀ ਹੈ ਤੇ ਫਿਰ ਉਸ ਅੰਗ ਨਾਲ ਸੰਬਧਿਤ ਉਰਜਾ ਕੇਂਦਰ ਤੇ ਦਬਾਅ ਦੇ ਕੇ ਇਲਾਜ ਕੀਤਾ ਜਾਂਦਾ ਹੈ। ਐਕਉਪ੍ਰੈਸ਼ਰ ਕੈਂਪ ਵਿੱਚ ਜੋੜਾਂ ਦੇ ਦਰਦ, ਡਿਪਰੈਸ਼ਨ, ਮਾਈਗਰੇਨ, ਸਾਈਨਸ,ਸਰਵਾਈਕਲ, ਪਿੱਠ ਦਰਦ, ਘੁਟਨਿਆਂ ਦੇ ਦਰਦ, ਅਨਿਦਰਾ ਤੇ ਹੋਰ ਵੀ ਕਈ ਬਿਮਾਰੀਆਂ ਦਾ ਇਲਾਜ ਬਿਨ੍ਹਾਂ ਦਵਾਈ ਦੇ ਕੁਦਰਤੀ ਤਰੀਕੇ ਨਾਲ ਕੀਤਾ ਗਿਆ।

# ਬਸਪਾ ਨੇ ਸੰਗਠਨ ਨੂੰ ਜੋਨ ਪੱਧਰ 'ਤੇ ਕੀਤਾ ਗਠਨ, ਤਿੰਨ ਜੋਨਾਂ ਦੇ ਕੋਆਰਡੀਨੇਟਰ ਕੀਤੇ ਨਿਯੁਕਤ- ਕਸ਼ਯਪ

## ਦੇਸ਼ ਵਿਆਪੀ ਅੰਦੋਲਨ ਦੇ ਦੂਜੇ ਪੜਾਅ ਵਿਚ ਜਿਲ੍ਹਾ ਪੱਧਰ 'ਤੇ ਪ੍ਰਦਰਸ਼ਨ 23 ਜੂਨ ਤੋਂ ਸ਼ੁਰੂ- ਕਰੀਮਪੁਰੀ

**ਫਗਵਾੜਾ, (ਰੱਤੂ)-** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਰਾਸ਼ਟਰੀ ਜਨਰਲ ਸਕੱਤਰ, ਰਾਜਸਭਾ ਮੈਂਬਰ, ਪੰਜਾਬ, ਚੰਡੀਗੜ ਤੇ ਜੰਮੂ ਕਸ਼ਮੀਰ ਦੇ ਪਾਰਟੀ ਮਾਮਲਿਆਂ ਦੇ ਇੰਚਾਰਜ ਸ੍ਰੀ ਨਰਿੰਦਰ ਕਸ਼ਯਪ ਤੇ ਬਸਪਾ ਸੂਬਾ ਪ੍ਰਧਾਨ ਤੇ ਸਾਬਕਾ ਰਾਜਸਬਾ ਮੈਂਬਰ ਸ. ਅਵਤਾਰ ਸਿੰਘ ਕਰੀਮਪੁਰੀ ਨੇ ਇੱਥੋਂ ਜਾਰੀ ਇਕ ਸਾਂਝੇ ਬਿਆਨ ਵਿਚ ਦੱਸਿਆ ਕਿ ਸੂਬੇ ਵਿਚ ਪਾਰਟੀ ਸੰਗਠਨ ਦੇ ਕੰਮਕਾਜ ਵਿਚ ਹੋਰ ਤੇਜੀ ਲਿਆਉਣ ਲਈ ਪੰਜਾਬ ਨੂੰ ਤਿੰਨ ਜੋਨਾਂ ਜਲੰਧਰ, ਫਿਰੋਜਪੁਰ ਤੇ ਪਟਿਆਲਾ ਜੋਨ ਵਿਚ ਵੰਡਿਆ ਗਿਆ ਹੈ ਤੇ ਇਨ੍ਹਾਂ ਜੋਨਾਂ ਦੇ ਵਰਕਰਾਂ ਦੀਆਂ ਕ੍ਰਮਵਾਰ 19,20 ਤੇ 21 ਮਈ ਨੂੰ ਮੀਟਿੰਗਾਂ ਕਰਕੇ ਇਨ੍ਹਾਂ ਦੇ ਕੋਆਰਡੀਨੇਟਰ ਨਿਯੁਕਤ ਕਰ ਦਿੱਤੇ ਗਏ ਹਨ। ਰਛਪਾਲ ਰਾਜੂ, ਰਾਮ ਲੁਭਾਇਆ ਤੇ ਰੋਹਿਤ ਖੋਖਰ ਨੂੰ ਜਲੰਧਰ ਜੋਨ ਦਾ ਕੋਆਰਡੀਨੇਟਰ, ਕੁਲਦੀਪ ਸਰ-



ਦੂਲਗੜ, ਸੰਤ ਰਾਮ ਮੱਲੀਆਂ, ਜਗਦੀਪ ਸਿੰਘ ਗੋਗੀ ਤੇ ਗੁਰਦੀਪ ਸਿੰਘ ਚੌਹਾਨ ਨੂੰ ਫਿਰੋਜਪੁਰ ਜੋਨ, ਅਜੀਤ ਸਿੰਘ ਭੈਣੀ, ਠੇਕੇਦਾਰ ਹਰਭਜਨ ਸਿੰਘ, ਬਲਵਿੰਟਰ ਬਿੱਟਾ ਤੇ ਨਵਜੋਤ ਜਰਗ ਨੂੰ ਪਟਿਆਲਾ ਜੋਨ ਦਾ ਕੋਆਰਡੀਨੇਟਰ ਲਗਾਇਆ ਗਿਆ ਹੈ। ਇਹ ਸਾਰੇ ਕੋਆਰਡੀਨੇਟਰ ਆਪਣੇ ਜੋਨਾਂ ਵਿਚ ਪੈਂਦੇ ਜਿਲ੍ਹਿਆਂ ਵਿਚ ਸੰਗਠਨ ਦੇ ਵਿਸਤਾਰ ਕਰਨ ਦਾ ਕੰਮ ਕਰਨਗੇ। ਜਲੰਧਰ ਜੋਨ ਵਿਚ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਤਰਨਤਾਰਨ, ਅੰਮ੍ਰਿਤਸਰ, ਗੁਰਦਾਸਪੁਰ ਤੇ ਪਠਾਨਕੋਟ ਜਿਲ੍ਹੇ ਸ਼ਾਮਲ ਕੀਤੇ ਗਏ ਹਨ। ਫਿਰੋਜਪੁਰ ਜੋਨ ਵਿਚ ਫਿਰੋਜਪੁਰ, ਫਰੀਦਕੋਟ, ਬਠਿੰਡਾ, ਮਾਨਸਾ, ਮੋਗਾ, ਮੁਕਤਸਰ ਤੇ ਫਾਜਿਲਕਾ ਸ਼ਾਮਲ ਕੀਤੇ ਗਏ ਹਨ। ਜਦਕਿ ਪਟਿਆਲਾ ਜੋਨ ਵਿਚ ਪਟਿਆਲਾ, ਸ਼ਹੀਦ ਭਗਤ ਸਿੰਘ ਨਗਰ, ਲੁਧਿਆਣਾ, ਸੰਗਰੂਰ, ਬਰਨਾਲਾ, ਮੋਹਾਲੀ, ਰੂਪਨਗਰ ਤੇ ਫਤਿਹਗੜ ਸਾਹਿਬ ਜਿਲ੍ਹੇ ਨੂੰ ਸ਼ਾਮਲ ਕੀਤਾ ਗਿਆ ਹੈ। ਸ੍ਰੀ ਕਸ਼ਯਪ ਤੇ ਸ. ਕਰੀਮਪੁਰੀ ਨੇ ਦੱਸਿਆ ਕਿ ਸੰਗਠਨ ਨੂੰ ਜੋਨ ਪੱਧਰ 'ਤੇ ਗਠਨ ਕਰਨ ਦੇ ਨਾਲ ਨਾਲ ਨੌਜਵਾਨ ਵਰਗ ਨੂੰ ਵੀ ਸੰਗਠਨ ਵਿਚ ਮਹੱਤਵਪੂਰਨ ਭੂਮਿਕਾ ਦਿੱਤੀ ਜਾ ਰਹੀ ਹੈ ਤੇ ਸੰਗਠਨ ਵਿਚ 50 ਫੀਸਦੀ ਅਹੁਦੇ ਨੌ-ਜਵਾਨ ਵਰਗ ਨੂੰ ਹੀ ਦਿੱਤੇ ਜਾਣਗੇ। ਇਨ੍ਹਾਂ ਨੇਤਾਵਾਂ ਨੇ ਇਹ ਵੀ ਦੱਸਿਆ ਕਿ ਪਾਰਟੀ ਵਲੋਂ ਰਾਸ਼ਟਰੀ ਪੱਧਰ 'ਤੇ ਸ਼ੁਰੂ ਕੀਤੇ ਦੇਸ਼ਵਿਆਪੀ ਅੰਦੋਲਨ ਦੇ ਦੂਜੇ ਪੜਾਅ ਵਿਚ ਜਿਲ੍ਹਾ ਪੱਧਰ 'ਤੇ ਪ੍ਰਦਰਸ਼ਨ ਸ਼ੁਰੂ ਕੀਤੇ ਜਾਣਗੇ। ਇਹ ਪ੍ਰਦਰਸ਼ਨ ਪੰਜਾਬ ਵਿਚ 23 ਜੂਨ ਤੋਂ ਸ਼ੁਰੂ ਕੀਤੇ ਜਾ ਰਹੇ ਹਨ। 23 ਜੂਨ ਨੂੰ ਇਹ ਪ੍ਰਦਰਸ਼ਨ ਪਹਿਲਾਂ ਚਾਰ ਜਿਲ੍ਹਿਆਂ ਹੁਸ਼ਿਆਰਪੁਰ, ਬਠਿੰਡਾ, ਪਟਿਆਲਾ ਤੇ ਅੰਮ੍ਰਿਤਸਰ ਵਿਚ ਕੀਤੇ ਜਾਣਗੇ। ਉਸ ਤੋਂ ਬਾਅਦ ਦੂਜੇ ਜਿਲ੍ਹਿਆਂ ਵਿਚ ਕੀਤੇ ਜਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਪ੍ਰਦਰਸ਼ਨ ਕੇਂਦਰ ਤੇ ਸੂਬਾ ਸਰਕਾਰ ਵਲੋਂ ਅਨੁਸੂਚਿਤ ਜਾਤੀਆਂ ਤੇ ਪਛੜੇ ਵਰਗਾਂ ਦੇ ਖਤਮ ਕੀਤੇ ਜਾ ਰਹੇ ਰਾਖਵੇਂਕਰਨ ਦੇ ਵਿਰੋਧ, ਦਲਿਤ ਪਛੜੇ ਵਰਗਾਂ ਦੇ ਅਤਿਆਚਾਰਾਂ, ਕੇਂਦਰ ਤੇ ਸੂਬਾ ਸਰਕਾਰ ਦੀਆਂ ਹੋਰ ਜਨਵਿਰੋਧੀ ਨੀਤੀਆਂ ਦੇ ਵਿਰੋਧ ਵਿਚ ਕੀਤੇ ਜਾ ਰਹੇ ਹਨ। ਬਸਪਾ ਨੇਤਾਵਾਂ ਨੇ ਇਹ ਵੀ ਦਾਅਵਾ ਕੀਤਾ ਕਿ ਪਾਰਟੀ ਵਿਚ ਨੌਜਵਾਨਾਂ ਦੀ ਸ਼ਮੂਲੀਅਤ ਲਗਾਤਾਰ ਵਧ ਰਹੀ ਹੈ ਤੇ ਪਾਰਟੀ ਸੂਬੇ ਵਿਚ ਇਕ ਮਜਬੂਤ ਰਾਜਨੀਤਕ ਤਾਕਤ ਵਜੋਂ ਉੱਭਰ ਰਹੀ ਹੈ।

# ਸੋਵੀਨਾਰ ਸਾਂਝ ਦਾ ਦਸਵਾਂ ਅੰਕ ਰਿਲੀਜ਼

## ਸ਼ਾਇਰ ਬਲਦੇਵ ਕੌਮਲ ਅਤੇ ਅਸ਼ੋਕ ਕਾਸਿਦ ਨੇ ਆਪਣੀਆਂ ਗਜ਼ਲਾਂ ਪੇਸ਼ ਕਰ ਖ਼ੂਬ ਵਾਹ ਵਾਹ ਖੱਟੀ





**ਫਗਵਾੜਾ, (ਬੀ. ਕੇ. ਰੱਤੂ)-** ਅਦਾਰਾ ਸਾਂਝ ਵਲੋਂ ਸਥਾਨਕ ਪ੍ਰੇਮਪੁਰਾ ਵਿਖੇ ਸੋਵੀਨਰ ਸਾਂਝ ਦਾ ਦਸਵਾਂ ਅੰਕ ਰੀਲੀਜ਼ ਸਮਾਰੋਹ ਕਰਵਾਇਆ ਗਿਆ। ਪ੍ਰੋਗਰਾਮ ਦੌਰਾਨ ਪ੍ਰਧਾਨਗੀ ਮੰਡਲ ਵਿੱਚ ਬਤੌਰ ਮੁੱਖ ਮਹਿਮਾਨ ਨੌਜਵਾਨ ਸਮਾਜ ਸੇਵਕ ਤੇਜਿੰਦਰ ਸਿੰਘ ਸੋਨੂੰ ਬਸਰਾ ਸ਼ਾਮਿਲ ਹੋਏ। ਵਿਸ਼ੇਸ਼ ਮਹਿਮਾਨ ਚ ਬਹਾਦਰ ਸਿੰਘ ਸੰਗਤਪੁਰ, ਰੂਲਦੂ ਰਾਮ ਜਲੰਧਰ , ਮੋਹਣ ਸਿੰਘ ਗੋਸਲ, ਅਮਰੀਕ ਸਿੰਘ ਨਾਮਧਾਰੀ ਆਦਿ ਸ਼ਾਮਲ ਸਨ। ਸਾਂਝ ਦੇ ਸੰਪਾਦਕ ਆਰ. ਐਲ.ਜੱਸੀ ਨੇ ਹੁਣ ਤੱਕ ਦੇ ਸਾਂਝ ਦੇ ਸਫਰ ਤੇ ਚਾਨਣਾ ਪਾਇਆ ਤੇ ਅਦਾਰੇ ਨਾਲ ਜੁੜੇ ਲੋਕਾਂ ਦਾ ਧੰਨਵਾਦ ਕੀਤਾ। ਬੁਲਾਰਿਆ ਵਿੱਚ ਅਰੁਣ ਘਈ ਬੰਗਾ, ਅਲੋਚਕ ਡਾ. ਜਗੀਰ ਸਿੰਘ ਨੂਰ ਨੇ ਵੀ ਸਾਂਝ ਸੋਵੀਨਰ ਪ੍ਰਤੀ ਆਪਣੇ ਵਿਚਾਰ ਪੇਸ਼ ਕੀਤੇ। ਸ਼ਾਇਰ ਬਲਦੇਵ ਕੌਮਲ ਅਤੇ ਅਸ਼ੋਕ ਕਾਸਿਦ ਨੇ ਆਪਣੀਆਂ ਗਜ਼ਲਾਂ ਪੇਸ਼ ਕਰ ਖ਼ੂਬ ਵਾਹ ਵਾਹ ਖੱਟੀ। ਇਸ ਮੌਕੇ ਹਾਜ਼ਿਰ ਸ਼ਖਸ਼ੀਅਤਾਂ ਚ ਪ੍ਰਧਾਨ ਦੇਵ ਪ੍ਰਕਾਸ਼ ਜੱਸੀ, ਗੋਬਿੰਦ ਲਾਲ ਜੱਸੀ ਰਿਟਾਇਰ ਬੈਂਕ ਮੈਨੇਜ਼ਰ, ਅਮਰਜੀਤ ਕੁੱਕੀ ਐਮ.ਸੀ., ਪ੍ਰਿੰਸੀਪਲ ਗਿਆਨ ਚੰਦ ਜੱਸੀ, ਸਰਪੰਚ ਹੰਸਰਾਜ ਤੱਲ੍ਹਣ, ਕਰਮਜੀਤ ਸੰਧੂ, ਜਗੀਰ ਸਿੰਘ ਜਲੰਧਰ, ਜਸਪਾਲ ਸੇਮੀ, ਮੈਡਮ ਅਮ੍ਰਿਤ ਕੌਰ , ਜੁਗਿੰਦਰ ਸਿੰਘ ਜੰਡਿਆਲੀ ਮੇਜ਼ਰ ਰਾਮ ਜੱਸੀ, ਗੁਰਮੇਜ਼ ਮੇਹਲੀ, ਹਰਜੀਤ ਜੱਸੀ ਤੋਂ ਇਲਾਵਾ ਭਾਰੀ ਗਿਣਤੀ ਚ ਲੋਕ ਹਾਜ਼ਿਰ ਸਨ। ਅਖੀਰ ਵਿੱਚ ਦੇਸ਼ ਰਾਜ ਬੰਗਾ ਨੇ ਆਏ ਮਹਿਮਾਨਾਂ ਦਾ ਅਦਾਰੇ ਵਲੋ ਧੰਨਵਾਦ ਕੀਤਾ।

# ਨਾਗੌਰ: ਇਕ ਹੋਰ ਖੈਰਲਾਂਜੀ



**ਰਾਜਸਥਾਨ ਵਿਚ ਦਲਿਤਾਂ ਦੇ ਨਸਲਘਾਤ ਤੇ ਭੰਵਰ ਮੇਘਵੰਸ਼ੀ ਦੀ ਇਹ ਰਿਪੋਰਟ ਇਸ ਮੁਲਕ ਦਾ ਚਿਹਰਾ ਹੈ, ਜੋ ਰੋਜ਼ ਦਲਿਤ, ਮੁਸਲਿਮ, ਆਦਿਵਾਸੀ ਬਸਤੀਆਂ ਵਿਚ ਦੇਖਣ ਨੂੰ ਮਿਲਦਾ ਹੈ। ਭੰਵਰ ਰਾਜਸਥਾਨ ਵਿਚ ਦਲਿਤ, ਆਦਿਵਾਸੀ ਅਤੇ ਘੁੰਮਨਤੂ ਭਾਈਚਾਰੇ ਦੇ ਲਈ ਸੰਘਰਸ਼ ਚੱਲ ਰਿਹਾ ਹੈ।**

ਰਾਜਸਥਾਨ ਦਾ ਨਾਗੌਰ ਜ਼ਿਲ੍ਹਾ ਦਲਿਤਾਂ ਦੀ ਕਬਰਗਾਹ ਬਣਦਾ ਜਾ ਰਿਹਾ ਹੈ। ਰਾਜਧਾਨੀ ਜੈਪੁਰ ਤੋਂ ਤਕਰੀਬਨ ਢਾਈ ਸੌ ਕਿਲੋਮੀਟਰ ਦੂਰ ਸਥਿਤ ਹੋਰ ਪੱਛੜੇ ਵਰਗ ਦੀ ਇਕ ਗੁੰਡਾਗਰਦ ਜਾਟ ਜਾਤੀ ਦੀ ਬਹੁਗਿਣਤੀ ਵਾਲਾ ਨਾਗੌਰ ਜ਼ਿਲ੍ਹਾ ਅੱਜਕਲ੍ਹ ਦਲਿਤ ਸ਼ੋਸ਼ਣ ਦੀਆਂ ਲਗਾਤਾਰ ਹੋ ਰਹੀਆਂ ਸ਼ਰਮਨਾਕ ਘਟਨਾਵਾਂ ਦੇ ਕਾਰਨ ਬਦਨਾਮ ਹੋ ਰਿਹਾ ਹੈ। ਬੀਤੇ ਇਕ ਸਾਲ ਦੇ ਅੰਦਰ ਇੱਥੇ ਦਲਿਤਾਂ ਦੇ ਨਾਲ ਜਿਸ ਕਿਸਮ ਦਾ ਜ਼ੁਲਮ ਹੋਇਆ ਹੈ ਅਤੇ ਅੱਜ ਵੀ ਜਾਰੀ ਹੈ, ਉਸਨੂੰ ਦੇਖਿਆ ਜਾਵੇ ਤਾਂ ਦਿਲ ਦਹਿਲ ਜਾਂਦਾ ਹੈ, ਯਕੀਨ ਹੀ ਨਹੀਂ ਆਉਂਦਾ ਹੈ ਕਿ ਅਸੀਂ ਆਜ਼ਾਦ ਭਾਰਤ ਦੇ ਕਿਸੇ ਇਕ ਹਿੱਸੇ ਦੀ ਗੱਲ ਕਰ ਰਹੇ ਹਾਂ। ਅਜਿਹੀਆਂ ਬੇਰਹਿਮ ਅਤੇ ਕਰੂਰ ਵਾਰਦਾਤਾਂ ਕਿ ਜਿਹਨਾਂ ਦੇ ਸਾਹਮਣੇ ਤਾਲਿਬਾਨ ਅਤੇ ਹੋਰ ਅੱਤਵਾਦੀ ਗਰੁੱਪਾਂ ਦੁਆਰਾ ਕੀਤੀਆਂ ਜਾਣ ਵਾਲੀਆਂ ਘਟਨਾਵਾਂ ਵੀ ਛੋਟੀਆਂ ਪੈਣ ਲੱਗਦੀਆਂ ਹਨ। ਕੀ ਕਿਸੇ ਲੋਕਤੰਤਰੀ ਰਾਸ਼ਟਰ ਵਿਚ ਅਜਿਹੀਆਂ ਘਟਨਾਵਾਂ ਸੰਭਵ ਹੈ? ਵੈਸੇ ਤਾਂ ਅਸੰਭਵ ਹੈ, ਪਰ ਇਹ ਸੰਭਵ ਹੋ ਰਹੀਆਂ ਹਨ, ਇੱਥੋਂ ਦੇ ਸਿਆਸੀ ਅਤੇ ਪ੍ਰਸ਼ਾਸਨਿਕ ਢਾਂਚੇ ਦੀ ਨਾਕਾਮੀ ਦੇ ਕਾਰਨ।

ਨਾਗੌਰ ਜ਼ਿਲ੍ਹੇ ਦੇ ਬਸਵਾਨੀ ਪਿੰਡ ਵਿਚ ਪਿਛਲੇ ਮਹੀਨੇ ਹੀ ਇਕ ਦਲਿਤ ਪਰਿਵਾਰ ਦੇ ਝੌਂਪੜੇ ਵਿਚ ਬਦਮਾਸ਼ ਜਾਟਾਂ ਨੇ ਅੱਗ ਲਗਾ ਦਿੱਤੀ, ਜਿਸ ਕਾਰਨ ਇਕ ਬਜ਼ੁਰਗ ਦਲਿਤ ਔਰਤ ਉਥੇ ਸੜ ਕੇ ਰਾਖ ਹੋ ਗਈ ਅਤੇ ਦੋ ਹੋਰ ਲੋਕ ਬੁਰੀ ਤਰ੍ਹਾਂ ਸੜ ਗਏ, ਜਿਹਨਾਂ ਨੂੰ ਜੋਧਪੁਰ ਦੇ ਸਰਕਾਰੀ ਹਸਪਤਾਲ ਵਿਚ ਇਲਾਜ ਲਈ ਭੇਜਿਆ ਗਿਆ। ਇਸੇ ਜ਼ਿਲ੍ਹੇ ਦੇ ਲੰਗੋੜ ਪਿੰਡ ਵਿਚ ਇਕ ਦਲਿਤ ਨੂੰ ਜਿੰਦਾ ਦਫਨਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਮੁੰਡਾਸਰ ਵਿਚ ਇਕ ਦਲਿਤ ਔਰਤ ਨੂੰ ਘੜੀਸ ਕੇ ਟ੍ਰੈਕਟਰ ਦੇ ਗਰਮ ਸਾਈਲੈਂਸਰ ਨਾਲ ਦਾਗਿਆ ਗਿਆ ਅਤੇ ਹਿਰਡੋਦਾ ਪਿੰਡ ਵਿਚ ਇਕ ਦਲਿਤ ਲਾੜ੍ਹੇ ਨੂੰ ਘੋੜੀ ਤੋਂ ਹੇਠਾਂ ਪਟਕ ਕੇ ਜਾਨ ਤੋਂ ਮਾਰਨ ਦੀ ਕੋਸ਼ਿਸ਼ ਕੀਤੀ ਗਈ। ਰਾਜਸਥਾਨ ਦਾ ਇਹ ਜਾਟਲੈਂਡ ਜਿਸ ਤਰ੍ਹਾਂ ਦੀਆਂ ਗੈਰ ਮਨੁੱਖੀ ਘਟਨਾਵਾਂ ਨੂੰ ਅੰਜ਼ਾਮ ਦੇ ਰਿਹਾ ਹੈ, ਉਸਦੇ ਸਾਹਮਣੇ ਤਾਂ ਖਾਪ ਪੰਚਾਇਤਾਂ ਦੇ ਤੁਗਲਕੀ ਫੁਰਮਾਨ ਵੀ ਕਿਤੇ ਨਹੀਂ ਟਿਕਦੇ ਹਨ। ਅਜਿਹਾ ਲੱਗਦਾ ਹੈ ਕਿ ਇਸ ਇਲਾਕੇ ਵਿਚ ਕਾਨੂੰਨ ਦਾ ਰਾਜ ਨਹੀਂ, ਬਲਕਿ ਜਾਟ ਨਾਮੀ ਕਿਸੇ ਕਬੀਲੇ ਦਾ ਕਬਾਇਲੀ ਕਾਨੂੰਨ ਚਲਦਾ ਹੈ, ਜਿਸ ਵਿਚ ਭੀੜ ਦਾ ਹੁਕਮ ਹੀ ਨਿਆਂ ਹੈ ਅਤੇ ਅਵਾਰਾ ਭੀੜ ਦੁਆਰਾ ਕੀਤੇ ਗਏ ਮਾੜੇ ਕਰਮਾਂ ਦਾ ਹੀ ਵਿਧਾਨ ਹੈ।

### ਡਾਂਗਾਵਾਸ: ਦਲਿਤ ਹੱਤਿਆਵਾਂ ਦੀ ਪ੍ਰਯੋਗਸ਼ਾਲਾ

ਨਾਗੌਰ ਜ਼ਿਲ੍ਹੇ ਦੀ ਤਹਿਸੀਲ ਮੇੜਤਾ ਸਿਟੀ ਦਾ ਨੇੜੇ ਦਾ ਪਿੰਡ ਹੈ ਡਾਂਗਾਵਾਸ, ਜਿੱਥੇ 150 ਦਲਿਤ ਪਰਿਵਾਰ ਨਿਵਾਸ ਕਰਦੇ ਹਨ ਅਤੇ ਇੱਥੇ 1600 ਪਰਿਵਾਰ ਜਾਟ ਫਿਰਕੇ ਦੇ ਹਨ। ਤਹਿਸੀਲ ਹੈਡਕੁਆਰਟਰ ਤੋਂ ਕਰੀਬ 2 ਕਿਲੋਮੀਟਰ ਦੂਰੀ ਤੇ ਸਥਿਤ ਹੈ ਡਾਂਗਾਵਾਸ। ਜੀ ਹਾਂ, ਇਹ ਉਹੀ ਡਾਂਗਾਵਾਸ ਪਿੰਡ ਹੈ, ਜਿੱਥੇ ਪਿਛਲੇ ਇਕ ਸਾਲ ਵਿਚ ਚਾਰ ਦਲਿਤ ਹੱਤਿਆਕਾਂਡ ਹੋ ਚੁੱਕੇ ਹਨ, ਜਿਸ ਵਿਚ ਸਭ ਤੋਂ ਭਿਆਨਕ ਹਾਲ ਹੀ ਵਿਚ ਹੋਇਆ ਹੈ। ਇਕ ਸਾਲ ਪਹਿਲਾਂ ਇੱਥੋਂ ਦੇ ਬਦਨਾਮ ਜਾਟਾਂ ਨੇ ਮੋਹਨ ਲਾਲ ਮੇਘਵਾਲ ਦੇ ਨਿਰਦੋਸ਼ ਮੁੰਡੇ ਦੀ ਜਾਨ ਲੈ ਲਈ ਸੀ, ਮਾਮਲਾ ਪਿੰਡ ਵਿਚ ਹੀ ਖਤਮ ਕਰ ਦਿੱਤਾ ਗਿਆ, ਉਸ ਤੋਂ ਬਾਅਦ 6 ਮਹੀਨੇ ਪਹਿਲਾਂ ਮਦਨ ਪੁੱਤਰ ਗੱਭਰੂ ਮੇਘਵਾਲ ਦੇ ਪੈਰ ਤੋੜ ਦਿੱਤੇ ਗਏ। 4 ਮਹੀਨੇ ਪਹਿਲਾਂ ਸੰਪਤ ਮੇਘਵਾਲ ਨੂੰ ਜਾਨ ਤੋਂ ਖਤਮ ਕਰ ਦਿੱਤਾ ਗਿਆ। ਇਹਨਾਂ ਸਾਰੀਆਂ ਘਟਨਾਵਾਂ ਨੂੰ ਆਪਸੀ ਸਮਝ ਅਤੇ ਡਰਾ ਧਮਕਾ ਕੇ ਰਫਾ ਦਫਾ ਕਰ ਦਿੱਤਾ। ਪੁਲਿਸ ਨੇ ਵੀ ਕੋਈ ਕਾਰਵਾਈ ਨਹੀਂ ਕੀਤੀ।

ਸਥਾਨਕ ਦਲਿਤਾਂ ਦਾ ਕਹਿਣਾ ਹੈ ਕਿ ਬਸਵਾਨੀ ਵਿਚ ਦਲਿਤ ਔਰਤ ਨੂੰ ਜਿੰਦਾ ਸਾੜਨ ਦੇ ਦੋਸ਼ੀ ਪਕੜੇ ਨਹੀਂ ਗਏ ਅਤੇ ਬਾਕੀ ਥਾਵਾਂ ਦੀਆਂ ਗੰਭੀਰ ਘਟਨਾਵਾਂ ਵਿਚ ਵੀ ਕੋਈ ਕਾਰਵਾਈ ਇਸ ਕਰਕੇ ਨਹੀਂ ਹੋਈ, ਕਿਉਂਕਿ ਸਾਰੀਆਂ ਘਟਨਾਵਾਂ ਦੇ ਮੁੱਖ ਦੋਸ਼ੀ ਪ੍ਰਭਾਵਸ਼ਾਲੀ ਜਾਟ ਫਿਰਕੇ ਦੇ ਲੋਕ ਹਨ। ਇੱਥੇ ਥਾਣੇਦਾਰ ਵੀ ਉਹਨਾਂ ਦੇ ਹਨ, ਤਹਿਸੀਲਦਾਰ ਵੀ ਉਹਨਾਂ ਦੇ ਹੀ ਅਤੇ ਸਿਆਸਤਦਾਨ ਵੀ ਉਹਨਾਂ ਦੀ ਹੀ ਕੌਮ ਦੇ ਹਨ, ਫਿਰ ਕਿਸਦੀ ਹਿੰਮਤ ਜੋ ਜਾਟਾਂ ਨੂੰ ਹੱਥ ਪਾਉਣ ਦੀ ਹਿੰਮਤ ਕਰੇਗਾ? ਇਸੇ ਤਰ੍ਹਾਂ ਮਿਲੀਭੁਗਤ ਨਾਲ ਸਾਲਾਂ ਤੋਂ ਦਮਨ ਦਾ ਇਹ ਚੱਕਰ ਜਾਰੀ ਹੈ। ਕੋਈ ਆਵਾਜ਼ ਨਹੀਂ ਉਠਾ ਸਕਦਾ, ਜੇਕਰ ਭੁੱਲੇ ਭਟਕੇ ਵਿਰੋਧ ਦੀ ਆਵਾਜ਼ ਉਠ ਵੀ ਜਾਂਦੀ ਹੈ ਤਾਂ ਉਸਨੂੰ ਖਾਮੋਸ਼ ਕਰ ਦਿੱਤਾ ਜਾਂਦਾ ਹੈ।

### ਜ਼ਮੀਨ ਦੇ ਬਦਲੇ ਜਾਨ

ਇਕ ਹੋਰ ਧਿਆਨ ਦੇਣ ਯੋਗ ਤੱਥ ਇਹ ਵੀ ਹੈ ਕਿ ਰਾਜਸਥਾਨ ਕਾਸ਼ਤਕਾਰੀ ਕਾਨੂੰਨ ਦੀ ਧਾਰਾ 42 (ਬੀ) ਦੇ ਹੁੰਦੇ ਹੋਏ ਵੀ ਜ਼ਿਲ੍ਹੇ ਵਿਚ ਦਲਿਤਾਂ ਦੀ ਹਜ਼ਾਰਾਂ ਵਿੱਘੇ ਜ਼ਮੀਨ ਤੇ ਬਦਮਾਸ਼ ਜਾਟ ਫਿਰਕੇ ਦੇ ਭੂਮੀ-ਮਾਫੀਆਵਾਂ ਨੇ ਜਬਰਦਸਤੀ ਕਬਜ਼ਾ ਕਰ ਰੱਖਿਆ ਹੈ। ਇਹ ਕਬਜ਼ੇ ਫਰਜ਼ੀ ਗਿਰਵੀ ਕਰਾਰਾਂ, ਝੂਠੇ ਇਕਰਾਰਨਾਮੇ ਅਤੇ ਧੌਂਸ ਪੱਟੀ ਦੇ ਨਾਲ ਕੀਤੇ ਗਏ ਹਨ, ਜਦੋਂ ਵੀ ਕੋਈ ਦਲਿਤ ਆਪਣੇ ਭੂਮੀ ਅਧਿਕਾਰ ਦੀ ਮੰਗ ਕਰਦਾ ਹੈ ਤਾਂ ਬਦਮਾਸ਼ਾਂ ਦੀ ਬਦਮਾਸ਼ੀ ਪੂਰੀ ਖੁੱਲ੍ਹ ਨਾਲ ਆਰੰਭ ਹੋ ਜਾਂਦੀ ਹੈ। ਅਜਿਹਾ ਹੀ ਇਕ ਜ਼ਮੀਨ ਦਾ ਮਾਮਲਾ ਦਲਿਤ ਅੱਤਿਆਚਾਰਾਂ ਦੇ ਲਈ ਬਦਨਾਮ ਡਾਂਗਾਵਾਸ ਪਿੰਡ ਵਿਚ ਬੀਤੇ 30 ਸਾਲਾਂ ਤੋਂ ਕੋਰਟ ਵਿਚ ਜੇਰੇ ਟ੍ਰਾਇਲ ਸੀ। ਹੋਇਆ ਇਹ ਕਿ ਬਸਤਾ ਰਾਮ ਨਾਮੀ ਮੇਘਵਾਲ ਦਲਿਤ ਦੀ 23 ਵਿੱਘੇ 5 ਵਿੱਸਵੇ ਜ਼ਮੀਨ ਕਦੀ ਕੇਵਲ 1500 ਰੁਪਏ ਵਿਚ ਇਸ ਸ਼ਰਤ ਤੇ ਗਿਰਵੀ ਰੱਖੀ ਗਈ ਕਿ ਚਿਮਨਾ ਰਾਮ ਜਾਟ ਉਸ ਤੋਂ ਫਸਲ ਲਵੇਗਾ ਅਤੇ ਮੂਲ ਰਕਮ ਦਾ ਵਿਆਜ ਨਹੀਂ ਲਿਆ ਜਾਵੇਗਾ। ਬਾਅਦ ਵਿਚ ਜਦੋਂ ਵੀ ਦਲਿਤ ਬਸਤਾ ਰਾਮ ਸਮਰੱਥ ਹੋਵੇਗਾ ਤਾਂ ਉਹ ਆਪਣੀ ਜ਼ਮੀਨ ਗਿਰਵੀ ਤੋਂ ਛੁਡਵਾ ਲਵੇਗਾ। ਬਸਤਾਰਾਮ ਜਦੋਂ ਇਸ ਸਥਿਤੀ ਵਿਚ ਆਇਆ ਕਿ ਉਹ ਮੂਲ ਰਕਮ ਦੇ ਕੇ ਆਪਣੀ ਜ਼ਮੀਨ ਛੁਡਵਾ ਸਕੇ, ਉਦੋਂ ਤੱਕ ਚਿਮਨਾ ਰਾਮ ਜਾਟ ਅਤੇ ਉਸਦੇ ਪੁੱਤਰਾਂ ਓਮਾਰਾਮ ਅਤੇ ਕਾਨਾ ਰਾਮ ਦੇ ਮਨ ਵਿਚ ਲਾਲਚ ਆ ਗਿਆ। ਜ਼ਮੀਨ ਕੀਮਤੀ ਹੋ ਗਈ। ਉਹਨਾਂ ਨੇ ਜ਼ਮੀਨ ਹੜੱਪਣ ਦੀ ਸੋਚ ਲਈ ਅਤੇ ਦਲਿਤਾਂ ਨੂੰ ਜ਼ਮੀਨ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ। ਪਹਿਲਾਂ ਦਲਿਤਾਂ ਨੇ ਬੇਨਤੀ ਕੀਤੀ, ਫਿਰ ਪਿਆਰ ਨਾਲ ਪਿੰਡ ਵਾਲਿਆਂ ਦੇ ਸਾਹਮਣੇ ਆਪਣਾ ਦੁਖੜਾ ਰੋਇਆ, ਪਰ ਜਿੱਦੀ ਜਾਟ ਪਰਿਵਾਰ ਨਹੀਂ ਮੰਨਿਆ। ਮਜਬੂਰਨ ਦਲਿਤ ਬਸਤਾ ਰਾਮ ਨੂੰ ਅਦਾਲਤ ਦੀ ਸ਼ਰਨ ਲੈਣੀ ਪਈ। ਕਰੀਬ ਤੀਹ ਸਾਲ ਪਹਿਲਾਂ ਮਾਮਲਾ ਮੇੜਤਾ ਕੋਰਟ ਵਿਚ ਪਹੁੰਚਿਆ, ਬਸਤਾਰਾਮ ਤਾਂ ਨਿਆਂ ਮਿਲਣ ਤੋਂ ਪਹਿਲਾਂ ਹੀ ਗੁਜ਼ਰ ਗਿਆ, ਬਾਅਦ ਵਿਚ ਉਸਦੇ ਗੋਦ ਲਏ ਪੁੱਤਰ ਰਤਨਾਰਾਮ ਨੇ ਜ਼ਮੀਨ ਦੀ ਇਹ ਜੰਗ ਜਾਰੀ ਰੱਖੀ ਅਤੇ ਆਪਣੇ ਪੱਖ ਵਿਚ ਫੈਸਲਾ ਪ੍ਰਾਪਤ ਕਰ ਲਿਆ। ਸਾਲ 2006 ਵਿਚ ਉਕਤ ਭੂਮੀ ਰਤਨਾ ਰਾਮ ਦੇ ਨਾਂ ਤੇ ਦਰਜ ਹੋ ਗਈ ਅਤੇ ਹਾਲ ਹੀ ਵਿਚ ਕੋਰਟ ਦਾ ਫੈਸਲਾ ਵੀ ਦਲਿਤ ਖਾਤੇਦਾਰ ਰਤਨਾ ਰਾਮ ਦੇ ਪੱਖ ਵਿਚ ਆ ਗਿਆ। ਇਸ ਤੋਂ ਬਾਅਦ ਰਤਨਾ ਰਾਮ ਆਪਣੀ ਜ਼ਮੀਨ ਤੇ ਇਕ ਪੱਕਾ ਮਕਾਨ ਅਤੇ ਇਕ ਕੱਚਾ ਝੌਂਪੜਾ ਬਣਾ ਕੇ ਪਰਿਵਾਰ ਸਮੇਤ ਰਹਿਣ ਲੱਗਿਆ ਪਰ ਇਸੇ ਵਿਚਕਾਰ 21 ਅਪ੍ਰੈਲ 2015 ਨੂੰ ਚਿਮਨਾ ਰਾਮ ਜਾਟ ਦੇ ਪੁੱਤਰ ਕਾਨਾਰਾਮ ਅਤੇ ਓਮਰਾਮ ਨੇ ਇਸ ਜ਼ਮੀਨ ਤੇ ਜਬਰਦਸਤੀ ਤਲਾਬ ਪੁੱਟਣਾ ਆਰੰਭ ਕਰ ਦਿੱਤਾ ਅਤੇ ਖੇਜੜੀ ਦੇ ਦਰੱਖਤ ਕੱਟ ਲਏ। ਰਤਨਾ ਰਾਮ ਨੇ ਇਸ ਤੇ ਇਤਰਾਜ਼ ਕੀਤਾ ਤਾਂ ਜਾਟ ਪਰਿਵਾਰ ਦੇ ਲੋਕਾਂ ਨੇ ਨਾ ਕੇਵਲ ਉਸਨੂੰ ਜਾਤੀਵਾਦੀ ਪੱਖੋਂ ਅਪਮਾਨਿਤ ਕੀਤਾ ਬਲਕਿ ਉਸਨੂੰ ਅਤੇ ਉਸਦੇ ਪਰਿਵਾਰ ਨੂੰ ਜਾਨ ਤੋਂ ਮਾਰਨ ਦੀ ਧਮਕੀ ਵੀ ਦਿੱਤੀ। ਮਜਬੂਰਨ ਦਲਿਤ ਰਤਨਾ ਰਾਮ ਮੇੜਤਾ ਥਾਣੇ ਪਹੁੰਚਿਆ ਅਤੇ ਜਾਟਾਂ ਦੇ ਖਿਲਾਫ ਰਿਪੋਰਟ ਕੀਤੀ। ਪਰ ਥਾਣੇਦਾਰ ਜੋ ਕਿ ਜਾਟ ਫਿਰਕੇ ਨਾਲ ਸਬੰਧ ਰੱਖਦਾ ਸੀ, ਸੋ ਉਹਨਾਂ ਨੇ ਰਤਨਰਾਮ ਦੀ ਸ਼ਿਕਾਇਤ ਤੇ ਕੋਈ ਕਾਰਵਾਈ ਨਾ ਕੀਤੀ। ਦੋਵੇਂ ਪੰਖਾਂ ਵਿਚਕਾਰ ਕੁਝ ਨਾ ਕੁਝ ਚਲਦਾ ਰਿਹਾ।

### ਬੇਰਹਿਮ ਨਰਸੰਹਾਰ

12 ਮਈ ਨੂੰ ਜਾਟਾਂ ਨੇ ਇਕ ਪੰਚਾਇਤ ਡਾਂਗਾਵਾਸ ਵਿਚ ਬੁਲਾਉਣ ਦਾ ਫੈਸਲਾ ਕੀਤਾ ਪਰ ਰਤਨਾ ਰਾਮ ਅਤੇ ਉਸਦੇ ਭਰਾ ਪਾਂਚਾਰਾਮ ਦੇ ਪਿੰਡ ਵਿਚ ਨਾ ਹੋਣ ਦੇ ਕਾਰਨ ਇਹ ਕੈਂਸਲ ਕਰ ਦਿੱਤੀ ਗਈ। ਬਾਅਦ ਵਿਚ 14 ਮਈ ਨੂੰ ਫਿਰ ਤੋਂ ਜਾਟ ਪੰਚਾਇਤ ਬੈਠੀ। ਇਸ ਵਾਰ ਆਰ ਪਾਰ ਦਾ ਫੈਸਲਾ ਕਰਨਾ ਹੀ ਪੰਚਾਇਤ ਦਾ ਉਦੇਸ਼ ਸੀ। ਅਖੀਰ ਇੱਕਪਾਸੜ ਫਰਮਾਨ ਜਾਰੀ ਹੋਇਆ ਕਿ ਦਲਿਤਾਂ ਨੂੰ ਕਿਸੇ ਵੀ ਕੀਮਤ ਤੇ ਉਸ ਜ਼ਮੀਨ ਤੋਂ ਖਦੇੜਨਾ ਹੈ। ਚਾਹੇ ਜਾਨ ਦੇਣੀ ਪਵੇ ਜਾਂ ਲੈਣੀ ਪਵੇ। ਦੂਜੇ ਪਾਸੇ ਪੰਚਾਇਤ ਹੋਣ ਦੀ ਸੂਚਨਾ ਤੇ ਦਲਿਤ ਆਪਦੇ ਆਪ ਨੂੰ ਬੁਲਾਏ ਜਾਣ ਦਾ ਇੰਤਜ਼ਾਰ ਕਰਦੇ ਹੋਏ ਆਪਣੇ ਖੇਤ ਦੇ ਸਥਿਤ ਮਕਾਨ ਵਿਚ ਹੀ ਮੌਜੂਦ ਰਹੇ। ਅਚਾਨਕ ਉਹਨਾਂ ਨੇ ਦੇਖਿਆ ਕਿ ਸੈਂਕੜਿਆਂ ਦੀ ਗਿਣਤੀ ਵਿਚ ਜਾਟ ਲੋਕ ਹੱਥਾਂ ਵਿਚ ਲਾਠੀਆਂ, ਲੋਹੇ ਦੇ ਸਰੀਏ ਅਤੇ ਬੰਦੂਕਾਂ ਲੈ ਕੇ ਉਥੇ ਆ ਧਮਕੇ ਹਨ ਅਤੇ ਮੁੱਠੀ ਭਰ ਦਲਿਤਾਂ ਨੂੰ ਚਾਰੇ ਪਾਸਿਉਂ ਘੇਰ ਕੇ ਮਾਰਨ ਲੱਗੇ, ਉਹਨਾਂ ਨੇ ਨਾਲ ਲਿਆਂਦੇ ਟਰੈਕਟਰਾਂ ਨਾਲ ਮਕਾਨ ਤੋੜਨੇ ਵੀ ਚਾਲੂ ਕਰ ਦਿੱਤੇ।

ਲਾਠੀਆਂ ਅਤੇ ਸਰੀਆਂ ਨਾਲ ਜਦੋਂ ਦਲਿਤਾਂ ਨੂੰ ਮਾਰਿਆ ਜਾ ਰਿਹਾ ਸੀ, ਇਸੇ ਦੌਰਾਨ ਕਿਸੇ ਨੇ ਰਤਨਾਰਾਮ ਮੇਘਵਾਲ ਦੇ ਲੜਕੇ ਮੁੰਨਾਰਾਮ ਨੂੰ ਨਿਸ਼ਾਨਾ ਬਣਾ ਕੇ ਫਾਇਰ ਕਰ ਦਿੱਤਾ ਪਰ ਉਸੇ ਵਕਤ ਕਿਸੇ ਹੋਰ ਨੇ ਮੁੰਨਾ ਰਾਮ ਦੇ ਸਿਰ ਦੇ ਪਿੱਛੇ ਵੱਲ ਲੋਹੇ ਦੇ ਸਰੀਏ ਨਾਲ ਵਾਰ ਕਰ ਦੱਤਿਾ, ਜਿਸ ਕਰਕੇ ਮੁੰਨਾਰਾਮ ਡਿੱਗ ਪਿਆ ਅਤੇ ਗੋਲੀ ਰਾਮਪਾਲ ਗੋਸਵਾਮੀ ਨੂੰ ਜਾ ਲੱਗੀ ਜੋ ਕਿ ਜਾਟਾਂ ਦੀ ਭੀੜ ਦੇ ਨਾਲ ਹੀ ਆਇਆ ਸੀ। ਗੋਸਵਾਮੀ ਦੀ ਬੇਵਜ੍ਹਾ ਹੱਤਿਆ ਦੇ ਬਾਅਦ ਜਾਟ ਹੋਰ ਵੀ ਉਗਰ ਹੋ ਗਏ। ਉਹਨਾਂ ਨੇ ਮਨੁੱਖਤਾ ਦੀਆਂ ਸਾਰੀਆਂ ਹੱਦਾਂ ਪਾਰ ਕਰਦੇ ਹੋਏ ਉਥੇ ਮੌਜੂਦ ਦਲਿਤਾਂ ਦਾ ਬੇਰਹਿਮ ਨਸਲਘਾਤ ਕਰਨਾ ਆਰੰਭ ਕਰ ਦਿੱਤਾ।

ਟ੍ਰੈਕਟਰ ਜੋ ਕਿ ਖੇਤਾਂ ਵਿਚ ਚਲਦੇ ਹਨ ਅਤੇ ਫਸਲਾਂ ਨੂੰ ਬੀਜਣ ਦੇ ਕੰਮ ਆਉਂਦੇ ਹਨ। ਉਹ ਨਿਹੱਥੇ ਦਲਿਤਾਂ ਤੇ ਚੱਲਣ ਲੱਗੇ। ਪੂਰੀ ਬੇਰਹਿਮੀ ਨਾਲ ਜਾਟ ਫਿਰਕੇ ਦੀ ਇਹ ਭੀੜ ਦਲਿਤਾਂ ਨੂੰ ਕੁਚਲ ਰਹੀ ਸੀ। ਤਿੰਨ ਦਲਿਤਾਂ ਨੂੰ ਟ੍ਰੈਕਟਰਾਂ ਨਾਲ ਕੁਚਲ ਕੁਚਲ ਕੇ ਉਥੇ ਹੀ ਮਾਰ ਦਿੱਤਾ। ਇਹਨਾਂ ਬੇਮੌਤ ਮਾਰੇ ਗਏ ਦਲਿਤਾਂ ਵਿਚ ਕਿਰਤੀ ਨੇਤਾ ਪੋਕਰ ਰਾਮ ਵੀ ਸੀ ਜੋ ਉਸ ਦਿਨ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਦੇ ਲਈ ਆਪਣੇ ਭਰਾ ਗਣਪਤ ਮੇਘਵਾਲ ਦੇ ਨਾਲ ਉਥੇ ਆਇਆ ਹੋਇਆ ਸੀ। ਜਾਲਮਾਂ ਨੇ ਪੋਕਰਰਾਮ ਦੇ ਨਾਲ ਬਹੁਤ ਬੁਰਾ ਸਲੂਕ ਕੀਤਾ। ਉਸ ਤੇ ਟ੍ਰੈਕਟਰ ਚੜ੍ਹਾਉਣ ਤੋਂ ਬਾਅਦ ਉਸਦਾ ਲਿੰਗ ਨੋਚ ਲਿਆ ਗਿਆ ਅਤੇ ਅੱਖਾਂ ਵਿਚ ਸੜਦੀਆਂ ਲੱਕੜੀਆਂ ਪਾ ਕੇ ਅੱਖਾਂ ਭੰਨ ਦਿੱਤੀਆਂ। ਔਰਤਾਂ ਨਾਲ ਜ਼ਿਆਦਤੀ ਕੀਤੀ ਗਈ ਅਤੇ ਉਹਨਾਂ ਦੇ ਗੁਪਤ ਅੰਗਾਂ ਵਿਚ ਲੱਕੜੀਆਂ ਘੁਸੇੜ ਦਿੱਤੀਆਂ। ਤਿੰਨ ਲੋਕ ਮਾਰੇ ਗਏ, 14 ਲੋਕਾਂ ਦੇ ਹੱਥ ਪੈਰ ਤੋੜ ਦਿੱਤੇ, ਇਕ ਟ੍ਰੈਕਟਰ ਟਰਾਲੀ ਅਤੇ ਚਾਰ ਮੋਟਰ ਸਾਈਕਲਾਂ ਸਾੜ ਕੇ ਰਾਖ ਕਰ ਦਿੱਤੀ ਗਈ, ਇਕ ਪੱਕਾ ਮਕਾਨ ਜ਼ਮੀਨ ਦੋਜ਼ ਕਰ ਦਿੱਤਾ ਗਿਆ ਅਤੇ ਕੱਚੇ ਝੌਂਪੜੇ ਨੂੰ ਅੱਗੇ ਦੇ ਹਵਾਲੇ ਕਰ ਦਿੱਤਾ ਗਿਆ ਜੋ ਵੀ ਸਮਾਨ ਉਥੇ ਸੀ, ਉਸਨੂੰ ਲੁੱਟ ਲਿਆ ਗਿਆ। ਇਸੇ ਤਰ੍ਹਾਂ ਤਕਰੀਬਨ ਇਕ ਘੰਟਾ ਮੌਤ ਦਾ ਤਾਂਡਵ ਚਲਦਾ ਰਿਹਾ ਪਰ ਕੇਵਲ 4 ਕਿਲੋਮੀਟਰ ਦੂਰੀ ਤੇ ਮੌਜੂਦਾ ਪੁਲਿਸ ਸਭ ਕੁਝ ਘਟਣ ਦੇ ਬਾਅਦ ਪਹੁੰਚੀ ਅਤੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਣ ਦੇ ਲਈ ਐਂਬੂਲੈਂਸ ਬੁਲਾਈ, ਜਿਸਨੂੰ ਵੀ ਰੋਕਣ ਦੀ ਕੋਸ਼ਿਸ਼ ਜਾਟਾਂ ਦੀ ਉਗਰ ਭੀੜ ਨੇ ਕੀਤੀ। ਇੰਨਾ ਹੀ ਨਹੀਂ ਬਲਕਿ ਜਦੋਂ ਗੰਭੀਰ ਜ਼ਖਮੀਆਂ ਨੂੰ ਮੇੜਤਾ ਦੇ ਹਸਪਤਾਲ ਭਰਤੀ ਕਰਵਾਇਆ ਗਿਆ ਤਾਂ ਉਥੋਂ ਦੀ ਪੁਲਿਸ ਅਤੇ ਪ੍ਰਸ਼ਾਸਨ ਦੀ ਮੌਜੂਦਗੀ ਵਿਚ ਹੀ ਧਾਵਾ ਬੋਲ ਕੇ ਬਚੇ ਹੋਏ ਦਲਿਤਾਂ ਨੂੰ ਵੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਅਚਾਨਕ ਨਹੀਂ ਹੋਇਆ, ਸਭ ਕੁਝ ਪਹਿਲਾਂ ਤੋਂ ਯੋਜਨਾਬੱਧ ਸੀ।

ਅਜਿਹੀ ਦਰਿੰਦਗੀ ਜੋ ਕਿ ਅਸਲ ਵਿਚ ਇਕ ਯੋਜਨਾਬੱਧ ਨਰਸੰਹਾਰ ਹੀ ਸੀ, ਇਸਨੂੰ ਨਾਗੌਰ ਦੀ ਪੁਲਿਸ ਅਤੇ ਪ੍ਰਸ਼ਾਸਨ ਜ਼ਮੀਨ ਦੇ ਵਿਵਾਦ ਵਿਚ ਦੋ ਪੱਖਾਂ ਦੀ ਖ਼ੂਨੀ ਜੰਗ ਕਰਾਰ ਦੇ ਕੇ ਦਲਿਤ ਅੱਤਿਆਚਾਰ ਦੀ ਇੰਨੀ ਗੰਭੀਰ ਅਤੇ ਭਿਆਨਕ ਵਾਰਦਾਤ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪੁਲਿਸ ਨੇ ਦਲਿਤਾਂ ਵੱਲੋਂ ਅਰਜੁਨ ਰਮਾ ਦੇ ਬਿਆਨ ਦੇ ਆਧਾਰ ਤੇ ਇਕ ਕਮਜ਼ੋਰ ਸੀ. ਐਫ. ਆਈ. ਆਰ. ਦਰਜ ਕੀਤੀ ਹੈ, ਜਿਸ ਵਿਚ ਪੋਕਰਰਾਮ ਦੇ ਨਾਲ ਕੀਤੀ ਗਈ ਇੰਨੀ ਮਾੜੀ ਕਰੂਰਤਾ ਦਾ ਕੋਈ ਜ਼ਿਕਰ ਤੱਕ ਨਹੀਂ ਕੀਤਾ ਗਿਆ ਅਤੇ ਨਾ ਹੀ ਔਰਤਾਂ ਦੇ ਨਾਲ ਹੋਈ ਭਿਆਨਕ ਯੌਨ ਹਿੰਸਾ ਬਾਰੇ ਇਕ ਵੀ ਸ਼ਬਦ ਲਿਖਿਆ ਗਿਆ ਹੈ। ਸਭ ਕੁਝ ਯੋਜਨਾਬੱਧ ਸੀ। ਭੀੜ ਨੂੰ ਇਕੱਠੀ ਕਰਨ ਤੋਂ ਲੈ ਕੇ ਰਾਮਪਾਲ ਗੋਸਵਾਮੀ ਨੂੰ ਗੋਲੀ ਮਾਰਨ ਤੱਕ ਦੀ ਪਰੀ ਕਹਾਣੀ ਪਹਿਲਾਂ ਤੋਂ ਹੀ ਤਿਆਰ ਸੀ ਤਾਂ ਜੋ ਉਸਦੇ ਓਲੇ ਵਿਚ ਦਲਿਤਾਂ ਦਾ ਨਾਸ਼ ਕੀਤਾ ਜਾ ਸਕੇ। ਕੁਝ ਹੱਦ ਤੱਕ ਉਹ ਇਧ ਕਰਨ ਵਿਚ ਕਾਮਯਾਬ ਵੀ ਰਹੇ। ਉਹਨਾਂ ਨੇ ਬੋਲਣ ਵਾਲੇ ਅਤੇ ਸੰਘਰਸ਼ ਕਰ ਸਕਣ ਵਾਲੇ ਸਮਝਦਾਰ ਘਰ ਦੇ ਮੁਖੀ ਦਲਿਤਾਂ ਨੂੰ ਮੌਕੇ ਤੇ ਹੀ ਮਾਰ ਦਿੱਤਾ, ਬਾਕੀ ਬਚੇ ਸਾਰੇ ਦਲਿਤ ਔਰਤ ਮਰਦਾਂ ਦੇ ਹੱਥ ਅਤੇ ਪੈਰ ਤੋੜ ਦਿੱਤੇ ਜੋ ਜ਼ਿੰਦਗੀ ਭਰ ਅਪਾਹਜ ਹੋ ਕੇ ਜੀਣ ਲਈ ਮਜਬੂਰ ਹੋਣ। ਦਲਿਤ ਔਰਤਾਂ ਨੇ ਜੋ ਸਹਿਣ ਕੀਤਾ, ਉਹ ਬਰਦਾਸ਼ਤ ਤੋਂ ਬਾਹਰ ਹੈ ਅਤੇ ਉਸਦੀ ਗੱਲ ਕਰਨੀ ਵੀ ਪੀੜਦਾਇਕ ਹੈ। ਇਹਨਾਂ ਵਿਚੋਂ ਕੁਝ ਆਪਣੇ ਬਾਕੀ ਜੀਵਨ ਵਿਚ ਆਮ ਪਰਿਵਾਰਕ ਜੀਵਨ ਜਿਊਣ ਦੇ ਕਾਬਲ ਵੀ ਨਹੀਂ ਰਹੀਆਂ। ਇਸ ਤੋਂ ਵੀ ਭਿਆਨਕ ਸਾਜਿਸ਼ ਇਹ ਹੈ ਕਿ ਜੇਕਰ ਇਹ ਲੋਕ ਕਿਸੇ ਤਰ੍ਹਾਂ ਜਿੰਦਾ ਬਚ ਕੇ ਹਿੰਮਤ ਕਰਕੇ ਵਾਪਸ ਡਾਂਗਾਵਾਸ ਮੁੜ ਵੀ ਗਏ ਤਾਂ ਰਾਮਪਾਲ ਗੋਸਵਾਮੀ ਦੀ ਹੱਤਿਆ ਦਾ ਮੁਕੱਦਮਾ ਉਹਨਾਂ ਦੀ ਉਡੀਕ ਕਰ ਰਿਹਾ ਹੈ, ਯਾਨਿ ਕਿ ਬਾਕੀ ਬਚਿਆ ਜੀਵਨ ਜੇਲ੍ਹ ਦੀਆਂ ਸਲਾਖਾਂ ਦੇ ਪਿੱਛੇ ਲੰਘੇਗਾ। ਹੁਣ ਤੁਸੀਂ ਸੋਚੋ ਇਹ ਦਲਿਤ ਕਦੀ ਵਾਪਸ ਉਸ ਜ਼ਮੀਨ ਤੇ ਜਾ ਸਕਣਗੇ, ਕੀ ਇਹਨਾਂ ਨੂੰ ਜਿਉਂਦੇ ਜੀਅ ਕਦੀ ਨਿਆਂ ਹਾਸਲ ਹੋ ਸਕੇਗਾ? ਅੱਜ ਦੇ ਹਾਲਾਤ ਵਿਚ ਤਾਂ ਇਹ ਅਸੰਭਵ ਨਜ਼ਰ ਆਉਂਦਾ ਹੈ।

ਕੁਝ ਦਲਿਤ ਇਸ ਮਨੁੱਖੀ ਅਧਿਕਾਰ ਜਨ ਸੰਗਠਨ ਇਸ ਨਸਲਘਾਤ ਦੇ ਖਿਲਾਫ ਆਵਾਜ਼ ਉਠਾ ਰਹੇ ਹਨ ਪਰ ਉਹਨਾਂ ਦੀ ਆਵਾਜ਼ ਕਿੰਨੀ ਸੁਣੀ ਜਾਵੇਗੀ, ਇਹ ਇਕ ਸਵਾਲ ਹੈ। ਸੂਬੇ ਦੀ ਭਾਜਪਾ ਸਰਕਾਰ ਦੇ ਕੰਨਾਂ ਤੇ ਜੂੰ ਤੱਕ ਨਹੀਂ ਸਰਕੀ ਹੈ। ਕੋਈ ਵੀ ਜ਼ਿੰਮੇਵਾਰ ਸਰਕਾਰ ਦਾ ਨੁਮਾਇੰਦਾ ਘਟਨਾ ਦੇ ਚੌਥੇ ਦਿਨ ਤੱਕ ਨਾ ਤਾਂ ਡਾਂਗਾਵਾਸ ਪਹੁੰਚਿਆ ਸੀ ਅਤੇ ਨਾਂ ਹੀ ਜ਼ਖਮੀਆਂ ਦਾ ਹਾਲ ਚਾਲ ਜਾਨਣ ਆਇਆ। ਹੁਣ ਜਦਕਿ ਮਾਮਲੇ ਨੇ ਤੂਲ ਪਕੜ ਲਿਆ ਹੈ ਤਾਂ ਸਰਕਾਰ ਦੀ ਜਾਗ ਖੁੱਲ੍ਹੀ ਹੈ। ਫਿਰ ਵੀ ਕੇਵਲ ਪੰਜ ਕਿਲੋਮੀਟਰ ਦੂਰ ਰਹਿਣ ਵਾਲਾ ਸਥਾਨਕ ਭਾਜਪਾ ਵਿਧਾਇਕ ਸੁਖਰਾਮ ਅੱਜ ਤੱਕ ਆਪਣੇ ਹੀ ਫਿਰਕੇ ਦੇ ਲੋਕਾਂ ਦੇ ਦੁੱਖ ਨੂੰ ਜਾਨਣ ਨਹੀਂ ਪਹੁੰਚਿਆ। ਨਾਗੌਰ ਜ਼ਿਲ੍ਹੇ ਵਿਚ ਇਕ ਜਾਤੀ ਦਾ ਜਾਤੀਵਾਦੀ ਅੱਤਵਾਦ ਇੰਨਾ ਹਾਵੀ ਹੈ ਕਿ ਕੋਈ ਵੀ ਉਹਨਾਂ ਦੀ ਮਰਜ਼ੀ ਦੇ ਖਿਲਾਫ ਨਹੀਂ ਜਾ

(ਬਾਕੀ ਅਗਲੇ ਸਫੇ ਤੇ)









ਪਹਿਲਾਂ ਮੰਤਰ ਸੁਣਨ ਤੇ
ਪਾਇਆ ਜਾਂਦਾ ਸੀ
ਪਿਘਲਿਆ ਸੀਸਾ
ਕੰਨਾਂ ਵਿਚ,
ਹੁਣ ਭੀਮ ਦੀ ਗੂੰਜ ਨਾਲ ਦਹਿਲੇ
ਸਿਰ ਕਲਮ ਕਰਨ ਲੱਗੇ

ਰਕਤਬੀਜ ਵਾਂਗ
ਹੌਸਲਾ ਹੈ ਵਧਦਾ ਜਾਂਦਾ
ਤੁਸੀਂ ਬਣਾਓ ਚਾਹੇ
ਜਿੰਨਾ ਮਰਜ਼ੀ
ਖੈਰਲਾਂਜੀ,
ਜਿੰਨਾਂ ਮਰਜ਼ੀ
ਸ਼ੰਕਰ ਵਿਘਾ,
ਜਿੰਨਾ ਮਰਜ਼ੀ
ਬਥਾਨੀ ਟੋਲਾ।
ਜੈ ਭੀਮ ਜਾ ਖੜ੍ਹਾ ਹੋਇਆ
ਜਦੋਂ ਜਦੋਂ ਨਾਲ ਲਾਲ ਸਲਾਮ
'ਬ੍ਰਹਮੇਸ਼ਵਰ' ਨਾ ਲੁਕ ਸਕਿਆ
ਤਿੰਨੋ ਲੋਕ, ਚਾਰੇ ਧਾਮ।

**– ਦਵਿੰਦਰ ਕੁਮਾਰ**
**ਪੰਚਕੂਲਾ, ਭਾਰਤ**

# ਗੁਰੂ ਅਰਜੁਨ ਦੇਵ ਜੀ - ਪਹਿਲੇ ਸਿੱਖ ਸ਼ਹੀਦ



ਸੰਤੋਖ ਸਿੰਘ ਸੰਧੂ
(+64) 022 071 0935

ਪੰਜਵੇਂ ਗੁਰੂ ਸ਼੍ਰੀ ਗੁਰੂ ਅਰਜੁਨ ਦੇਵ ਜੀ ਅੰਦਰ ਪ੍ਰਭੂ ਭਗਤੀ, ਨਿਰਸਵਾਰਥ ਸੇਵਾ ਭਾਵ ਅਤੇ ਸਮੁੱਚੀ ਕਾਇਨਾਤ ਪ੍ਰਤੀ ਪਿਆਰ ਦੀ ਭਾਵਨਾ ਕੁਦਰਤ ਵੱਲੋਂ ਹੀ ਭਰੀ ਹੋਈ ਸੀ। ਉਹ ਕੁਦਰਤੀ ਗਿਆਨ ਅਤੇ ਅਧਿਆਤੁਮਿਕ ਮੁਹਾਰਤ ਦਾ ਇੱਕ ਖ਼ਜ਼ਾਨਾਂ ਸਨ। ਉਹ ਸੰਸਕ੍ਰਿਤ, ਪੰਜਾਬੀ ਅਤੇ ਪਰਸੀਅਨ ਭਾਸ਼ਾਵਾਂ ਦੇ ਮਾਹਿਰ ਸਨ। ਜਿਹੜੇ ਅਸੂਲਾਂ ਵਿੱਚ ਉਹ ਵਿਸ਼ਵਾਸ ਰੱਖਦੇ ਸਨ, ਉਨ੍ਹਾਂ ਉਤੇ ਬੜੀ ਦ੍ਰਿੜਤਾ ਨਾਲ ਚਲਦੇ ਰਹੇ। ਉਨ੍ਹਾਂ ਅਸੂਲਾਂ ਖ਼ਾਤਰ ਉਨ੍ਹਾਂ ਨੇ ਆਪਣੀ ਜ਼ਾਨ ਤੱਕ ਕੁਰਬਾਨ ਕਰ ਦਿੱਤੀ। ਉਨ੍ਹਾਂ ਨੇ ਮਨੁੱਖਾ ਇਤਹਾਸ ਵਿੱਚ ਅਦੁੱਤੀ ਸ਼ਹਾਦਤ ਦਾ ਰੁਤਬਾ ਹਾਸਿਲ ਕੀਤਾ।

ਗੁਰੂ ਅਰਜੁਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਨੂੰ ਗੁਰੂ ਰਾਮ ਦਾਸ ਜੀ ਅਤੇ ਬੀਬੀ ਭਾਨੀ ਜੀ ਦੇ ਗ੍ਰਿਹ ਗੋਇੰਦਵਾਲ ਵਿੱਚ ਹੋਇਆ। ਗੁਰੂ ਅਰਜੁਨ ਦੇਵ ਜੀ ਤਿੰਨ ਭਰਾਵਾਂ ਵਿੱਚੋਂ ਸਭ ਤੋ ਛੋਟੇ ਸਨ। ਸਭ ਤੋਂ ਵੱਡਾ ਭਰਾ ਪ੍ਰਿਥੀ ਚੰਦ ਸੀ। ਪ੍ਰਿਥੀ ਚੰਦ ਬੜਾ ਚਤੁਰ ਅਤੇ ਮਿਹਨਤੀ ਸੀ। ਉਹ ਘਰ ਦੇ ਸਾਰੇ ਕੰਮ ਬੜੀ ਮਿਹਨਤ ਨਾਲ ਕਰਦਾ ਅਤੇ ਸੰਭਾਲਦਾ ਸੀ। ਬਾਲ ਅਰਜੁਨ ਦੇਵ ਬਚਪਨ ਤੋਂ ਹੀ ਅਧਿਆਤਮਿਕ ਗੁਣਾਂ ਨਾਲ ਭਰਪੂਰ ਸੀ। ਇੱਕ ਦਿਨ ਬਾਲ ਅਰਜੁਨ ਰਿੜ੍ਹਦੇ ਹੋਇਆਂ ਗੁਰੂ ਅਮਰ ਦਾਸ ਜੀ ਦੇ ਪਵਿੱਤਰ ਸਿੰਘਾਸਨ ਉਤੇ ਚੜ੍ਹ ਕੇ ਬੜੇ ਆਰਾਮ ਨਾਲ ਬੈਠ ਗਏ। ਗੁਰੂ ਅਮਰ ਦਾਸ ਜੀ ਵੇਖ ਕੇ ਬੜੇ ਖੁਸ਼ ਹੋਏ ਅਤੇ ਆਪਣੀ ਦਿੱਬ ਦ੍ਰਿਸ਼ਟੀ ਨਾਲ ਵੇਖ ਕੇ ਆਖਿਆ, "ਇਹ ਮੇਰਾ ਦੋਹਿਤਾ ਇੱਕ ਦਿਨ ਇਸ ਗੱਦੀ ਨੂੰ ਸੰਭਾਲੇਗਾ।"

ਗੁਰੂ ਅਰਜੁਨ ਦੇਵ ਜੀ ਜਵਾਨ ਹੋਏ। ਆਪਣੇ ਸੇਵਾ ਭਾਵ ਦੇ ਸੁਭਾਅ ਸਦਕਾ ਉਹ ਪੂਰੀ ਤਨਦੇਹੀ ਨਾਲ ਸੰਗਤ ਦੀ ਸੇਵਾ ਵਿੱਚ ਜੁੱਟ ਗਏ। ਉਨ੍ਹਾਂ ਦੇ ਪਿਤਾ ਗੁਰੂ ਰਾਮ ਦਾਸ ਜੀ ਨੂੰ ਉਨ੍ਹਾਂ ਦੀਆਂ ਆਦਤਾਂ ਬਹੁਤ ਚੰਗੀਆਂ ਲਗਦੀਆਂ ਸਨ। ਵੱਡਾ ਭਰਾ ਪ੍ਰਿਥੀ ਚੰਦ ਇਹ ਦੇਖ ਕੇ ਬੜਾ ਦੁਖੀ ਹੁੰਦਾ ਸੀ। ਬਾਲ ਅਰਜੁਨ ਨੂੰ ਗੁਰੂ ਅਮਰ ਦਾਸ ਜੀ ਵੱਲੋਂ ਦਿੱਤੀ ਗਈ ਅਸੀਸ ਵੀ ਪ੍ਰਿਥੀ ਚੰਦ ਨੂੰ ਰੜਕਦੀ ਰਹਿੰਦੀ ਸੀ। ਇਸ ਲਈ ਉਸਨੇ ਅਰਜੁਨ ਦੇਵ ਨੂੰ ਤੰਗ ਕਰਨ ਦੀਆਂ ਕਈ ਚਾਲਾਂ ਚੱਲੀਆਂ। ਗੁਰੂ ਰਾਮ ਦਾਸ ਜੀ ਨੇ ਅਰਜੁਨ ਦੇਵ ਜੀ ਨੂੰ ਰਿਸ਼ਤੇਦਾਰੀ ਵਿੱਚ ਇੱਕ ਸ਼ਾਦੀ ਸਮਾਰੋਹ ਵਿੱਚ ਸ਼ਾਮਿਲ ਹੋਣ ਲਈ ਲਹੌਰ ਭੇਜਿਆ। ਇੱਥੇ ਅਰਜੁਨ ਦੇਵ ਜੀ ਨੂੰ ਕਾਫੀ ਸਮਾਂ ਰੁਕਣਾ ਪੈ ਗਿਆ। ਉਹ ਆਪਣੇ ਪਿਤਾ ਜੀ ਨੂੰ ਬਹੁਤ ਪਿਆਰ ਕਰਦੇ ਸਨ। ਉਨ੍ਹਾਂ ਨੇ ਲਹੌਰ ਤੋਂ ਪਿਤਾ ਪ੍ਰੇਮ ਦੇ ਵੈਰਾਗ ਵਿੱਚ ਕਈ ਚਿੱਠੀਆਂ ਲਿਖੀਆਂ, ਜਿਹੜੀਆਂ ਕਿ ਪ੍ਰਿਥੀ ਚੰਦ ਨੇ ਗੁਰੂ ਰਾਮ ਦਾਸ ਜੀ ਤੱਕ ਜਾਣ ਹੀ ਨਾ ਦਿੱਤੀਆਂ। ਬਾਅਦ ਵਿੱਚ ਪ੍ਰਿਥੀ ਚੰਦ ਦਾ ਪਰਿਵਾਰ ਵਿੱਚ ਪਾਜ ਖੁੱਲ ਗਿਆ। ਪਰ ਅਰਜੁਨ ਦੇਵ ਨੇ ਆਪਣੇ ਵੱਡੇ ਭਰਾ ਦੀ ਇਸ ਚਾਲ ਦਾ ਕੋਈ ਬੁਰਾ ਨਾ ਮਨਾਇਆ ਅਤੇ ਪ੍ਰਿਥੀ ਚੰਦ ਦਾ ਪਹਿਲਾਂ ਵਾਂਗ ਹੀ ਸਤਿਕਾਰ ਕਰਦੇ ਰਹੇ। ਇਨ੍ਹਾਂ ਗੁਣਾਂ ਸਦਕਾ ਉਹ 18 ਸਾਲ ਦੀ ਉਮਰ ਵਿੱਚ ਹੀ ਗੁਰਗੱਦੀ ਦੇ ਵਾਰਿਸ ਬਣਕੇ ਅਰਜੁਨ ਦੇਵ ਤੋਂ ਗੁਰੂ ਅਰਜੁਨ ਦੇਵ ਬਣ ਗਏ। ਉਨ੍ਹਾਂ ਦਾ ਵਿਆਹ 15 ਜੂਨ 1589 ਨੂੰ ਜਲੰਧਰ ਦੇ ਕਸਬੇ ਫਿਲੌਰ ਦੇ ਨੇੜੇ ਪਿੰਡ ਮਾਓ (ਹੁਣ ਮਾਓ ਸਾਹਿਬ) ਦੇ ਭਾਈ ਕ੍ਰਿਸ਼ਨ ਚੰਦ ਦੀ ਪੁੱਤਰੀ ਗੰਗਾ ਨਾਲ ਹੋਇਆ। ਮਾਤਾ ਗੰਗਾ ਜੀ ਦੀ ਪਵਿੱਤਰ ਕੁੱਖ ਤੋਂ ਗੁਰੂ ਹਰਗੋਬਿੰਦ ਦਾ ਜਨਮ ਹੋਇਆ। ਗੁਰੂ ਹਰਗੋਬਿੰਦ ਜੀ ਗੁਰੂ ਅਰਜੁਨ ਦੇਵ ਜੀ ਦੇ ਇਕਲੌਤੇ ਪੁੱਤਰ ਸਨ। ਗੁਰਗੱਦੀ ਉਤੇ ਬੈਠਣ ਉਪ੍ਰੰਤ ਗੁਰੂ ਅਰਜੁਨ ਦੇਵ ਜੀ ਨੇ ਸ਼੍ਰੀ ਅੰਮ੍ਰਿਤਸਰ ਵਿੱਚ ਸ਼੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ ਅਤੇ ਰਾਮ ਦਾਸ ਸਰੋਵਰ ਦੀ ਉਸਾਰੀ ਵੀ ਮੁਕੰਮਲ ਕਰਵਾਈ। ਉਨ੍ਹਾਂ ਨੇ ਤਰਨ ਤਾਰਨ ਤੇ ਕਰਤਾਰ ਪੁਰ ਸ਼ਹਿਰਾਂ ਦੀ ਬੁਨਿਆਦ ਰੱਖੀ ਅਤੇ ਇਨ੍ਹਾਂ ਸ਼ਹਿਰਾਂ ਨੂੰ ਵਸ-ਾਇਆ। ਤਰਨ ਤਾਰਨ ਵਿੱਚ ਗੁਰਦੁਆਰਾ ਸਾਹਿਬ ਅਤੇ ਸਰੋਵਰ ਦੀ ਉਸਾਰੀ ਕਰਵਾਈ। ਆਪਣੇ ਪੁੱਤਰ ਹਰਗੋਬਿੰਦ ਦਾ ਜਨਮ ਦਿਨ ਮਨਾਉਂਦਿਆਂ ਗੁਰੂ ਅਰਜੁਨ ਦੇਵ ਜੀ ਨੇ ਬਿਆਸ ਦਰਿਆ ਦੇ ਕੰਢੇ ਸ਼੍ਰੀ ਹਰਗੋਬਿੰਦ ਪੁਰ ਸ਼ਹਿਰ ਵਸਾਇਆ।



ਗੁਰੂ ਅਰਜੁਨ ਦੇਵ ਜੀ ਦਾ ਸਭ ਤੋਂ ਵੱਡਾ ਉਪਰਾਲਾ ਹੈ ਕਿ ਉਨ੍ਹਾਂ ਨੇ ਆਪਣੇ ਤੋਂ ਪਹਿਲੇ ਚਾਰ ਗੁਰੂ ਸਾਹਿਬਾਨਾਂ ਦੀ ਬਾਣੀ ਇਕੱਤਰ ਕਰਕੇ, ਉਸ ਵਿੱਚ ਆਪਣੀ ਬਾਣੀ, ਬਹੁਤ ਸਾਰੇ ਹਿੰਦੂ ਸੰਤਾਂ ਭਗਤਾਂ, ਮੁਸਲਮਾਨ ਫ਼ਕੀਰਾਂ ਦੀ ਬਾਣੀ ਨੂੰ ਜੋੜ ਕੇ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ। ਇਹ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ 1604 ਈਸਵੀ ਵਿੱਚ ਉਨ੍ਹਾਂ ਨੇ ਸ਼੍ਰੀ ਹਰਿਮੰਦਰ ਸਹਿਬ ਵਿੱਚ ਸਥਾਪਿਤ ਕੀਤਾ।

ਇੱਥੇ ਇਸ ਆਦ ਗ੍ਰੰਥ ਦੇ ਸ਼ਬਦਾਂ ਦਾ ਕੀਰਤਨ ਕਰਵਾਉਣਾ ਸ਼ੁਰੂ ਕਰਵਾਇਆ। ਇਸ ਤਰ੍ਹਾਂ ਸ਼੍ਰੀ ਹਰਿਮੰਦਰ ਸਾਹਿਬ ਨੂੰ ਸਿੱਖੀ ਦਾ ਧਾਰਮਿਕ ਕੇਂਦਰ ਬਣਾ ਦਿੱਤਾ। ਸਿੱਖ ਸੰਗਤਾਂ ਇਸ ਧਾਰਮਿਕ ਅਸਥਾਨ ਉਤੇ ਇੱਕਤਰ ਹੋਣੀਆਂ ਸ਼ੁਰੂ ਹੋ ਗਈਆਂ। ਇਸ ਵੇਲੇ ਭਾਰਤ ਉਤੇ ਮੁਗ਼ਲਾਂ ਦਾ ਰਾਜ ਸੀ ਅਤੇ ਬਾਦਸ਼ਾਹ ਅਕਬਰ ਦਿੱਲੀ ਦੇ ਤਖ਼ਤ ਉਤੇ ਬਿਰਾਜਮਾਨ ਸੀ। ਗੁਰੂ ਅਮਰ ਦਾਸ ਜੀ ਦੇ ਵੇਲੇ ਤੋਂ ਹੀ ਅਕਬਰ ਦਾ ਸਿੱਖ ਗੁਰਗੱਦੀ ਪ੍ਰਤੀ ਸਨੁਮਾਨ ਸੀ। ਇਸ ਸਮੇਂ ਪੰਜਾਬ ਵਿੱਚ ਇੱਕ ਭਿਆਨਿਕ ਕੁਦਰਤੀ ਆਫਿਤ ਵਾਪਰੀ।

ਭਾਰੀ ਔੜ ਦੀ ਮਾਰ ਨੇ ਪੰਜਾਬ ਦੇ ਕਿਸਾਨਾਂ ਦੀਆਂ ਫਸਲਾਂ ਤਬਾਹ ਕਰਕੇ ਰੱਖ ਦਿੱਤੀਆਂ ਸਨ। ਗੁਰੂ ਜੀ ਨੇ ਉਸ ਵਾਰ ਅਕਬਰ ਤੋਂ ਪੰਜਾਬ ਦੇ ਕਿਸਾਨਾਂ ਦਾ ਮਾਲੀਆ ਮੁਆਫ ਕਰਵਾ ਦਿੱਤਾ, ਜਿਸ ਨਾਲ ਗੁਰੂ ਜੀ ਦਾ ਜੱਟ ਭਾਈਚਾਰੇ ਵਿੱਚ ਸਤਿਕਾਰ ਵਧ ਗਿਆ। ਜੱਟ ਤੇ ਹੋਰ ਲੋਕ ਧੜਾ ਧੜ ਸਿੱਖ ਸੱਜਣੇ ਸ਼ੁਰੂ ਹੋ ਗਏ। ਦਿਨੋਂ ਦਿਨ ਸਿੱਖਾਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋ ਗਿਆ।

ਗੁਰੂ ਜੀ ਦਾ ਵਧਦਾ ਪ੍ਰਭਾਵ ਵਿਰੋਧੀਆਂ ਨੂੰ ਕਿਸ ਤਰ੍ਹਾਂ ਗਵਾਰਾ ਹੋ ਸਕਦਾ ਸੀ। ਉਨ੍ਹਾਂ ਨੇ ਵੀ ਆ-ਪਣੀਆਂ ਚਾਲਾਂ ਤੇਜ਼ ਕਰ ਦਿੱਤੀਆਂ। ਅਕਬਰ ਦੀ 17 ਅਕਤੂਬਰ 1605 ਨੂੰ ਮੌਤ ਹੋ ਗਈ। ਉਸ ਤੋਂ ਬਾਅਦ ਉਸਦਾ ਪੁੱਤਰ ਜਹਾਂ-ਗੀਰ ਗੱਦੀ ਉਤੇ ਬੈਠਾ। ਜਹਾਂਗੀਰ ਢਿੱਲਾ, ਸਨਕੀ ਅਤੇ ਐਸ਼ ਪ੍ਰਸਤ ਰਾਜਾ ਸੀ।ਉਸਨੇ ਆਪਣੀਆਂ ਬਹੁਤ ਸਾਰੀਆਂ ਪ੍ਰਬੰਧਕੀ ਜਿੰਮੇਂਵਾਰੀਆਂ ਦੂਸਰਿਆਂ ਉਤੇ ਪਾ ਦਿੱਤੀਆਂ ਅਤੇ ਮੁਸਲਿਮ ਇਮਾਮਾਂ ਨੂੰ ਖੁਸ਼ ਕਰਨਾ ਸ਼ੁਰੂ ਕਰ ਦਿੱਤਾ। ਜਹਾਂਗੀਰ ਦਾ ਪੁੱਤਰ ਖੁਸਰੋ ਬਾਗੀ ਹੋ ਗਿਆ ਸੀ। ਇਨ੍ਹਾਂ ਦਿਨਾਂ ਵਿੱਚ ਗੁਰੂ ਜੀ ਦਾ ਵਾਸ ਗੋਇੰਦਵਾਲ ਵਿਖੇ ਸੀ। ਖੁਸਰੋ ਇਧਰੋਂ ਦੀ ਲੰਘ ਰਿਹਾ ਸੀ ਕਿ ਅਸ਼ੀਰਵਾਦ ਲੈਣ ਵਾਸਤੇ ਗੁਰੂ ਜੀ ਦੇ ਦਰਬਾਰ ਵਿੱਚ ਆਇਆ। ਜਿਵੇਂ ਰਵਾਇਤ ਹੈ ਕਿ ਗੁਰੂ ਨਾਨਕ ਦੇ ਦਰਬਾਰ ਤੋਂ ਕਿਸੇ ਨੂੰ ਖਾਲੀ ਨਹੀਂ ਮੋੜਿਆ ਜਾਂਦਾ, ਗੁਰੂ ਜੀ ਨੇ ਉਸਨੂੰ ਆਪਣਾ ਅਸ਼ੀਰਵਾਦ ਦਿੱਤਾ। ਇਹ ਗੱਲ ਜਹਾਂਗੀਰ ਦੇ ਦਰਬਾਰ ਤੱਕ ਪੁੱਜ ਗਈ। ਗੁਰੂ ਜੀ ਦੇ ਵਿਰੋਧੀਆਂ ਨੇ ਜਹਾਂਗੀਰ ਦੇ ਕੰਨ ਗੁਰੂ ਜੀ ਵਿਰੁੱਧ ਪਹਿਲਾਂ ਹੀ ਬੜੇ ਭਰੇ ਹੋਏ ਸਨ। ਜਹਾਂਗੀਰ ਦੇ ਮਨ ਵਿੱਚ ਗੁਰੂ ਜੀ ਪ੍ਰਤੀ ਨਫਰਤ ਪੈਦਾ ਕੀਤੀ ਹੋਈ ਸੀ। ਜਹ-ਾਂਗੀਰ ਜਦ ਲਹੌਰ ਆਇਆ ਤਾਂ ਉਸਨੇ ਸਨੇਹਾ ਭੇਜਕੇ ਗੁਰੂ ਜੀ ਨੂੰ ਆਦਿ ਗ੍ਰੰਥ ਵਿੱਚੋਂ ਮੁਸਲਮਾਨਾਂ ਤੇ ਹਿੰਦੂਆਂ ਪ੍ਰਤੀ ਸਾਰੇ ਜ਼ਿਕਰਾਂ ਨੂੰ ਕੱਢਣ ਲਈ ਕਿਹਾ।

ਗੁਰੂ ਜੀ ਨੇ ਬੜੀ ਹਲੀਮੀ ਨਾਲ ਜਵਾਬ ਦਿੱਤਾ ਕਿ ਇਹ ਧੁਰ ਕੀ ਬਾਣੀ ਹੈ। ਮੈਂ ਇਸ ਵਿੱਚ ਕੋਈ ਵਾਧਾ ਘਾਟਾ ਨਹੀਂ ਕਰ ਸਕਦਾ। ਜਹਾਂਗੀਰ ਇਸਤੇ ਲਾਲ ਪੀਲਾ ਹੋ ਗਿਆ। ਉਹ ਤਾਂ ਪਹਿਲਾਂ ਹੀ ਗੁਰੂ ਜੀ ਦੇ ਇਸ ਦਰਬਾਰ ਨੂੰ ਬੰਦ ਕਰਾਉਣ ਦੀ ਸੋਚੀ ਬੈਠਾ ਸੀ। ਇਸ ਨਾਲ ਉਸਨੂੰ ਗੁਰੂ ਜੀ ਵਿਰੁੱਧ ਕਾਰਵਾਈ ਕਰਨ ਦਾ ਮੌਕਾ ਮਿਲ ਗਿਆ। ਜਹਾਂਗੀਰ ਆਪਣੀ ਲਿਖੀ ਡਾਇਰੀ, 'ਤੁਜ਼ਕੇ-ਜਹਾਂਗੀਰੀ' ਵਿੱਚ ਲਿਖਦਾ ਹੈ:

"ਗੋਇੰਦਵਾਲ, ਜੋ ਕਿ ਬਿਆਸ ਦਰਿਆ ਦੇ ਕੰਢੇ ਉਤੇ ਸਥਿੱਤ ਹੈ, ਵਿੱਚ ਇੱਕ ਹਿੰਦੂ, ਜਿਸਦਾ ਨਾਂ ਅਰਜੁਨ ਹੈ, ਰਹਿੰਦਾ ਹੈ। ਉਸਨੇ ਸੰਤਾਂ ਅਤੇ ਪਵਿੱਤਰਤਾ ਵਾਲਾ ਚੋਲਾ ਪਹਿਨਿਆ ਹੋਇਆ ਹੈ। ਉਸਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਤੇ ਇਸਲਾਮ ਦੇ ਕਈ ਨਿਧਾਨ ਅਤੇ ਮੂਰਖ ਪੈਰੋਕਾਰਾਂ ਨੂੰ ਆਪਣੀ ਪਕੜ ਵਿੱਚ ਲਿਆ ਹੋਇਆ ਹੈ। ਉਹ ਸਾਰੇ ਉਸਦੀ ਪਵਿੱਤਰਤਾ ਦਾ ਢੰਡੋਰਾ ਪਿੱਟ ਰਹੇ ਹਨ। ਉਹ ਉਸਨੂੰ ਗੁਰੂ ਆਖਦੇ ਹਨ। ਸਭ ਪਾਸਿਆਂ ਤੋਂ ਮੂਰਖ ਲੋਕ ਉਸ ਵਿੱਚ ਆਪਣਾ ਵਿਸ਼ਵਾਸ ਦਿਖਾਉਣ ਅਤੇ ਉਸਦੀ ਪੂਜਾ ਕਰਨ ਲਈ ਇਕੱਤਰ ਹੁੰਦੇ ਹਨ। ਅਧਿਆਮਿਕ ਵਾਰਿਸਾਂ ਦੀ ਤਿੰਨ ਚਾਰ ਪੀੜ੍ਹੀਆਂ ਤੋਂ ਚਲੀ ਆ ਰਹੀ ਇਸ ਦੁਕਾਨ ਨੂੰ ਉਸਨੇ ਚਾਲੂ ਰੱਖਿਆ ਹੋਇਆ ਹੈ। ਕਈ ਵਾਰ ਮੇਰੇ ਮਨ ਵਿੱਚ ਆਇਆ ਕਿ ਇਸ ਦੁਕਾਨ ਨੂੰ ਬੰਦ ਕਰਵਾ ਦਿਆਂ ਜਾਂ ਇਸਨੂੰ ਇਸਲਾਮ ਮੱਤ ਵਿੱਚ ਲੈ ਆਵਾਂ।" ਜਹਾਂਗੀਰ ਨੇ ਗੁਰੂ ਜੀ ਨੂੰ ਜੇਲ ਵਿੱਚ ਬੰਦ ਕਰ ਦਿੱਤਾ। ਗੁਰੂ ਜੀ ਨੂੰ ਬੜੇ ਤਸੀਹੇ ਦਿੱਤੇ ਗਏ। ਤਪਦੀ ਲੋਹ ਉਤੇ ਬਿਠਾ ਕੇ ਗੁਰੂ ਜੀ ਦੇ ਨੰਗੇ ਬਦਨ ਉਤੇ ਸੜਦੀ ਹੋਈ ਰੇਤ ਪਾਈ ਗਈ। ਉਬਲਦੇ ਪਾਣੀ ਦੀ ਦੇਗ ਵਿੱਚ ਗੁਰੂ ਜੀ ਨੂੰ ਬਿਠਾਇਆ ਗਿਆ। ਗੁਰੂ ਜੀ ਦਾ ਸਰੀਰ ਅਣਮਨੁੱਖੀ ਤਸੀਹਿਆਂ ਨਾਲ ਬਹੁਤ ਸਾਰਾ ਜਲ ਚੁੱਕਾ ਸੀ। ਗੁਰੂ ਜੀ ਨੇ ਰਾਵੀ ਦਰਿਆ ਦੇ ਠੰਡੇ ਪਾਣੀ ਵਿੱਚ ਇਸ਼ਨਾਨ ਕਰਨ ਦੀ ਇੱਛਾ ਪ੍ਰਗਟ ਕੀਤੀ। ਹਾਕਮਾਂ ਨੇ ਇੱਛਾ ਮੰਨ ਲਈ। ਉਨ੍ਹਾਂ ਦੀ ਸੋਚ ਸੀ ਕਿ ਸੜੇ ਜ਼ਖ਼ਮਾਂ ਉਤੇ ਠੰਡੇ ਪਾਣੀ ਨਾਲ ਇਸਨੂੰ ਹੋਰ ਵੀ ਤਕਲੀਫ ਹੋਵੇਗੀ। ਗੁਰੂ ਜੀ ਨੂੰ ਰਾਵੀ ਦਰਿਆ ਉਤੇ ਲਿਆਂਦਾ ਗਿਆ। ਗੁਰੂ ਜੀ ਨੇ ਰਾਵੀ ਦਰਿਆ ਦੇ ਪਾਣੀ ਵਿੱਚ ਅਜਿਹੀ ਟੁੱਭੀ ਲਗਾਈ ਕਿ ਮੁੜ ਉਪਰ ਨਹੀਂ ਆਏ। ਨਾ ਉਨ੍ਹਾਂ ਦਾ ਮ੍ਰਿਤਕ ਸਰੀਰ ਹੀ ਲੱਭਿਆ। ਇਸ ਤਰ੍ਹਾਂ ਗੁਰੂ ਜੀ 30 ਮਈ 1606 ਈਸਵੀ ਨੂੰ ਜੋਤੀ ਜੋਤ ਸਮਾ ਗਏ। ਇੱਥੋਂ ਹੀ ਸਿੱਖਾਂ ਦੀਆਂ ਸ਼ਹੀਦੀਆਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਗੁਰੂ ਅਰਜੁਨ ਦੇਵ ਜੀ ਸਿੱਖ ਧਰਮ ਦੇ ਪਹਿਲੇ ਸਿੱਖ ਸ਼ਹੀਦ ਹੋਏ ਹਨ। ਉਨ੍ਹਾਂ ਨੂੰ ਸ਼ਹੀਦਾਂ ਦੇ ਸਰਤਾਜ ਕਿਹਾ ਜਾਂਦਾ ਹੈ।

# ਜ਼ਮੀਨੀ ਵਿਵਾਦ ਕਾਰਨ ਦਲਿਤ ਭਾਈਚਾਰੇ ਦੇ ਲੋਕਾਂ 'ਤੇ ਜਾਨਲੇਵਾ ਹਮਲਾ, ਪੰਜ ਜ਼ਖਮੀ

ਅੰਮ੍ਰਿਤਸਰ/ਅਟਾਰੀ- ਸਰਹੱਦੀ ਹਲਕੇ ਅਟਾਰੀ ਦੇ ਪਿੰਡ ਅਚਿੰਤ ਕੋਟ ਵਿਖੇ ਪੰਚਾਇਤੀ ਜ਼ਮੀਨ ਦੇ ਝਗੜੇ ਵਿਚ ਅੱਜ ਸਵੇਰੇ ਹਾਕਮ ਧਿਰ ਨਾਲ ਸਬੰਧਤ ਇਕ ਧੜੇ ਦੇ ਲੋਕਾਂ ਵੱਲੋਂ ਦਲਿਤ ਭਾਈਚਾਰੇ ਦੇ ਲੋਕਾਂ 'ਤੇ ਜਾਨਲੇਵਾ ਹਮਲਾ ਕੀਤਾ ਗਿਆ, ਜਿਸ ਵਿਚ ਪੰਜ ਵਿਅਕਤੀ ਜ਼ਖਮੀ ਹੋ ਗਏ ਹਨ, ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਦਾਖਲ ਕਰਾਇਆ ਗਿਆ ਹੈ। ਦੂਜੇ ਪਾਸੇ ਕਾਂਗਰਸੀਆਂ ਨੇ ਦਾਅਵਾ ਕੀਤਾ ਕਿ ਦਲਿਤ ਭਾਈਚਾਰੇ ਨਾਲ ਸਬੰਧਤ ਇਹ ਲੋਕ ਕਾਂਗਰਸੀ ਵਰਕਰ ਹਨ, ਜਿਨ੍ਹਾਂ 'ਤੇ ਹਾਕਮ ਧਿਰ ਦੀ ਸ਼ਹਿ 'ਤੇ ਹਮਲਾ ਕੀਤਾ ਗਿਆ ਹੈ।

ਇਸ ਝਗੜੇ ਵਿਚ ਜ਼ਖਮੀ ਹੋਏ ਵਿਅਕਤੀਆਂ ਦੀ ਸ਼ਨਾਖਤ ਜਗਜੀਤ ਸਿੰਘ, ਮਲਕੀਤ ਸਿੰਘ, ਸਤਨਾਮ ਸਿੰਘ, ਧਿਆਨ ਸਿੰਘ ਅਤੇ ਵਰਿਆਮ ਸਿੰਘ ਵਜੋਂ ਹੋਈ ਹੈ। ਇਨ੍ਹਾਂ ਨੂੰ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਇਲਾਜ ਲਈ ਲਿਆਂਦਾ ਗਿਆ ਹੈ। ਇਨ੍ਹਾਂ ਵਿਚੋਂ ਕਈਆਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਜ਼ਖਮੀਆਂ ਨੇ ਦੋਸ਼ ਲਾਇਆ ਕਿ ਇਹ ਜਾਨ-ਲੇਵਾ ਹਮਲਾ ਪੰਜਾਬ ਦੇ ਕੈਬਨਿਟ ਮੰਤਰੀ ਦੀ ਸ਼ਹਿ 'ਤੇ ਕੀਤਾ ਗਿਆ ਹੈ।

ਘਟਨਾ ਦੀ ਜਾਣਕਾਰੀ ਮਿਲਣ 'ਤੇ ਦਿਹਾਤੀ ਪੁਲੀਸ ਦੇ ਐਸ.ਐਸ.ਪੀ. ਜਸਦੀਪ ਸਿੰਘ ਅਤੇ ਹੋਰ ਪੁਲੀਸ ਅਧਿਕਾਰੀ ਵੀ ਹਸਪਤਾਲ ਪੁੱਜ ਗਏ ਸਨ, ਜਿਥੇ ਜ਼ਖਮੀਆਂ ਦੇ ਬਿਆਨ ਕਲਮਬੱਧ ਕੀਤੇ ਗਏ। ਇਸ ਦੌਰਾਨ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਮੀਤ ਚੇਅਰਮੈਨ ਰਾਜ ਕੁਮਾਰ ਵੇਰਕਾ, ਜ਼ਿਲ੍ਹਾ ਕਾਂਗਰਸ ਕਮੇਟੀ ਦਿਹਾਤੀ ਦੇ ਪ੍ਰਧਾਨ ਗੁਰਜੀਤ ਸਿੰਘ ਔਜਲਾ ਤੇ ਹੋਰ ਕਾਂਗਰਸੀ ਵੀ ਪੁੱਜ ਗਏ ਸਨ, ਜਿਨ੍ਹਾਂ ਨੇ ਦਲਿਤ ਭਾਈਚਾਰੇ ਦੇ ਲੋਕਾਂ 'ਤੇ ਕੀਤੇ ਇਸ ਜਾਨ ਲੇਵਾ ਹਮਲੇ ਦੀ ਨਿਖੇਧੀ ਕੀਤੀ ਹੈ। ਕਾਂਗਰਸੀ ਆਗੂਆਂ ਨੇ ਦੋਸ਼ ਲਾਇਆ ਕਿ ਇਸ ਜਾਨ ਲੇਵਾ ਹਮਲੇ ਦੌਰਾਨ ਇਕ ਔਰਤ ਨੂੰ ਨਹਾਉਂਦਿਆਂ ਹੋਇਆਂ ਨੰਗਿਆਂ ਬਾਹਰ ਕੱਢ ਕੇ ਮਾਰਕੁੱਟ ਕੀਤੀ ਗਈ ਹੈ।

ਜ਼ਖਮੀਆਂ ਨੇ ਪੁਲੀਸ ਨੂੰ ਦਿੱਤੇ ਬਿਆਨਾਂ ਵਿਚ ਦੋਸ਼ ਲਾਇਆ ਕਿ ਇਹ ਹਮਲਾ ਅਕਾਲੀ ਸਮਰਥਕਾਂ ਵੱਲੋਂ ਕੀਤਾ ਗਿਆ ਹੈ, ਜਿਨ੍ਹਾਂ ਵਿਚ ਪਿੰਡ ਦਾ ਸਰਪੰਚ ਅਮਰੀਕ ਸਿੰਘ, ਖਾਸਾ ਪੁਲੀਸ ਚੌਕੀ ਦਾ ਹੈੱਡ ਕਾਂਸਟੇਬਲ ਜੋਰਾਵਰ ਸਿੰਘ ਤੇ ਹੋਰ ਹਥਿਆਰਬੰਦ ਵਿਅਕਤੀ ਸ਼ਾਮਲ ਸਨ, ਜਿਨ੍ਹਾਂ ਨੇ ਸਵੇਰੇ ਅਚਨਚੇਤੀ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਅਤੇ ਕਈ ਵਿਅਕਤੀਆਂ ਨੂੰ ਜ਼ਖਮੀ ਕਰ ਦਿੱਤਾ ਹੈ।

ਐਸ ਐਸ ਪੀ ਜਸਦੀਪ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿਚ ਦਸ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ, ਜਿਨ੍ਹਾਂ ਵਿਚ ਦੋ ਪ੍ਰਮੁੱਖ ਵਿਅਕਤੀ ਵੀ ਸ਼ਾਮਲ ਹਨ, ਜਿਨ੍ਹਾਂ ਦੀ ਸ਼ਨਾਖਤ ਸਰਪੰਚ ਅਮਰੀਕ ਸਿੰਘ ਅਤੇ ਮੈਂਬਰ ਪੰਚਾਇਤ ਹਰਜੀਤ ਸਿੰਘ ਵਜੋਂ ਦੱਸੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿਚ ਵੱਖ ਵੱਖ ਧਾਰਾਵਾਂ ਹੇਠ ਕੇਸ ਦਰਜ ਕੀਤਾ ਗਿਆ, ਜਿਨ੍ਹਾਂ ਵਿਚ ਅਨੁਸੂਚਿਤ ਜਾਤੀ ਐਕਟ ਵੀ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਪੁਲੀਸ ਦਾ ਹੈਡ ਕਾਂਸਟੇਬਲ ਜ਼ੋਰਾਵਰ ਸਿੰਘ ਅੱਜ ਕੱਲ੍ਹ ਛੁੱਟੀ 'ਤੇ ਹੈ ਅਤੇ ਵਾਪਸ ਪਰਤਣ ਮਗਰੋਂ ਉਸ ਕੋਲੋਂ ਪੁੱਛਗਿਛ ਕੀਤੀ ਜਾਵੇਗੀ। ਮਿਲੇ ਵੇਰਵਿਆਂ ਅਨੁਸਾਰ ਪੰਚਾਇਤ ਦੀ ਇਹ ਪੰਜ ਏਕੜ ਸ਼ਾਮਲਾਟ ਜ਼ਮੀਨ 'ਤੇ ਦਲਿਤ ਭਾਈਚਾਰੇ ਨਾਲ ਸਬੰਧਤ ਲੋਕਾਂ ਦੇ ਲਗਪਗ 40 ਘਰ ਬਣੇ ਹੋਏ ਹਨ। ਇਹ ਲੋਕ ਇਥੇ 1973 ਤੋਂ ਰਹਿ ਰਹੇ ਹਨ। ਇਨ੍ਹਾਂ ਵਿਚ ਵਧੇਰੇ ਕਾਂਗਰਸੀ ਹਨ, ਜਿਨ੍ਹਾਂ ਨੂੰ ਹੁਣ ਇਹ ਜ਼ਮੀਨ ਛੱਡਣ ਲਈ ਦਬਾਅ ਪਾਇਆ ਜਾ ਰਿਹਾ ਸੀ ਜਦੋਂਕਿ ਜਿਹੜੇ ਅਕਾਲੀ ਦਲ ਵਿਚ ਸ਼ਾਮਲ ਹੋ ਗਏ, ਉਨ੍ਹਾਂ ਨੂੰ ਕੁਝ ਨਹੀਂ ਕਿਹਾ ਗਿਆ। ਇਸੇ ਮਾਮਲੇ ਨੂੰ ਲੈ ਕੇ ਚਿੰਗਾਰੀ ਨੇ ਅੱਜ ਭਿਆਨਕ ਅੱਗ ਦਾ ਰੂਪ ਧਾਰਿਆ ਹੈ।

# ਨਾਗੌਰ: ਇਕ ਹੋਰ ਖੈਰਲਾਂਜੀ

ਸਕਦਾ। ਦੂਜੇ ਪਾਸੇ ਜਾਟ ਫਿਰਕੇ ਦੇ ਵਿਦਿਆਰਥੀ ਨੇਤਾ, ਕਥਿਤ ਸਮਾਜ ਸੇਵਕ ਅਤੇ ਛੁਟਭਈਏ ਨੇਤਾ ਇਸ ਹੱਤਿਆਕਾਂਡ ਦੇ ਲਈ ਇਕ ਦੂਜੇ ਨੂੰ ਸੋਸ਼ਲ ਮੀਡੀਆ ਤੇ ਵਧਾਈਆਂ ਦੇ ਰਹੇ ਹਨ ਅਤੇ ਕਹਿ ਰਹੇ ਹਨ ਕਿ ਰਿਜ਼ਰਵੇਸ਼ਨ ਅਤੇ ਐਰੇ ਗੈਰੇ ਕਾਨੂੰਨ ਦੇ ਕਾਰਨ ਸਿਰ ਤੇ ਚੜ੍ਹ ਗਏ ਇਹਨਾਂ ਦਲਿਤਾਂ ਨੂੰ ਔਕਾਤ ਦੱਸਣੀ ਜ਼ਰੂਰੀ ਸੀ। ਵੀਰ ਤੇਜ ਪੁੱਤਰਾਂ ਨੇ ਦਲਿਤ ਪੁਰਸ਼ਾਂ ਨੂੰ ਕੁਚਲ ਕੁਚਲ ਕੇ ਮਾਰਿਆ ਅਤੇ ਉਹਨਾਂ ਦੀਆਂ ਅੱਖਾਂ ਵਿਚ ਸੜਦੀਆਂ ਲੱਕੜਾਂ ਪਾਈਆਂ ਅਤੇ ਉਹਨਾਂ ਦੀਆਂ ਨੀਚ ਔਰਤਾਂ ਨੂੰ ਰਗੜ ਰਗੜ ਕੇ ਮਾਰਿਆ ਅਤੇ ਅਜਿਹੀ ਹਾਲਤ ਕੀਤੀ ਕਿ ਉਹ ਭਵਿੱਖ ਵਿਚ ਕੋਈ ਹੋਰ ਦਲਿਤ ਹੀ ਪੈਦਾ ਨਹੀਂ ਕਰ ਸਕਦੀਆਂ। ਇਹਨਾਂ ਅਪਮਾਨਜਨਕ ਟਿੱਪਣੀਆਂ ਦੇ ਬਾਰੇ ਮੇੜਤਾ ਥਾਣੇ ਵਿਚ ਦਲਿਤ ਫਿਰਕੇ ਵੱਲੋਂ ਪਰਚਾ ਵੀ ਦਰਜ ਕਰਵਾਇਆ ਗਿਆ ਜਿਸ ਤੇ ਕਾਰਵਾਈ ਦਾ ਇੰਤਜ਼ਾਰ ਹੈ।

ਜੇਕਰ ਡਾਂਗਾਵਾਸ ਨਸਲਘਾਤ ਦੀ ਨਿਰਪੱਖ ਜਾਂਚ ਕਰਵਾਉਣੀ ਹੈ ਤਾਂ ਇਸ ਪੂਰੇ ਮਾਮਲੇ ਨੂੰ ਸੀ. ਬੀ. ਆਈ ਨੂੰ ਸੌਂਪਣਾ ਹੋਵੇਗਾ ਕਿਉਂਕਿ ਹੁਣ ਤੰਕ ਜੋ ਜਾਂਚ ਅਧਿਕਾਰੀ ਵੀ ਜਾਟ ਲਗਾ ਕੇ ਰਾਜ ਸਰਕਾਰ ਨੇ ਸਾਬਤ ਕਰ ਦਿੱਤਾ ਕਿ ਉਹ ਕਿੰਨੀ ਸੰਵੇਦਨਸ਼ੀਲ ਹੈ। ਆਖਿਰ ਜਿਹਨਾਂ ਅਧਿਕਾਰੀਆਂ ਦੇ ਸਾਹਮਣੇ ਜਾਟਾਂ ਨੇ ਇਹ ਤਾਂਡਵ ਕੀਤਾ ਅਤੇ ਉਸਦੀ ਇਸ ਵਿਚ ਮੂਕ ਸਹਿਮਤੀ ਰਹੀ, ਜਿਸਨੇ ਦਲਿਤਾਂ ਦੀ ਕਮਜ਼ੋਰ ਐਫ ਆਈ ਆਰ ਦਰਜ ਕੀਤੀ ਅਤੇ ਦਲਿਤਾਂ ਨੂੰ ਫਸਾਉਣ ਦੇ ਲਈ ਜਵਾਬੀ ਮਾਮਲਾ ਦਰਜ ਕੀਤਾ ਅਤੇ ਪੋਸਟ ਮਾਰਟਮ ਤੋਂ ਲੈ ਕੇ ਮੈਡੀਕਲ ਰਿਪੋਰਟ ਤੱਕ ਸਭ ਮੈਨੇਜ ਕੀਤਾ, ਉਹਨਾਂ ਲੋਕਾਂ ਦੇ ਹੱਥਾਂ ਵਿਚ ਜਾਂਚ ਦੇ ਕੇ ਰਾਜ ਸਰਕਾਰ ਨੇ ਸਾਬਤ ਕਰ ਦਿੱਤਾ ਕਿ ਉਹਨਾਂ ਦੀ ਨਜ਼ਰ ਵਿਚ ਵੀ ਦਲਿਤਾਂ ਦੀ ਔਕਾਤ ਕਿੰਨੀ ਹੈ।

ਇੰਨਾ ਸਭ ਕੁਝ ਹੋਣ ਤੋਂ ਬਾਅਦ ਵੀ ਦਲਿਤ ਖਾਮੋਸ਼ ਹਨ। ਇਹ ਹੈਰਾਨੀ ਵਾਲੀ ਗੱਲ ਹੈ, ਕਿਤੇ ਕੋਈ ਵੀ ਹਲਚਲ ਨਹੀਂ ਹੈ। ਮੇਘ ਸੈਨਾ, ਦਲਿਤ ਪੈਂਥਰਸ, ਦਲਿਤ ਸੈਨਾਵਾਂ, ਮੇਘਵਾਲ ਮਹਾਂਸਭਾਵਾਂ ਸਭ ਲੁਕੀਆਂ ਬੈਠੀਆਂ ਹਨ? ਜੇਕਰ ਇਸ ਨਸਲਘਾਤ ਤੇ ਵੀ ਦਲਿਤ ਸੰਗਠਨ ਨਾ ਬੋਲੇ ਤਾਂ ਕੱਲ੍ਹ ਨੂੰ ਹਰ ਬਸਤੀ ਵਿਚ ਡਾਂਗਾਵਾਸ ਹੋਵੇਗਾ, ਹਰ ਘਰ ਅੱਗ ਦੇ ਹਵਾਲੇ ਹੋਵੇਗਾ, ਹਰ ਦਲਿਤ ਕੁਚਲਿਆ ਜਾਵੇਗਾ ਅਤੇ ਹਰ ਦਲਿਤ ਔਰਤ ਯੌਨ ਹਿੰਸਾ ਦਾ ਸ਼ਿਕਾਰ ਹੋਵੇਗੀ, ਹਰ ਪਿੰਡ ਬਥਾਨੀ ਟੋਲਾ ਹੋਵੇਗਾ, ਕੁਮਹੇਰ ਹੋਵੇਗਾ, ਲਕਸ਼ਮਣਪੁਰ ਬਾਥੇ ਅਤੇ ਭਗਾਨਾ ਹੋਵੇਗਾ। ਇਸ ਕਾਂਡ ਦੀ ਭਿਆਨਕਤਾ ਅਤੇ ਵਹਿਸ਼ੀਪੁਣਾ ਦੇਖ ਕੇ ਪੁੱਛਣ ਨੂੰ ਦਿਲ ਕਰਦਾ ਹੈ ਕਿ ਕੀ ਇਹ ਇਕ ਹੋਰ ਖੈਰਲਾਂਜੀ ਨਹੀਂ ਹੈ? ਜੇਕਰ ਹਾਂ ਤਾਂ ਸਾਡੀ ਮਰੀ ਹੋਈ ਚੇਤਨਾ ਕਦੋਂ ਮੁੜ ਜਿਉਂਦੀ ਹੋਵੇਗੀ ਜਾਂ ਅਸੀਂ ਮੁਰਦਾ ਕੌਮਾਂ ਵਾਂਗ ਰਹੇਗਾ ਜਾਂ ਜਿੰਦਾ ਲਾਸ਼ਾਂ ਬਣ ਕੇ ਧਰਤੀ ਦਾ ਬੋਨ ਬਣੇ ਰਹਾਂਗੇ, ਜੇਕਰ ਅਸੀਂ ਦਰਦ ਨਾਲ ਭਰੀ ਇਸ ਦੁਨੀਆਂ ਨੂੰ ਬਦਲ ਦੇਣਾ ਚਾਹੁੰਦੇ ਹਾਂ ਤਾਂ ਸਾਨੂੰ ਸੜਕਾਂ ਤੇ ਉਤਰਨਾ ਹੋਵੇਗਾ ਅਤੇ ਉਦੋਂ ਤੱਕ ਚੀਖਣਾ ਹੋਵੇਗਾ ਜਦੋਂ ਤੱਕ ਕਿ ਡਾਂਗਾਵਾਸ ਦੇ ਅਪਰਾਧੀਆਂ ਨੂੰ ਸਜ਼ਾ ਨਹੀਂ ਮਿਲ ਜਾਂਦੀ ਅਤੇ ਇਕ ਇਕ ਪੀੜਤ ਨੂੰ ਨਿਆਂ ਨਹੀਂ ਮਿਲ ਜਾਂਦਾ।

## ਅਮਰੀਕਾ 'ਚ ਰਹਿੰਦੇ ਗੈਰ ਪ੍ਰਵਾਸੀ ਭਾਰਤੀਆਂ ਦੀਆਂ ਅਰਜ਼ੀ 'ਤੇ ਵਿਚਾਰ ਆਰੰਭ

**ਵਾਸ਼ਿੰਗਟਨ-** ਅਮਰੀਕੀ ਅਧਿਕਾਰੀਆਂ ਨੇ ਐਚ-4 ਵੀਜ਼ਾ ਧਾਰਕਾਂ ਦੇ ਰੋਜ਼ਗਾਰ ਅਧਿਕਾਰ ਅਰਜ਼ੀ ਪੱਤਰ ਸਵੀਕਾਰ ਕਰਨੇ ਸ਼ੁਰੂ ਕਰ ਦਿੱਤੇ ਹਨ। ਐਚ-4 ਵੀਜ਼ਾ, ਐਚ-1 ਬੀ ਗੈਰ ਪ੍ਰਵਾਸੀ ਕਾਮਿਆਂ ਦੇ ਪਤੀ-ਪਤਨੀਆਂ ਨੂੰ ਦਿੱਤਾ ਜਾਂਦਾ ਹੈ। ਉਨ੍ਹਾਂ ਨੂੰ ਹੁਣ ਤੱਕ ਦੇਸ਼ ਵਿਚ ਕੰਮ ਕਰਨ ਦੀ ਮਨਜ਼ੂਰੀ ਨਹੀਂ ਸੀ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਬੀ.ਐਚ.ਐਸ. ਨੇ ਬੀਤੇ ਦਿਨ ਐਚ-4 ਵੀਜ਼ਾ ਲਈ ਅਰਜ਼ੀਆਂ ਸਵੀਕਾਰਨੀਆਂ ਸ਼ੁਰੂ ਕਰ ਦਿੱਤੀਆਂ।

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕੁਝ ਅਹਿਮ ਸੁਝਾਅ ਵੀ ਦਿੱਤੇ ਹਨ, ਜਿਨ੍ਹਾਂ ਵਿਚ ਐਚ-1 ਬੀ ਵੀਜ਼ਾ ਧਾਰਕਾਂ ਦੇ ਪਤੀ-ਪਤਨੀਆਂ ਦੇ ਕੁਝ ਵਰਗਾਂ ਲਈ ਰੋਜ਼ਗਾਰ ਅਧਿਕਾਰ ਕਾਰਡ (ਈ. ਏ. ਡੀ.) ਜਾਰੀ ਕਰਨਾ ਸ਼ਾਮਲ ਹੈ।

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਸ੍ਰੀ ਗੁਰੂ ਰਵਿਦਾਸ ਸਭਾ ਕੈਲੀਫੋਰਨੀਆ ਦੀ ਗੁਰੂ ਘਰ ਦੀ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਹੈ ਕਿ **7 ਜੂਨ (ਦਿਨ ਐਤਵਾਰ)** ਨੂੰ ਗੁਰੂ ਘਰ ਵਿਖੇ ਭਾਰਤੀ ਸੰਵਿਧਾਨ ਦੇ ਰਚੇਤਾ, ਮਹਾਨ ਵਿਦਵਾਨ ਅਤੇ ਦਲਿਤ ਭਾਈਚਾਰੇ ਦੇ ਮਸੀਹਾ ਬਾਬਾ ਸਾਹਿਬ ਡਾ. ਭੀਮ ਰਾਓ ਰਾਮਜੀ ਅੰਬੇਦਕਰ ਜੀ ਦਾ ਜਨਮ ਦਿਹਾੜਾ ਪੂਰਨ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।





ਸ੍ਰੀ ਗੁਰੂ ਰਵਿਦਾਸ ਸਭਾ ਕੈਲੀਫੋਰਨੀਆ ਵੱਲੋਂ 28 ਜੂਨ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 30ਵਾਂ ਸਥਾਪਨਾ ਦਿਵਸ ਗੁਰੂ ਘਰ ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਆਰੰਭ ਸ੍ਰੀ ਅਖੰਡ ਪਾਠ ਸਾਹਿਬ 26 ਜੂਨ (ਸ਼ੁੱਕਰਵਾਰ) ਸਵੇਰੇ 9 ਵਜੇ
ਨਿਸ਼ਾਨ ਸਾਹਿਬ ਦੀ ਸੇਵਾ ਸ਼ਨਿਚਰਵਾਰ 27 ਜੂਨ ਨੂੰ ਸਵੇਰੇ 11.30 ਵਜੇ ਹੋਵੇਗੀ
ਭੋਗ ਸ੍ਰੀ ਅਖੰਡ ਪਾਠ ਸਾਹਿਬ 28 ਜੂਨ (ਐਤਵਾਰ) ਸਵੇਰੇ 9 ਵਜੇ
ਭੋਗ ਤੋਂ ਬਾਅਦ 1.30 ਵਜੇ ਤੱਕ ਕੀਰਤਨ ਦੀਵਾਨ ਸਮਾਗਮ ਹੋਵੇਗਾ

**ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਕਤ ਦੋਵੇਂ ਦਿਹਾੜਿਆਂ ਮੌਕੇ ਗੁਰੂ ਘਰ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਕਥਾ-ਕੀਰਤਨ ਦਾ ਆਨੰਦ ਲੈਂਦਿਆਂ ਵਿਦਵਾਨਾਂ ਦੇ ਵਿਚਾਰ ਸੁਣੋ।**

**ਇਸ ਮੌਕੇ ਪੰਥ ਪ੍ਰਸਿੱਧ ਰਾਗੀ, ਢਾਡੀ ਜਥੇ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ**

ਸਟਾਲ ਅਤੇ ਲੰਗਰ ਜਾਂ ਹੋਰ ਸੇਵਾ ਲਈ ਸੰਪਰਕ ਕਰੋ
ਦਿਲਬਾਗ ਸਿੰਘ (ਜਨਰਲ ਸਕੱਤਰ 209-834-4641
ਅਭਿਸ਼ੇਕ ਪਾਲ (ਸਹਾਇਕ ਸਕੱਤਰ) 925-695-4639

**ਨੋਟ: ਗੁਰੂ ਘਰ ਦੀ ਨਵੀਂ ਕਮੇਟੀ ਦੀ ਚੋਣ 2015-2016 ਦੇ ਲਈ ਜੁਲਾਈ ਵਿਚ ਹੋਵੇਗੀ, ਇਸ ਕਰਕੇ ਆਪਣੀ ਮੈਂਬਰਸ਼ਿਪ ਰਿਨਿਊ ਕਰਵਾਉਣਾ ਨਾ ਭੁੱਲੋ**

## Sewadars

| Chairman | President | General Secretary | Treasurer |
|---|---|---|---|
| Faqira Mehmi | Ramesh Suman | Dilbag Singh | Narinder Chahal |
| (925)698.1341 | (925) 366.3618 | (209)834-4641 | (209)627.7974 |











ਤਸਵੀਰਾਂ- ਚਮਨ ਵੀਡੀਓ ਫਰੀਮਾਂਟ

ਪ੍ਰਸਿੱਧ ਗਾਇਕ ਕਲੇਰ ਕੰਠ 24 ਮਈ ਦਿਨ. ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਵਿਸ਼ੇਸ਼ ਤੌਰ ਤੇ ਪਹੁੰਚੇ, ਜਿੱਥੇ ਉਹਨਾਂ ਨੇ ਆਪਣੇ ਧਾਰਮਿਕ ਗੀਤਾਂ, ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਸੁਖਮਨੀ ਸਾਹਿਬ ਦੇ ਪਾਠ ਤੋਂ ਉਪਰੰਤ ਆਰੰਭ ਹੋਈ। ਇਸ ਮੌਕੇ ਕਲੇਰ ਕੰਠ ਨੇ ਆਪਣੀ ਸੁਰੀਲੀ ਆਵਾਜ਼ ਵਿਚ ਧਾਰਮਿਕ ਗੀਤ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਲੰਗਰ ਦੀ ਸੇਵਾ ਨਾਰੇਬਟ ਪਰਿਵਾਰ ਵੱਲੋਂ ਕੀਤੀ ਗਈ। ਇਹ ਧਾਰਮਿਕ ਸਮਾਗਮ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਤੇ ਸੰਗਤ ਚੇਅਰਮੈਨ ਫਕੀਰਾ ਮਹਿਮੀ ਅਤੇ ਪਰਿਵਾਰ ਵੱਲੋਂ ਵਿਸ਼ੇਸ਼ ਸੱਦੇ 'ਤੇ ਅਤੇ ਲਖਵੀਰ ਜੌਹਲ ਦੇ ਸਹਿਯੋਗ ਸਦਕਾ ਸੰਪੰਨ ਹੋਇਆ। ਇਸ ਮੌਕੇ ਗਾਇਕ ਕਲੇਰ ਕੰਠ ਦਾ ਗੁਰੂ ਘਰ ਵੱਲੋਂ ਸਿਰੋਪਾਓ ਅਤੇ ਮਾਣ ਪੱਤਰ ਨਾਲ ਸਨਮਾਨ ਕੀਤਾ ਗਿਆ।

# ਸੈਨਵਾਕੀਨ ਦੇ ਕਬੱਡੀ ਟੂਰਨਾਮੈਂਟ ਦੀਆਂ ਕੁਝ ਝਲਕੀਆਂ


























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ "ਦੇਸ਼ ਦੁਆਬਾ''




# ਮੈਨਵਾਕੀਨ ਦੇ ਕਬੱਡੀ ਟੂਰਨਾਮੈਂਟ ਦੀਆਂ ਕੁਝ ਝਲਕੀਆਂ












ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ "ਦੇਸ਼ ਦੁਆਬਾ''



Continental



Truck, Trailer Repair & Tyre Servicse

ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।

Bhajji Gill
(510-277-6315),
Chain Gill
510-542-1181




42400 Boyce Rd., Unite F, Fremont, CA 94538


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
rajasweetsandcatering
Follow us on Twitter
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
The Threading Queen
threading & Heena Tattoos
Call for appointment
(916) 297-0150, (916) 316-8199
EYEBROW THREADING & HENNA TATTOO (EACH HAND)
ONLY FOR $5.00
REGULAR $8.00
WALK IN WELCOME
MON-SAT 10am TO 7pm
WE ACCEPT EBT CARDS
1265 PLEASANT GROVE BLVD. # 100 ROSEVILLE CA 95747
5203 ELKHORN BLVD.SACRAMENTO CA 95842
916-786-7666 • 916-338-5511


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
BRIDAL BOUTIQUE JEWELRY
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਈਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆਂ ਤੋਂ
ਵਧੀਆਂ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀ.ਵੀ.ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆਂ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀ ਯੂ.ਪੀ.ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ
KASH FABRICS
ONE STOP SHOPPING CENTRE
29576 Mission Blvd, Hayward, CA 94544
www.kashfabrics.com
Tel: 510-538-1138

# ਬੱਚਿਆਂ ਦਾ ਸਨਮਾਨਿਤ ਵਿਅਕੱਤਿੱਤਵ ਕਿਵੇਂ ਬਣੇ?



ਪ੍ਰੋ: ਐਚ.ਐਲ.ਕਪੂਰ
01- 916- 587-4002

**ਜਦੋਂ** ਅਸੀਂ ਦੁਨੀਆਂ ਦੇ ਮਹਾਨ ਪੁਰਸ਼ਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਅਸੀਂ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਹਾਂ ਕਿ ਇਹ ਇਤਨੇ ਮਹਾਨ ਕਿਵੇਂ ਬਣ ਗਏ ਹਨ? ਸਾਡੀ ਆਪਣੀ ਇੱਛਾ-ਸ਼ਕਤੀ ਨੂੰ ਬੜਾ ਤਕੜਾ ਹੁਲਾਰਾ ਮਿਲਦਾ ਹੈ ਜਦੋਂ ਅਸੀਂ ਇਹਨਾਂ ਮਹਾਨ ਸ਼ਖਸੀਅਤਾਂ ਦੀਆਂ ਜੀਵਨੀਆਂ ਵੱਲ ਝਾਤ ਮਾਰਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਇਹਨਾਂ ਮਹਾਨ ਸ਼ਖਸੀਅਤਾਂ ਨੇ ਬਚਪਨ ਤੋਂ ਹੀ ਚੰਗੇ ਸੰਸਕਾਰ ਸਿੱਖਣੇ ਸ਼ੁਰੂ ਕਰ ਦਿੱਤੇ ਸਨ ਤੇ ਇਹਨਾਂ ਚੰਗੇ ਸੰਸਕਾਰਾਂ ਕਾਰਨ ਤੇ ਆਪਣੇ ਜੀਵਨ ਨੂੰ ਅਨੁਸ਼ਾਸਨ 'ਚ ਰੱਖਦਿਆਂ ਹੋਇਆਂ ਤੇ ਚੰਗਿਆਈਆਂ ਦਾ ਪੱਲਾ ਨਾ ਛੱਡਦਿਆਂ ਹੋਇਆਂ, ਇਹ ਮਾਨਵਤਾ ਲਈ ਪ੍ਰੇਰਨਾ ਸਰੋਤ ਤੇ ਮਹਾਨ ਵਿਅਕਤੀ ਬਣ ਜਾਂਦੇ ਹਨ। ਇਹਨਾਂ ਦੇ ਪ੍ਰਭਾਵਸ਼ਾਲੀ ਵਿਅਕਤਿਤਵ ਦਾ ਸਮੁੱਚੀ ਮਾਨਵਤਾ 'ਤੇ ਬੜਾ ਪ੍ਰਭਾਵ ਪੈਂਦਾ ਹੈ ਤੇ ਇਸੇ ਕਾਰਨ ਹੀ ਇਹਨਾਂ ਦਾ ਵਿਅਕੱਤਿੱਤਵ, ਸਾਡੇ ਲਈ ਆਦਰ ਯੋਗ ਤੇ ਸਨਮਾਨਿਤ ਬਣ ਜਾਂਦਾ ਹੈ। ਅਸੀਂ ਰੋਜ਼ਾਨਾ ਬਹੁਤ ਸਾਰੇ ਲੋਕਾਂ ਨੂੰ ਮਿਲਦੇ ਹਾਂ ਪਰ ਬਹੁਤ ਘੱਟ ਲੋਕ ਹੁੰਦੇ ਹਨ ਜੋ ਸਾਨੂੰ ਪ੍ਰਭਾਵਿਤ ਕਰ ਜਾਂਦੇ ਹਨ, ਅਜਿਹੇ ਲੋਕਾਂ ਲਈ ਹੀ ਅਸੀਂ ਅਕਸਰ ਕਹਿੰਦੇ ਹਾਂ ਕਿ ਯਾਰ ਇਸ ਆਦਮੀ ਦੀ ਬੜੀ ਪ੍ਰਸਨੈਲਟੀ ਹੈ, ਭਾਵ ਇਸ ਆਦਮੀ ਦਾ ਵਿਅਕੱਤਿੱਤਵ ਕਿੰਨਾ ਪ੍ਰਭਾਵਸ਼ਾਲੀ ਹੈ। ਇਸ ਤਰ੍ਹਾਂ ਦੇ ਵਿਅਕੱਤਿੱਤਵ ਵਾਲੇ ਲੋਕ ਅਕਸਰ ਖੁਸ਼ਹਾਲ ਹੁੰਦੇ ਹਨ ਤੇ ਉਹਨਾਂ ਦੀ ਹਰ ਜਗ੍ਹਾ ਇੱਜਤ ਤੇ ਮਾਣ-ਤਾਣ ਹੁੰਦਾ ਹੈ ਤੇ ਉਹਨਾਂ ਨੂੰ ਪਸੰਦ ਵੀ ਕੀਤਾ ਜਾਂਦਾ ਹੈ। ਅਜਿਹੇ ਲੋਕਾਂ ਨੂੰ ਸਮਾਗਮਾਂ ਤੇ ਸੱਦਿਆ ਜਾਂਦਾ ਹੈ ਤੇ ਨੌਕਰੀਆਂ ਕਰਨ ਵਾਲਿਆਂ ਨੂੰ ਤਰੱਕੀ ਵੀ ਬੜੀ ਜਲਦੀ ਮਿਲਦੀ ਹੈ। ਇਹ ਕੁਦਰਤੀ ਹੈ ਕਿ ਅਸੀਂ ਇਸ ਤਰ੍ਹਾਂ ਦਾ ਵਿਅਕੱਤਿੱਤਵ ਬਣਾਉਣਾ ਚਾਹਾਂਗੇ। ਇਸ ਲੇਖ 'ਚ ਮੈਂ ਕੁਝ ਨਿਮਨ-ਲਿਖਤ ਸੁਝਾਅ ਮਾਤਾ-ਪਿਤਾ ਨੂੰ ਪੇਸ਼ ਕਰ ਰਿਹਾ ਹਾਂ ਜੋ ਖੁਦ ਆਪ ਵੀ ਅਪਨਾਉਣ ਤੇ ਇਹੋ ਚੰਗੇ ਸੰਸਕਾਰ ਆਪਣੇ ਬੱਚਿਆਂ 'ਚ ਵੀ ਭਰਨ ਲਈ ਮਿਹਨਤ ਕਰਨ ਤਾਂ ਜੋ ਉਹ ਇਹਨਾਂ ਚੰਗੇ ਸੰਸਕਾਰਾਂ ਨੂੰ ਅਪਣਾ ਕੇ ਇਕ ਸਨਮਾਨਿਤ ਵਿਅਕਤਿਤਵ ਵਾਲੇ ਮਾਨਵ ਬਣ ਸਕਣ।

**ਆਮ ਤੌਰ ਤੇ ਸਭ ਲੋਕਾਂ ਨੂੰ ਪਸੰਦ ਕਰੋ:-**
ਜਦੋਂ ਅਸੀਂ ਕਿਸੇ ਨੂੰ ਮਿਲਦੇ ਹਾਂ ਤਾਂ ਅਕਸਰ ਉਸ ਬਾਰੇ ਆਪਣੇ ਮਨ 'ਚ ਇਕ ਪ੍ਰਭਾਵ ਬਣਾ ਲੈਂਦੇ ਹਾਂ ਕਿ ਇਹ ਵਿਅਕਤੀ ਸਕਾਰਾਤਮਕ, ਨਿਕਾਰਾਤਮਕ ਜਾਂ ਇਹਨਾਂ ਦੋਹਾਂ ਸੋਚਾਂ ਦੇ ਵਿਚਕਾਰਲੇ ਸੁਭਾਅ ਭਾਵ ਨਿਊਟਰਲ ਸੁਭਾਅ ਦਾ ਹੋ ਸਕਦਾ ਹੈ। ਜੇਕਰ ਅਸੀਂ ਆਪਣੇ ਵਿਅਕੱਤਿੱਤਵ ਭਾਵ ਪ੍ਰਸਨੈਲਟੀ ਨੂੰ ਵਧੀਆ ਬਣਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਇਸ ਨੂੰ ਸਕਾਰਾਤਮਕ ਭਾਵ 'ਹਾਂ' ਪੱਖੀ ਸੁਭਾਅ ਬਣਾਉਣਾ ਪਵੇਗਾ। ਇਸ ਲਈ ਸਾਨੂੰ ਆਪਣੀ ਸੋਚ ਨੂੰ ਬਦਲਣਾ ਪਵੇਗਾ ਕਿ ਅਸੀਂ ਹਰ ਇਨਸਾਨ ਜੋ ਸਾਡੇ ਸੰਪਰਕ 'ਚ ਆਉਂਦਾ ਹੈ, ਉਸ ਦੀਆਂ ਚੰਗਿਆਈਆਂ ਹੀ ਲੱਭੀਏ ਤੇ ਬੁਰਾਈਆਂ ਨਹੀਂ? ਇਸ ਤਰ੍ਹਾਂ ਕਰਨਾ ਕੋਈ ਮੁਸ਼ਕਿਲ ਨਹੀਂ, ਅਗਰ ਤੁਸੀਂ ਆਪਣੇ ਦਿਮਾਗ ਜਾਂ ਮਨ ਨੂੰ ਚੰਗਿਆਈਆਂ ਖੋਜਣ ਦਾ ਨਿਰਦੇਸ਼ ਦਿਆਂਗੇ ਤਾਂ ਉਹ ਜ਼ਰੂਰ ਚੰਗਿਆਈਆਂ ਹੀ ਖੋਜੇਗਾ।

ਇਸ ਤਰ੍ਹਾਂ ਕਰਨ ਲਈ ਸਾਨੂੰ ਲੋਕਾਂ 'ਚ ਰਚਣਾ-ਮਿਚਣਾ ਪਵੇਗਾ, ਉਹਨਾਂ ਨਾਲ ਤਾਲਮੇਲ ਕਰਨਾ ਪਵੇਗਾ। ਲੋਕਾਂ ਦੀਆਂ ਕਮੀਆਂ ਨੂੰ ਨਾ ਮੋਹਰੇ ਰੱਖਦੇ ਹੋਏ ਤੇ ਉਹਨਾਂ ਦੀਆਂ ਕਮਜ਼ੋਰੀਆਂ ਤੇ ਨਾ ਖਿਝਦੇ ਹੋਏ ਤੇ ਆਪਣੇ ਆਪ ਨੂੰ ਉਹਨਾਂ ਲੋਕਾਂ ਦੀ ਥਾਂ ਰੱਖ ਕੇ ਸੋਚਦੇ ਹੋਏ ਹੀ ਕੀਤਾ ਜਾ ਸਕਦਾ ਹੈ। ਸਾਨੂੰ ਇਹ ਵੀ ਸੋਚਣਾ ਪਵੇਗਾ ਕਿ ਜੇਕਰ ਸਾਡੇ ਹਾਲਾਤ ਵੀ ਉਸ ਬੁਰੇ ਆਦਮੀ ਵਰਗੇ ਹੁੰਦੇ ਜਾਂ ਸਾਡਾ ਵੀ ਪਾਲਣ-ਪੋਸ਼ਣ ਬੁਰੇ ਵਾਤਾਵਰਣ 'ਚ ਹੋਇਆ ਹੁੰਦਾ ਤਾਂ ਅਸੀਂ ਵੀ ਉਸੇ ਬੁਰੇ ਇਨਸਾਨ ਵਰਗੇ ਹੁੰਦੇ। ਇਸ ਲਈ ਸਾਨੂੰ ਚੰਗੇ ਤੇ ਮੰਦੇ ਦੋਹਾਂ ਹਾਲਾਤਾਂ ਨੂੰ ਧਿਆਨ 'ਚ ਰੱਖਦੇ ਹੋਏ ਉਸ ਮੁਤਾਬਕ ਆਪਣਾ ਵਿਵਹਾਰ ਅਪਨਾਉਣਾ ਪਵੇਗਾ। ਇਸ ਲਈ ਇਕ ਮਾਨਵ ਦਾ ਦੂਸਰੇ ਮਾਨਵ ਨਾਲੋਂ ਜੋ ਫਰਕ ਹੈ ਉਸ ਨੂੰ ਮੰਨਦੇ ਹੋਏ ਤੇ ਬੁਰਾਈਆਂ ਤੋਂ ਨਾ ਖਿਝਦੇ ਹੋਏ ਸਾਨੂੰ ਮਾਨਵਤਾ ਨੂੰ ਹੀ ਮੁੱਖ ਰੱਖਣਾ ਪਵੇਗਾ।

ਹਰ ਮਾਨਵ 'ਤੇ ਸਾਡੇ ਵਾਤਾਵਰਣ 'ਤੇ ਉਸ ਦੇ ਵਿਰਸੇ ਦਾ ਬੜਾ ਪ੍ਰਭਾਵ ਹੁੰਦਾ ਹੈ। ਇਸ ਪ੍ਰਭਾਵ ਨਾਲ ਹੀ ਮਨੁੱਖ ਦੀਆਂ ਚੰਗੀਆਂ ਜਾਂ ਮੰਦੀਆਂ ਆਦਤਾਂ ਵਿਕਸਤ ਹੁੰਦੀਆਂ ਹਨ। ਪਿਆਰੇ ਦੋਸਤੋ! ਸਾਡੇ ਆਲੇ-ਦੁਆਲੇ ਸਾਨੂੰ ਨਕਾਰਾਤਮਕ ਸੋਚ ਵਾਲੇ ਲੋਕ ਬੜੇ ਮਿਲਣਗੇ ਤੇ ਇਸ ਸੋਚ ਦਾ ਸਾਡੇ ਤੇ ਅਸਰ ਵੀ ਬੜੀ ਜਲਦੀ ਹੁੰਦਾ ਹੈ। ਅਕਸਰ ਅਸੀਂ ਆਪਣੇ ਵਾਤਾਵਰਣ 'ਚ ਰੋਜ਼ ਚੋਰੀਆਂ, ਧੋਖੇਧੜੀਆਂ ਤੇ ਹੇਰਾਫੇਰੀਆਂ ਦੀਆਂ ਖ਼ਬਰਾਂ ਪੜ੍ਹਦੇ ਤੇ ਸੁਣਦੇ ਹਾਂ, ਸ਼ਾਇਦ ਇਸੇ ਕਰਕੇ ਹੀ ਆਦਮੀ ਦਾ ਆਦਮੀ ਨਾਲੋਂ ਵਿਸ਼ਵਾਸ ਟੁੱਟਦਾ ਜਾ ਰਿਹਾ ਹੈ। ਮੈਂ ਇਹ ਨਹੀਂ ਕਹਿੰਦਾ ਕਿ ਅਸੀਂ ਆਪਣੀਆਂ ਅੱਖਾਂ ਮੀਟ ਦੇ ਦੂਸਰੇ ਤੇ ਵਿਸ਼ਵਾਸ ਕਰੀ ਜਾਈਏ। ਜ਼ਿਆਦਾਤਰ ਲੋਕ ਚੰਗੇ ਹੀ ਹੁੰਦੇ ਹਨ, ਘੱਟ ਤੋਂ ਘੱਟ ਉਹਨਾਂ ਨਾਲ ਤਾਂ ਹੁੰਦੇ ਹੀ ਹਨ ਜਿਹੜੇ ਆਪ ਚੰਗੇ ਹੁੰਦੇ ਹਨ। ਇਸ ਲਈ ਤੁਸੀਂ ਲੋਕਾਂ ਨਾਲ ਆਪ ਚੰਗੇ ਬਣੋ ਤੇ ਉਹਨਾਂ ਨੂੰ ਪਸੰਦ ਕਰੋ ਤੇ ਬਦਲੇ 'ਚ ਉਹ ਵੀ ਤੁਹਾਨੂੰ ਪਸੰਦ ਕਰਨਗੇ।

ਮਹਾਨ ਵਿਦਵਾਨ ਰਾਲਫ਼ ਵਾਲਡੋ ਐਮਰਸਨ ਨੇ ਠੀਕ ਹੀ ਕਿਹਾ ਹੈ ਕਿ “ਮੈਂ ਜਿਸ ਵਿਅਕਤੀ ਨੂੰ ਵੀ ਮਿਲਦਾ ਹਾਂ ਉਹ ਕਿਸੇ ਨਾ ਕਿਸੇ ਰੂਪ 'ਚ ਮੇਰੇ ਨਾਲੋਂ ਚੰਗਾ ਹੀ ਇਨਸਾਨ ਹੁੰਦਾ ਹੈ।” ਇਸ ਲਈ ਜਦੋਂ ਕੋਈ ਇਨਸਾਨ ਸਾਡੇ ਨਾਲੋਂ ਕਿਸੇ ਨਾ ਕਿਸੇ ਰੂਪ 'ਚ ਚੰਗਾ ਹੈ ਤਾਂ ਉਸ ਨੂੰ ਪਸੰਦ ਤਾਂ ਕੀਤਾ ਹੀ ਜਾ ਸਕਦਾ ਹੈ।

**ਮੁਸਕਰਾਹਟ ਨਾਲ ਮਿਲੋ:-** ਪੰਜਾਬੀ ਦਾ ਇਕ ਮੁਹਾਵਰਾ ਹੈ 'ਹੱਸਣੇ ਘਰ ਵੱਸਣੇ'। ਇਸ ਮੁਹਾਵਰੇ ਮੁਤਾਬਕ ਜੋ ਇਨਸਾਨ ਹਮੇਸ਼ਾ ਖੁਸ਼ ਰਹਿੰਦੇ ਹਨ, ਉਹਨਾਂ ਦੇ ਘਰ ਹੀ ਹਮੇਸ਼ਾ ਸੁੱਖ-ਸ਼ਾਂਤੀ ਰਹਿੰਦੀ ਹੈ। ਜਦੋਂ ਅਸੀਂ ਆਪਣੇ ਖਾਸ ਮਿੱਤਰਾਂ ਨੂੰ ਮਿਲਦੇ ਹਾਂ ਤਾਂ ਕੀ ਹੁੰਦਾ ਹੈ? ਅਸੀਂ ਅਕਸਰ ਇਕ ਦੂਸਰੇ ਨੂੰ ਮੁਸਕਰਾ ਕੇ ਮਿਲਦੇ ਹਾਂ, ਇਹ ਠੀਕ ਹੈ ਨਾ? ਮੁਸਕਰਾਉਣਾ ਜ਼ਾਹਿਰ ਕਰਦਾ ਹੈ ਕਿ ਤੁਸੀਂ ਸਾਹਮਣੇ ਵਾਲੇ ਨੂੰ ਪਸੰਦ ਕਰਦੇ ਹੋ। ਇਹੋ ਗੱਲ ਹੀ ਹਰ ਤਰ੍ਹਾਂ ਦੇ ਸਬੰਧ ਨਾਲ ਲਾਗੂ ਹੁੰਦੀ ਹੈ। ਇਸ ਤਰ੍ਹਾਂ ਤੁਸੀਂ ਜਦੋਂ ਵੀ ਕਿਸੇ ਨੂੰ ਮਿਲੋ ਆਪਣੇ ਚਿਹਰੇ ਤੇ ਮੁਸਕਰਾਹਟ ਜ਼ਰੂਰ ਲਿਆਓ, ਇਸ ਨਾਲ ਲੋਕ ਤੁਹਾਨੂੰ ਪਸੰਦ ਕਰਨਗੇ ਤੇ ਤੁਹਾਨੂੰ ਮਿਲ ਕੇ ਖੁਸ਼ ਹੋਣਗੇ। ਇਸ ਤਰ੍ਹਾਂ ਮੁਸਕਰਾਹਟ ਦਾ ਜਵਾਬ ਵੀ ਮੁਸਕਰਾਹਟ 'ਚ ਹੀ ਮਿਲੇਗਾ। ਇਸ ਤਰ੍ਹਾਂ ਕਦੀ ਘੱਟ ਹੀ ਹੁੰਦਾ ਹੈ ਕਿ ਮੁਸਕਰਾਹਟ ਦਾ ਜਵਾਬ ਮੁਸਕਰਾਹਟ 'ਚ ਨਾ ਮਿਲੇ ਜੇਕਰ ਇਸ ਤਰ੍ਹਾਂ ਹੁੰਦਾ ਵੀ ਹੈ ਤਾਂ ਇਸ ਦੀ ਚਿੰਤਾ ਨਾ ਕਰੋ, ਬੱਸ ਆਪਣਾ ਫਰਜ਼ ਨਿਭਾਈ ਜਾਓ।

ਇਹ ਸੁਣਨ ਨੂੰ ਬਹੁਤ ਆਸਾਨ ਲੱਗ ਰਿਹਾ ਹੋਵੇਗਾ, ਕਰਨਾ ਈ ਕੀ ਹੈ? ਹਲਕਾ ਜਿਹਾ ਮੁਸਕਰਾਉਣਾ ਈ ਤਾਂ ਹੈ, ਬਹੁਤ ਸਾਰੇ ਲੋਕ ਕੁਦਰਤੀ ਇਸ ਤਰ੍ਹਾਂ ਕਰਦੇ ਵੀ ਹਨ ਪ੍ਰੰਤੂ ਬਹੁਤ ਸਾਰੇ ਲੋਕ ਇਸ ਛੋਟੀ ਜਿਹੀ ਗੱਲ ਵੱਲ ਧਿਆਨ ਨਹੀਂ ਕਰਦੇ ਜੇਕਰ ਤੁਸੀਂ ਵੀ ਨਹੀਂ ਕਰਦੇ ਤਾਂ ਇਸ ਨੂੰ ਥੋੜ੍ਹਾ ਜਿਹਾ ਆਪਣੀ ਆਦਤ 'ਚ ਲਿਆਓ। ਇਕ ਮੁਸਕਰਾਉਂਦਾ ਹੋਇਆ ਚਿਹਰਾ, ਇਕ ਗੰਭੀਰ ਤੇ ਉਤਰੇ ਹੋਏ ਚਿਹਰੇ ਨਾਲੋਂ ਕਿਤੇ ਵੱਧ ਆਕਰਸ਼ਕ ਲੱਗਦਾ ਹੈ ਅਤੇ ਉਸ ਦੇ ਵਿਅਕਤਿੱਤਵ ਨੂੰ ਬਹੁਤ ਆਕਰਸ਼ਿਤ ਕਰਦਾ ਹੈ। ਮੁਸਕਰਾਉਣ ਦਾ ਇਕ ਫਾਇਦਾ ਹੋਰ ਵੀ ਹੈ, ਖੋਜਾਂ ਇਹ ਸਾਬਤ ਕਰਦੀਆਂ ਹਨ ਕਿ ਜਦੋਂ ਅਸੀਂ ਬਹੁਤ ਖੁਸ਼ ਹੁੰਦੇ ਹਾਂ ਤਾਂ ਸਾਡੇ ਚਿਹਰੇ ਦੀ ਬਾਹਰੀ ਦਿੱਖ ਵੀ ਖੁਸ਼ ਨਜ਼ਰ ਆਉਂਦੀ ਹੈ ਤੇ ਲੋਕ ਸਾਡਾ ਚਿਹਰਾ ਦੇਖ ਕੇ ਦੱਸ ਦਿੰਦੇ ਹਨ ਕਿ ਅੱਜ ਤੁਸੀਂ ਬਹੁਤ ਖੁਸ਼ ਹੋ, ਠੀਕ ਇਸ ਦੇ ਉਲਟ ਵੀ ਇਸੇ ਤਰ੍ਹਾਂ ਸਹੀ ਹੈ ਯਾਨਿ ਕਿ ਜਦੋਂ ਅਸੀਂ ਆਪਣੇ ਬਾਹਰੀ ਚਿਹਰੇ ਨੂੰ ਖੁਸ਼ਨੁਮਾ ਬਣਾ ਲੈਂਦੇ ਹਾਂ ਤਾਂ ਉਸ ਦਾ ਅਸਰ ਸਾਡੇ ਅੰਦਰੀਵ ਮਨ ਤੇ ਬਹੁਤ ਅੱਛਾ ਪੈਂਦਾ ਹੈ। ਸੋ ਇਹ ਗੱਲ ਪੱਕੀ ਲੜ ਬੰਨ੍ਹ ਲਈ ਜਾਵੇ ਤੇ ਆਦਤ ਦਾ ਇਸ ਨੂੰ ਇਕ ਅਹਿਮ ਹਿੱਸਾ ਬਣਾ ਲਈਏ ਤੇ ਜਿੱਥੇ ਵੀ ਜਾਈਏ ਉਥੇ ਮਿੱਠੀ ਮੁਸਕਾਨ ਦੇਣਾ ਨਾ ਭੁੱਲੀਏ।



**ਮੈਂ ਦੀ ਥਾਂ 'ਤੁਸੀਂ' ਬੋਲੀਏ ਤੇ ਲਿਖੀਏ:-**
ਤੁਸੀਂ ਕਿਸ ਨੂੰ ਜ਼ਿਆਦਾ ਪਸੰਦ ਕਰੋਗੇ: ਜੋ ਆਪਣੇ ਮਤਲਬ ਦੀ ਗੱਲ ਕਰੇ ਜਾਂ ਉਸ ਨੂੰ ਜੋ ਤੁਹਾਡੇ ਮਤਲਬ ਦੀ ਗੱਲ ਕਰੇ? ਅਕਸਰ ਅਸੀਂ ਜੋ ਸਾਡੇ ਮਤਲਬ ਦੀ ਗੱਲ ਕਰੇ, ਉਸ ਨੂੰ ਪਸੰਦ ਕਰਦੇ ਹਾਂ। ਹਰ ਇਨਸਾਨ ਆਪਣੇ ਖੁਦ ਨੂੰ ਪਹਿਲਾਂ ਰੱਖਣ ਦੀ ਗੱਲ ਕਰ ਰਿਹਾ ਹੈ, ਮੈਂ ਐਸਾ ਹਾਂ, ਮੈਨੂੰ ਇਹ ਪਸੰਦ ਹੈ ਜਾਂ ਇਹ ਚੰਗਾ ਲੱਗਦਾ ਹੈ, ਮੈਂ ਇਹ ਕਰਦਾ ਹਾਂ ਆਦਿ, ਪਰ ਸਾਨੂੰ ਇਸ ਨੂੰ ਅਲੱਗ ਕਰਨਾ ਚਾਹੀਦਾ ਹੈ। 'ਮੈਂ' ਤੋਂ ਪਹਿਲਾਂ 'ਤੁਸੀਂ' ਕਹੀਏ। ਤੁਹਾਡਾ ਕੀ ਹਾਲ ਹੈ, “ਤੁਹਾਨੂੰ ਕੀ ਚੰਗਾ ਲੱਗਦਾ ਹੈ?” ਤੁਸੀਂ ਕੀ ਕਰਦੇ ਹੋ?

ਇਹ ਪੱਕੀ ਗੱਲ ਹੈ ਕਿ ਇਸ ਤਰ੍ਹਾਂ ਕਰਨ ਨਾਲ ਲੋਕ ਤੁਹਾਨੂੰ ਜ਼ਿਆਦਾ ਪਸੰਦ ਕਰਨਗੇ। ਅਗਰ ਮੈਂ ਆਪਣੀ ਗੱਲ ਕਰਾਂ ਤਾਂ ਜੇਕਰ ਤੁਸੀਂ ਮੈਨੂੰ ਐਚ ਐਲ ਕੇ ਕਹਿ ਕੇ ਗੱਲ ਕਰੋਗੇ ਤਾਂ ਮੈਂ ਤੁਹਾਨੂੰ ਬਹੁਤ ਪਸੰਦ ਕਰਾਂਗਾ।

ਸਿਰਫ ਐਕਟਰਜ਼ ਜਾਂ ਲਿਖਾਰੀ ਹੀ ਨਹੀਂ ਇਕ ਆਮ ਆਦਮੀ ਵੀ ਆਪਣੇ ਪ੍ਰਸ਼ੰਸਕਾਂ ਦੀ ਭੀੜ ਚਾਹੁੰਦਾ ਹੈ। ਜਦੋਂ ਤੁਸੀਂ ਇਕ ਆਮ ਆਦਮੀ ਲਈ ਉਸ ਦੇ ਪ੍ਰਸ਼ੰਸਕ ਬਣਦੇ ਹੋ ਤਾਂ ਤੁਸੀਂ ਉਸ ਲਈ ਖਾਸ ਆਦਮੀ ਬਣ ਜਾਂਦੇ ਹੋ। ਜਦੋਂ ਤੁਸੀਂ ਬਹੁਤ ਸਾਰੇ ਆਮ ਲੋਕਾਂ ਦੀ ਪ੍ਰਸ਼ੰਸਾ ਕਰਦੇ ਹੋ ਤਾਂ ਤੁਸੀਂ ਬਹੁਤ ਸਾਰੇ ਆਮ ਲੋਕਾਂ ਦੇ ਖਾਸ ਆਦਮੀ ਬਣ ਜਾਂਦੇ ਹੋ। ਇਸ ਤਰ੍ਹਾਂ ਲਗਾਤਾਰ ਕਰਦੇ ਰਹਿਣ ਨਾਲ ਤੁਸੀਂ ਆਮ ਆਦਮੀ ਤੋਂ ਉਪਰ ਉਠ ਕੇ ਇਕ ਖਾਸ ਵਿਅਕਤਿਤਵ ਦੇ ਮਾਲਕ ਬਣ ਜਾਂਦੇ ਹੋ। ਇਸ ਤਰ੍ਹਾਂ ਦੇ ਖਾਸ ਵਿਅਕਤਿਤਵ ਵਾਲੇ ਮਾਨਵ ਨੂੰ ਸਭ ਪਸੰਦ ਕਰਦੇ ਹਨ ਤੇ ਉਸ ਦਾ ਕਰਿਸ਼ਮਾ ਸਾਰੀ ਮਾਨਵਤਾ ਤੇ ਪ੍ਰਭਾਵ ਪਾਉਂਦਾ ਹੈ ਕਿਉਂਕਿ ਉਹ ਦੂਸਰਿਆਂ ਨੂੰ ਸੰਬੋਧਨ ਕਰਨ ਵੇਲੇ 'ਤੁਸੀਂ' ਬੋਲਦਾ ਤੇ ਲਿਖਦਾ ਹੈ।

**ਨਾਮ ਦਾ ਧਿਆਨ ਰੱਖਿਆ ਜਾਵੇ:-** ਕਿਸੇ ਆਦਮੀ ਦਾ ਨਾਮ ਉਸ ਨੂੰ ਦੁਨੀਆਂ ਦੇ ਬਾਕੀ ਨਾਵਾਂ ਨਾਲੋਂ ਜ਼ਿਆਦਾ ਮਹੱਤਵ ਰੱਖਦਾ ਹੈ। ਇਸ ਲਈ ਜਦੋਂ ਕਿਸੇ ਨਾਲ ਗੱਲ ਕੀਤੀ ਜਾਵੇ ਤਾਂ ਵਿਚ-ਵਿਚ ਉਸਦਾ ਨਾਮ ਲੈਣਾ ਚਾਹੀਦਾ ਹੈ, ਅਗਰ ਜਿਸ ਨਾਲ ਗੱਲ ਕੀਤੀ ਜਾ ਰਹੀ ਹੈ, ਉਹ ਤੁਹਾਡੇ ਨਾਲੋਂ ਸੀਨੀਅਰ ਹੈ ਜਾਂ ਵੱਡਾ ਹੈ ਤਾਂ ਉਸ ਦੇ ਨਾਮ ਨਾਲ 'ਸਰ' ਜਾਂ 'ਵੱਡੇ ਭਾਈ ਸਾਹਿਬ' ਜਾਂ 'ਭਾਜੀ' ਆਦਿ ਜ਼ਰੂਰ ਲਾਉਣਾ ਚਾਹੀਦਾ ਹੈ।

ਵਿਚ-ਵਿਚ ਉਸ ਦਾ ਨਾਮ ਲੈਣ ਸਾਹਮਣੇ ਵਾਲਾ ਆਪਣੀ ਅਹਿਮੀਅਤ ਮਹਿਸੂਸ ਕਰਦਾ ਹੈ ਤੇ ਨਾਲ ਹੀ ਉਹ ਤੁਹਾਡੇ ਵੱਲ ਧਿਆਨ ਵੀ ਵਧੇਰੇ ਦਿੰਦਾ ਹੈ। ਇਹ ਯਕੀਨਨ ਹੈ ਕਿ ਸਾਹਮਣੇ ਵਾਲਾ ਇਸ ਤਰ੍ਹਾਂ ਖੁਸ਼ ਵੀ ਹੁੰਦਾ ਹੈ ਕਿ ਤੁਸੀਂ ਉਸਦੇ ਨਾਮ ਨੂੰ ਮਹੱਤਵ ਦਿੰਦੇ ਹੋ। ਦੋਸਤੋ! ਮੈਂ ਵੀ ਕਈ ਵਾਰ ਨਾਮ ਯਾਦ ਰੱਖਣ 'ਚ ਆਪਣੀ ਸੋਚ 'ਚ ਕੱਚਾ ਹੁੰਦਾ ਸੀ, ਇੱਥੋਂ ਤੱਕ ਨਾਮ ਯਾਦ ਰੱਖਣ ਤੋਂ ਬਾਅਦ ਦੋ ਮਿੰਟਾਂ ਤੱਕ ਹੀ ਯਾਦ 'ਚੋਂ ਉਤਰ ਜਾਂਦਾ ਸੀ। ਦਰਅਸਲ 'ਚ ਇਹ ਇਸ ਲਈ ਹੁੰਦਾ ਸੀ ਕਿ ਮੈਂ ਨਾਮ ਯਾਦ ਰੱਖਣ ਦੀ ਕੋਸ਼ਿਸ਼ ਹੀ ਨਹੀਂ ਕਰਦਾ ਸੀ ਪਰ ਹੁਣ ਮੈਂ ਇਕ ਵਾਰ ਨਾਮ ਯਾਦ ਕਰ ਲੈਣ ਤੇ ਉਸ ਨੂੰ ਯਾਦ ਰੱਖਣ ਦੀ ਕੋਸ਼ਿਸ਼ ਕਰਦਾ ਹਾਂ। ਇਸ ਲਈ ਆਪ ਵੀ 'ਨਾਮ' ਦੇ ਮਹੱਤਵ ਨੂੰ ਸਮਝੋ। ਨਾਮ ਯਾਦ ਰੱਖਣਾ ਤੁਹਾਨੂੰ ਬਹੁਤ ਇੱਜ਼ਤ ਬਖ਼ਸ਼ ਸਕਦਾ ਹੈ।

**'ਬੋਲਣ' ਤੋਂ ਪਹਿਲਾਂ 'ਸੁਣਨਾ' ਜ਼ਰੂਰੀ:-**
ਜਦੋਂ ਤੁਸੀਂ ਦੂਸਰੇ ਦੀਆਂ ਗੱਲਾਂ ਸੁਣ ਰਹੇ ਹੋਵੋ ਤਾਂ ਇਸ 'ਚ ਇਮਾਨਦਾਰੀ ਹੋਣੀ ਚਾਹੀਦੀ ਹੈ। ਤੁਸੀਂ, 'ਆਪ ਕੀ ਪਸੰਦ ਕਰਦੇ ਹੋ'? ਇਸ ਲਈ ਨਹੀਂ ਪੁੱਛਿਆ ਕਿ ਉਹ ਜਲਦੀ ਨਾਲ ਆਪਣਾ ਜਵਾਬ ਖਤਮ ਕਰੇ ਤੇ ਤੁਸੀਂ ਆਪਣੀ ਰਾਮ-ਕਥਾ ਸੁਣਾਉਣ ਲੱਗ ਜਾਓ।

ਤੁਸੀਂ ਸਾਹਮਣੇ ਵਾਲੇ ਨੂੰ ਪਹਿਲਾਂ ਬੋਲਣ ਦਾ ਮੌਕਾ ਹੀ ਨਹੀਂ ਦੇਣਾ ਹੈ ਬਲਕਿ ਉਸ ਦੀ ਗੱਲ ਨੂੰ ਧਿਆਨ ਨਾਲ ਸੁਣਨਾ ਵੀ ਹੈ ਤੇ ਵਿੱਚ-ਵਿੱਚ ਉਸ ਦੀ ਗੱਲ ਨਾਲ ਸਬੰਧਤ ਹੋਰ ਵੀ ਗੱਲਾਂ ਕਰਨੀਆਂ ਹਨ। ਮਿਸਾਲ ਦੇ ਤੌਰ ਤੇ ਜੇਕਰ ਕੋਈ ਕਹਿੰਦਾ ਹੈ ਕਿ ਉਸ ਨੂੰ ਘੁੰਮਣ-ਫਿਰਨ ਦਾ ਬੜਾ ਸ਼ੌਕ ਹੈ ਤਾਂ ਤੁਸੀਂ ਉਸ ਨੂੰ ਪੁੱਛ ਸਕਦੇ ਹੋ ਕਿ ਤੁਹਾਡੀ ਸੈਰ-ਸਪਾਟੇ ਲਈ ਕਿਹੜੀ ਮਨਪਸੰਦ ਜਗ੍ਹਾ ਹੈ ਤੇ ਉੱਥੇ ਕੀ-ਕੀ ਦੇਖਣ ਵਾਲੀ ਚੀਜ਼ ਹੈ। ਇਕ ਚੰਗੇ ਸਰੋਤੇ ਦੀ ਮੰਗ ਕਦੀ ਖਤਮ ਨਹੀਂ ਹੁੰਦੀ। ਤੁਸੀਂ ਇਕ ਚੰਗੇ ਸਰੋਤੇ ਬਣੋ ਤੇ ਦੇਖੋ ਤੁਹਾਡੀ ਕਿਸ ਤਰ੍ਹਾਂ ਮੰਗ ਵਧਦੀ ਜਾਂਦੀ ਹੈ। ਇਸ ਦੇ ਨਾਲ ਹੀ ਸਾਨੂੰ 'ਪਹਿਲਾਂ ਤੋਲੋ ਫਿਰ ਬੋਲੋ' ਦੇ ਅਖਾਣ ਨੂੰ ਵੀ ਆਪਣੇ ਸਾਹਮਣੇ ਰੱਖਣਾ ਹੋਵੇਗਾ। ਪਹਿਲਾਂ ਬੋਲਣ ਵਾਲੀ ਗੱਲ ਨੂੰ ਚੰਗੀ ਤਰ੍ਹਾਂ ਸੋਚ ਵਿਚਾਰ ਕੇ ਹੀ ਬੋਲਿਆ ਜਾਵੇ ਤਾਂ ਜੋ ਤੁਹਾਡਾ ਮਾੜਾ ਪ੍ਰਭਾਵ ਨਾ ਦੂਸਰੇ ਵੱਲ ਜਾਵੇ।

'ਕੀ ਕਹਿੰਦੇ ਹੋ' ਨਾਲੋਂ ਇਹ ਜ਼ਰੂਰੀ ਹੈ ਕਿ ਕਿਸ ਤਰ੍ਹਾਂ ਕਹਿੰਦੇ ਹੋ:- ਇਸ ਨੁਕਤੇ ਨੂੰ ਮੇਰੇ ਉਕਤ ਨੁਕਤੇ ਦਾ ਹੀ ਭਾਗ ਹੀ ਕਿਹਾ ਜਾ ਸਕਦਾ ਹੈ। ਕੀ ਕਹਿੰਦੇ ਹੋ ਨਾਲੋਂ ਤੁਸੀਂ ਕਿਸ ਤਰ੍ਹਾਂ ਕਹਿੰਦੇ ਹੋ ਇਹ ਗੱਲ ਜ਼ਿਆਦਾ ਮਹੱਤਵ ਰੱਖਦੀ ਹੈ। ਉਦਾਹਰਣ ਦੇ ਤੌਰ 'ਤੇ ਤੁਹਾਡੇ ਕੋਲੋਂ ਕੋਈ ਗਲਤੀ ਹੋਈ ਹੈ ਤੇ ਤੁਸੀਂ ਆਪਣਾ ਢਿੱਲਾ ਜਿਹਾ ਮੂੰਹ ਬਣਾ ਕੇ ਬੋਲਦੇ ਹੋ 'ਸੌਰੀ' ਤਾਂ ਇਸ ਸੌਰੀ ਦਾ ਕੋਈ ਮਹੱਤਵ ਨਹੀਂ। ਅਸੀਂ ਨਾ ਸਿਰਫ ਸਹੀ ਲਫਜ਼ ਬੋਲਣੇ ਹਨ ਸਗੋਂ ਇਸ ਗੱਲ ਦਾ ਧਿਆਨ ਰੱਖਣਾ ਹੈ ਕਿ ਇਹ ਲਫਜ਼ ਕਿਸ ਤਰ੍ਹਾਂ ਬੋਲਣੇ ਹਨ। ਇਸ ਗੱਲ ਦਾ ਵੀ ਧਿਆਨ ਰੱਖਣਾ ਹੋਵੇਗਾ।

ਇਸ ਲਈ ਸਾਨੂੰ ਆਪਣੀ ਗੱਲ ਕਰਨ ਦੀ 'ਟੋਨ' ਭਾਵ ਲਹਿਜ਼ਾ ਤੇ ਸ਼ਬਦਾਵਲੀ ਦਾ ਖਾਸ ਧਿਆਨ ਰੱਖਣਾ ਹੋਵੇਗਾ। ਜਿੰਨਾ ਵੀ ਹੋ ਸਕੇ ਸ਼ਬਦਾਂ ਦੀ ਹਲੀਮੀ ਤੇ ਬੋਲਣ ਦੀ ਮਿੱਠੀ ਤਹਿਜ਼ੀਬ ਨੂੰ ਧਿਆਨ 'ਚ ਰੱਖਦੇ ਹੋਏ ਲੋਕਾਂ ਨਾਲ ਗੱਲ ਕਰਨੀ ਚਾਹੀਦੀ ਹੈ।

ਮੈਂ ਇੱਥੇ ਇਹ ਗੱਲ ਕਰਨੀ ਵੀ ਬੜੀ ਜ਼ਰੂਰੀ ਸਮਝਦਾ ਹਾਂ ਕਿ ਕਈ ਲੋਕ ਅੰਗਰੇਜ਼ੀ ਭਾਸ਼ਾ ਬੋਲਣ ਦੀ ਵੱਧ ਯੋਗਤਾ ਰੱਖਣ ਵਾਲੇ ਮਾਨਵ ਨੂੰ, ਚੰਗੇ ਵਿਅਕੱਤਿੱਤਵ ਦਾ ਮਾਲਕ ਸਮਝ ਲੈਂਦੇ ਹਨ ਜਦਕਿ ਇਹ ਇਸ ਤਰ੍ਹਾਂ ਨਹੀਂ ਹੈ। ਤੁਸੀਂ ਬਿਨਾਂ ਏ. ਬੀ. ਸੀ. ਜਾਣੇ ਵੀ ਇਕ ਚੰਗੇ ਪ੍ਰਭਾਵਸ਼ਾਲੀ ਵਿਅਕੱਤਿੱਤਵ ਦੇ ਮਾਲਕ ਬਣ ਸਕਦੇ ਹੋ।

**'ਸੁਆਰਥ' ਨਹੀਂ ਸਗੋਂ 'ਪਰਸੁਆਰਥ' ਲਈ ਕੰਮ ਕਰੀਏ:-** ਕਈ ਵਾਰ ਅਸੀਂ ਅਜਿਹੀ ਸਥਿਤੀ 'ਚ ਹੁੰਦੇ ਹਾਂ, ਜਿੱਥੇ ਅਸੀਂ ਦੂਸਰੇ ਦੀ ਮਦਦ ਕਰ ਸਕਦੇ ਹਾਂ ਪਰ ਆਪਣੀ ਸੁਸਤੀ ਜਾਂ ਸੁਆਰਥ ਕਰਕੇ ਦੂਜੇ ਦੀ ਮਦਦ ਨਹੀਂ ਕਰਦੇ। ਅਸੀਂ ਇਹ ਸੋਚ ਲੈਂਦੇ ਹਾਂ ਕਿ ਮੈਨੂੰ ਇਸ 'ਚ ਕੀ ਲਾਭ ਹੋਵੇਗਾ? ਪ੍ਰੰਤੂ ਇਕ ਪਰ-ਸੁਆਰਥੀ ਸੋਚ ਵਾਲਾ ਇਨਸਾਨ, ਲੋਕਾਂ ਦੀ ਮਦਦ ਤੇ ਸਮਾਜ ਸੇਵਾ ਲਈ ਸਦਾ ਤਿਆਰ ਰਹਿੰਦਾ ਹੈ। ਇਸ ਦਾ ਇਹ ਵੀ ਮਤਲਬ ਨਹੀਂ ਕਿ ਤੁਸੀਂ ਆਪਣੇ ਜ਼ਰੂਰੀ ਕੰਮ ਛੱਡ ਕੇ ਦੂਜਿਆਂ ਦੀ ਮਦਦ ਹੀ ਕਰਦੇ ਰਹੋ, ਅਗਰ ਤੁਹਾਡੇ ਪਾਸ ਥੋੜ੍ਹਾ ਜਿਹਾ ਵਕਤ ਵੀ ਹੈ ਤਾਂ ਜ਼ਰੂਰ ਕਿਸੇ ਦੇ ਕੰਮ ਆਉਣਾ ਚਾਹੀਦਾ ਹੈ। ਇਸ ਤਰ੍ਹਾਂ ਪਰਸੁਆਰਥ ਹਿੱਤਾਂ ਲਈ ਕੀਤਾ ਗਿਆ ਕੰਮ ਤੁਹਾਨੂੰ ਆਪਣੀਆਂ ਨਜ਼ਰਾਂ 'ਚ ਵੀ ਉੱਚਾ ਉਠਾਅ ਦੇਵੇਗਾ ਤੇ ਤੁਸੀਂ ਆਪਣੇ ਆਪ ਚੰਗਾ ਵੀ ਮਹਿਸੂਸ ਕਰੋਗੇ। ਇਸ ਪਰਸੁਆਰਥ ਸਬੰਧੀ ਇਕ ਚੀਨੀ ਭਾਸ਼ਾ ਦੀ ਕਹਾਵਤ ਹੈ ਜਿਸ ਨੂੰ ਅੰਗਰੇਜ਼ੀ 'ਚ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ, A little bit of fragrance always clings to the hands that gives you roses."

**ਆਪਣੀ 'ਬਾਹਰੀ ਦਿੱਖ' ਨੂੰ ਵਧੀਆ ਬਣਾਓ:-** ਕਿਉਂਕਿ ਸਾਡਾ ਪਹਿਲਾ ਪ੍ਰਭਾਵ ਦੂਸਰੇ ਆਦਮੀ 'ਤੇ ਸਾਡੀ ਬਾਹਰੀ ਦਿੱਖ ਦਾ ਹੀ ਪੈਂਦਾ ਹੈ। ਇਸ ਲਈ ਚੰਗੇ ਵਿਅਕੱਤਿੱਤਵ ਲਈ ਇਸ ਨੁਕਤੇ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ। ਮੇਰਾ ਕਹਿਣ ਦਾ ਮਤਲਬ ਇਹ ਨਹੀਂ ਕਿ ਤੁਸੀਂ ਕਿਸੇ 'ਜਿੰਮ' ਵਿਚ ਜਾ ਕੇ ਕਸਰਤ ਨਾਲ ਆਪਣੇ ਸਰੀਰ ਦੀ ਦਿੱਖ ਨੂੰ ਵਧੀਆ ਬਣਾਓ ਜਾਂ ਕਿਸੇ ਬਿਊਟੀ ਪਾਰਲਰ ਦੇ ਚੱਕਰ ਲਾਉਂਦੇ ਫਿਰੋ, ਇਸ ਦਾ ਬੜਾ ਸਾਫ ਮਤਲਬ ਹੈ ਕਿ ਤੁਸੀਂ ਮੌਕੇ ਮੁਤਾਬਕ ਆਪਣਾ ਪਹਿਰਾਵਾ ਪਾਓ ਤੇ ਆਪਣੇ 'ਨਿੱਜੀ ਸਿਹਤ ਵਿਗਿਆਨ' ਵੱਲ ਧਿਆਨ ਦਿੰਦੇ ਹੋਏ ਛੋਟੀਆਂ-ਛੋਟੀਆਂ ਗੱਲਾਂ ਜਿਵੇਂ: ਤੁਹਾਡਾ ਵਾਲਾਂ ਦਾ ਸਟਾਈਲ, ਕੱਟੇ ਹੋਏ ਸਾਫ ਸੁਥਰੇ ਨੌਂਹ ਤੇ ਵਧੀਆ ਪਾਲਿਸ਼ ਕੀਤੇ ਹੋਏ ਬੂਟ, ਚੰਗੇ ਵਿਅਕਤਿਤਵ ਦਾ ਪ੍ਰਭਾਵ ਪਾਉਂਦੇ ਹਨ।

**ਇਕ ਚੰਗੇ ਪ੍ਰਸ਼ੰਸਕ ਬਣੀਏ:-** ਸੰਸਾਰ ਦਾ ਹਰ ਆਦਮੀ ਚਾਹੇ ਉਹ ਛੋਟਾ ਇਨਸਾਨ ਹੈ ਜਾਂ ਵੱਡਾ ਇਨਸਾਨ ਹੈ ਆਪਣੀ ਤਾਰੀਫ ਸੁਣਨਾ ਚਾਹੁੰਦਾ ਹੈ। ਲੋਕਾਂ ਦਾ ਦਿਲ ਜਿੱਤਣ ਲਈ ਤੇ ਆਪਣੇ ਦੋਸਤ ਬਣਾਉਣ ਲਈ ਉਹਨਾਂ ਦੀ ਸੱਚੇ ਮਨੋਂ ਪ੍ਰਸ਼ੰਸਾ ਕਰੀਏ। ਇਕ ਚੰਗੇ ਪ੍ਰਭਾਵਸ਼ਾਲੀ ਵਿਅਕੱਤਿੱਤਵ ਲਈ ਇਹ ਫਾਰਮੂਲਾ ਬੜਾ ਕਾਰਗਰ ਸਾਬਤ ਹੁੰਦਾ ਹੈ।

ਸਾਡੇ ਦੇਸ਼ 'ਚ ਕਿਸੇ ਦੀ ਸਿਫ਼ਤ ਕਰਨਾ ਕਿਉਂ ਮੁਸ਼ਕਿਲ ਹੋ ਜਾਂਦਾ ਹੈ। ਵਿਆਹ-ਸ਼ਾਦੀਆਂ 'ਚ ਜੋ ਆਰਕੈਸਟਰਾ ਵਾਲੇ ਹੁੰਦੇ ਹਨ ਜ਼ਰੂਰ ਦੇਖੇ ਹੋਣਗੇ, ਵਿਚਾਰਾ ਗੀਤ ਗਾਉਣ ਵਾਲਾ ਵਧੀਆ ਗੀਤ ਗਾਉਂਦਾ ਹੈ ਅਸੀਂ ਉਸ ਦੇ ਵਧੀਆ ਗੀਤ ਤੇ ਤਾਲੀਆਂ ਵਜਾਉਣ ਦੀ ਥਾਂ ਇਕ-ਦੂਸਰੇ ਦੇ ਮੂੰਹ ਵੱਲ ਦੇਖਦੇ ਰਹਿੰਦੇ ਹਾਂ। ਚੰਗਾ ਹੋਇਆ ਅਸੀਂ ਆਰਕੈਸਟਰਾ 'ਚ ਗਾਉਂਦੇ ਨਹੀਂ ਹਾਂ, ਨਹੀਂ ਤਾਂ ਤਾਰੀਫ 'ਤੇ ਵਾਹ-ਵਾਹ ਨਾ ਹੋਣ ਕਾਰਨ ਸ਼ਾਇਦ ਭਾਵੁਕਤਾ 'ਚ ਚਲੇ ਜਾਂਦੇ।

ਪੰਜਾਬੀ ਦੀ ਇਕ ਕਹਾਵਤ ਹੈ ਕਿ 'ਆਪਣੇ ਮੂੰਹੋਂ ਆਪ ਮੀਆਂ ਮਿੱਠੂ ਬਣਨਾ' ਭਾਵ ਆਪਣੀ ਸਿਫਤ ਆਪ ਕਰਨਾ! ਖੈਰ! ਮੈਂ ਇੱਥੇ ਵਿਅਕਤੀਗਤ ਪੱਧਰ 'ਤੇ ਤਾਰੀਫ ਕਰਨ ਦੀ ਗੱਲ ਕਰ ਰਿਹਾ ਹਾਂ, ਜੇਕਰ ਤੁਸੀਂ ਚੰਗੀ ਤਰ੍ਹਾਂ ਕਿਸੇ ਆਦਮੀ ਦੀ ਪੜਤਾਲ ਕਰੋਗੇ ਤਾਂ ਤੁਹਾਨੂੰ ਉਸ 'ਚੋਂ ਕੁਝ ਨਾ ਕੁਝ ਤਾਰੀਫ ਕਰਨ ਲਈ ਮਿਲ ਜਾਵੇਗੀ। ਉਹ ਕੁਝ ਵੀ ਹੋ ਸਕਦਾ ਹੈ, ਉਸ ਦੇ ਘਰ ਦੀ ਸੋਹਣੀ ਬਗੀਚੀ, ਉਸ ਦੀ ਸਿੱਕੇ ਜਾਂ ਟਿਕਟਾਂ ਦਾ ਸੰਗ੍ਰਹਿ ਕਰਨ ਦੀ ਪ੍ਰਵਿਰਤੀ, ਵਧੀਆ ਸਜਾਇਆ ਹੋਇਆ ਕਮਰਾ, ਉਸ ਦੀ ਵਧੀਆ ਮੁਸਕਾਨ, ਉਸ ਦਾ ਵਧੀਆ ਨਾਮ ਜਾਂ ਕੁਝ ਹੋਰ ਵੀ ਵਧੀਆ ਹੋ ਸਕਦਾ ਹੈ, ਇਸ ਨੂੰ ਖੋਜਣ ਜਾਂ ਪੜਤਾਲਣ ਦੀ ਲੋੜ ਹੈ। ਜਦੋਂ ਇਹਨਾਂ 'ਚੋਂ ਕੁਝ ਮਿਲ ਜਾਵੇ ਤਾਂ ਉਸ ਦੀ ਤਾਰੀਫ ਜ਼ਰੂਰ ਕਰਨੀ ਚਾਹੀਦੀ ਹੈ, ਕਿਉਂਕਿ ਉਹ ਆਪਣੀ ਪ੍ਰਸ਼ੰਸਾ ਸੁਣਨਾ ਦਿਲੋਂ ਵੀ ਚਾਹੁੰਦਾ ਹੈ। ਇਸ ਨਾਲ ਉਹ ਉਤਸ਼ਾਹਿਤ ਹੋ ਕੇ ਅੱਗੋਂ ਵੀ ਉਸ ਕੰਮ ਨੂੰ ਕਰਨਾ ਜਾਰੀ ਰੱਖੇਗਾ। ਜੇਕਰ ਤੁਸੀਂ ਸਾਹਮਣੇ ਪ੍ਰਸ਼ੰਸਾ ਕਰਨ ਤੋਂ ਝਿਜਕਦੇ ਹੋ ਤਾਂ ਘਰ ਆ ਕੇ ਉਸ ਨੂੰ ਐਸ. ਐਮ. ਐਸ. ਕਰ ਦਿਓ ਜਾਂ ਈ.ਮੇਲ ਵੀ ਕੀਤੀ ਜਾ ਸਕਦੀ ਹੈ। ਜੇਕਰ ਪ੍ਰਸ਼ੰਸਾ ਕਰਨ ਯੋਗ ਕੋਈ ਗੱਲ ਹੈ ਤਾਂ ਜ਼ਰੂਰ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਹਾਂ ਜੇਕਰ ਕੋਸ਼ਿਸ਼ ਕਰਨ 'ਤੇ ਵੀ ਕੋਈ ਪ੍ਰਸ਼ੰਸਾਯੋਗ ਗੱਲ ਨਹੀਂ ਮਿਲਦੀ ਤਾਂ ਤੁਹਾਨੂੰ ਉਸ ਦੀ ਝੂਠੀ ਪ੍ਰਸ਼ੰਸਾ ਨਹੀਂ ਕਰਨੀ ਚਾਹੀਦੀ। ਬੱਚੇ ਵੀ ਸਮਝ ਜਾਂਦੇ ਹਨ ਕਿ ਤੁਸੀਂ ਸੱਚੀ ਪ੍ਰਸ਼ੰਸਾ ਕਰ ਰਹੇ ਹੋ ਜਾਂ ਝੂਠੀ। ਉਕਤ ਦੱਸੇ ਗਏ ਮੁਹਾਵਰੇ ਅਨੁਸਾਰ ਆਪਣੀ ਪ੍ਰਸ਼ੰਸਾ ਆਪ ਕਦੇ ਨਾ ਕਰੋ ਸਗੋਂ ਆਪਣੇ ਚੰਗੇ ਕੰਮਾਂ ਰਾਹੀਂ ਲੋਕਾਂ ਤੋਂ ਪ੍ਰਸ਼ੰਸਾ ਪ੍ਰਾਪਤ ਕਰੋ।

**ਲਗਾਤਾਰ 'ਘੋਖਣਾ' ਤੇ 'ਵਿਕਾਸ' ਕਰਦੇ ਰਹਿਣਾ:-** ਪ੍ਰਗਤੀਸ਼ੀਲ ਵਿਚਾਰਧਾਰਾ ਦੇ ਬਣੋ, ਉਹ ਇਨਸਾਨ ਹੀ ਹਰ ਗੱਲ ਨੂੰ ਘੋਖ-ਪੜਤਾਲ ਕਰਕੇ ਅੱਗੇ ਵਧ ਸਕਦਾ ਹੈ ਤੇ ਵਿਕਾਸ ਦੀਆਂ ਮੰਜ਼ਿਲਾਂ ਪਾਰ ਕਰ ਸਕਦਾ ਹੈ। ਉਹੀ ਮਨੁੱਖ ਇਕ ਚੰਗੇ ਪ੍ਰਭਾਵਸ਼ਾਲੀ ਵਿਅਕੱਤਿੱਤਵ ਦਾ ਮਾਲਕ ਬਣ ਸਕਦਾ ਹੈ। ਚੰਗੇ ਵਿਅਕੱਤਿੱਤਵ ਦਾ ਵਿਕਾਸ ਕਰਨਾ ਇਕ ਨਿਰੰਤਰ ਪ੍ਰਕਿਰਿਆ ਹੈ। ਇਹ ਵਿਕਾਸ ਦਾ ਇਕ ਨਾ ਖਤਮ ਹੋਣ ਵਾਲਾ ਅਨੰਤ ਹੈ। ਇਸ ਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਬੱਸ ਇਹ ਜਿਤਨਾ ਵਿਕਾਸ ਕਰ ਲਿਆ, ਕਾਫੀ ਹੈ, ਬਲਕਿ ਆਪਣੇ ਲਈ ਕੁਝ ਸਮਾਂ ਕੱਢ ਕੇ ਆਪਣੀਆਂ ਕਿਰਿਆਵਾਂ ਤੇ ਆਪਣੇ ਸ਼ਬਦਾਂ ਨੂੰ ਬੜੇ ਗਹੁ ਨਾਲ ਘੋਖੀਏ, ਕਿ ਤੁਸੀਂ ਕੀ ਕੀਤਾ ਹੈ, ਤੁਸੀਂ ਉਸ ਨੂੰ ਹੋਰ ਚੰਗਾ ਕਿਵੇਂ ਕਰ ਸਕਦੇ ਹੋ, ਕਿਤੇ ਇਸ ਤਰ੍ਹਾਂ ਤਾਂ ਨਹੀਂ ਤੁਸੀਂ ਕਿਸੇ ਚੀਜ਼ ਨੂੰ ਲੈ ਕੇ ਆਪਣੇ ਆਪ ਨੂੰ 'ਫੰਨੇ-ਖਾਨ' ਸਮਝ ਰਹੇ ਹੋ ਤੇ ਹਕੀਕਤ 'ਚ ਲੋਕ ਤੁਹਾਡੀ ਕਿਸੇ ਗੱਲ ਨੂੰ ਚੰਗਾ ਨਹੀਂ ਸਮਝਦੇ।

ਉਦਾਹਰਣ ਦੇ ਤੌਰ 'ਤੇ ਕੁਝ ਸਾਲ ਪਹਿਲਾਂ ਮੈਂ ਮਹਿਸੂਸ ਕੀਤਾ ਕਿ ਲੋਕਾਂ 'ਚ ਵਿਕਾਸ ਕਰਨ ਦੇ ਚੱਕਰ 'ਚ ਮੈਂ ਲੋਕਾਂ 'ਚ ਇੰਨੀਆਂ ਗਲਤੀਆਂ ਕੱਢ ਦਿੰਦਾ, ਜਿਸ ਨਾਲ ਉਹਨਾਂ ਦਾ ਵਿਸ਼ਵਾਸ ਘੱਟ ਹੋ ਜਾਂਦਾ। ਸੋ ਮੈਂ ਇਸ ਨਜ਼ਰੀਏ ਦਾ ਵਿਕਾਸ ਕਰਨ ਲਈ ਦਿਲੋਂ ਕੰਮ ਕਰ ਰਿਹਾ ਹਾਂ। ਤੁਸੀਂ ਵੀ ਇਸ ਵਿਕਾਸ ਦੇ ਨਜ਼ਰੀਏ ਨੂੰ ਅੱਗੇ ਵਧਾਉਂਦੇ ਹੋਏ ਤੇ ਘੋਖਦੇ ਹੋਏ, ਲਗਾਤਾਰ ਕੰਮ ਕਰਦੇ ਰਹੋ।

ਮੈਨੂੰ ਪੂਰੀ ਉਮੀਦ ਹੈ ਕਿ ਚੰਗੇ ਤੇ ਪ੍ਰਭਾਵਸ਼ਾਲੀ ਵਿਅਕਤਿਤਵ ਦੇ ਵਿਕਾਸ ਲਈ ਉਕਤ ਦੱਸੇ ਗਏ ਕੁਝ ਆਪਣੇ

(ਬਾਕੀ ਸਫਾ 20 ਤੇ)

# ਬਾਬਾ ਸੋਹਣ ਸਿੰਘ ਭਕਨਾ
## (4 ਜਨਵਰੀ 1870 ਤੋਂ 20 ਦਸੰਬਰ 1968)

ਗਦਰ ਪਾਰਟੀ ਦੇ ਮੁਖੀ ਅਤੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਜਿਹਨਾਂ ਨੇ ਸੈਂਕੜੇ ਯੋਧਿਆਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਬੀਜ ਬੀਜਿਆ ਅਤੇ ਇਸ ਨੂੰ ਅੱਗੇ ਵਧਾਇਆ। ਬਾਬਾ ਸੋਹਨ ਸਿੰਘ ਭਕਨਾ ਦਾ ਨੌਜਵਾਨਾਂ ਨੂੰ ਸੰਦੇਸ਼ ਪ੍ਰੋਫੈਸਰ ਮਾਲਵਿੰਦਰ ਸਿੰਘ ਦੁਆਰਾ ਭੇਜੀ ਪੁਸਤਕ ਹਾਲ ਹੀ ਵਿਚ ਮੈਨੂੰ ਮਿਲੀ। ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਸੰਘਰਸ਼ ਭਰਿਆ ਅਤੇ ਆਮ ਸਧਾਰਨ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਉਹਨਾਂ ਨੇ ਬਚਪਨ ਤੋਂ ਅਖੀਰ ਤੱਕ ਜੂਝਣ ਦਾ ਤਜਰਬਾ ਹੀ ਹਾਸਲ ਕੀਤਾ। ਬਚਪਨ ਤੋਂ ਅਖੀਰ ਤਕ ਜੂਝਣ ਦਾ ਤਜਰਬਾ ਹੀ ਹਾਸਿਲ ਕੀਤਾ। ਚੜ੍ਹਦੀ ਜਵਾਨੀ ਵੇਲੇ ਹੀ ਓਹ ਮੁਹਾਵੇ ਵਾਲੇ ਨਾਮਧਾਰੀ ਇਨਕਲਾਬੀ ਬਾਬਾ ਕੇਸਰ ਹੁਰਾਂ ਦੀ ਸੰਗਤ ਸਦਕਾ ਹੀ ਏਧਰ ਤੁਰੇ ਅਤੇ ਫਿਰ ਅਮਰੀਕਾ ਸੀ ਜਾਂ ਹਿੰਦੁਸਤਾਨ ਓਹਨਾਂ ਨੇ ਪਿਛੇ ਮੁੜ ਕੇ ਨਾ



ਵੇਖਿਆ। 1914 ਵਿਚ **'ਕਾਮਾ ਗਾਟਾ ਮਾਰੂ'** ਜਹਾਜ਼ ਭਾਰਤ ਮੁੜਣ ਦੌਰਾਨ ਬਾਬਾ ਭਕਨਾ ਦੀ ਅਗਵਾਈ ਹੇਠ ਪਹੁੰਚੇ ਬਹੁਤ ਸਾਰੇ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੋਰ ਸਾਥੀਆਂ ਨਾਲ ਓਹਨਾਂ ਨੂੰ ਵੀ ਫਾਂਸੀ ਦੀ ਸਜ਼ਾ ਹੋਈ ਜੋ ਬਾਅਦ ਵਿਚ ਉਮਰ-ਕੈਦ ਵਿਚ ਵਟ ਗਈ ਅਤੇ ਓਹ ਕਾਲੇਪਾਣਿਆਂ ਦੀ ਨਰਕੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ । ਅਗੋਂ ਜੋ ਓਹਨਾਂ ਅਤੇ ਓਹਨਾਂ ਦੇ ਸਾਥੀਆਂ ਤੇ ਬਣੀਆਂ ਓਹ ਹੁਣ ਇਤਿਹਾਸ ਹੈ, ਜੋ ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਹੁਰਾਂ ਵਲੋਂ ਬਾਬਾ ਜੀ ਬਾਰੇ ਸੰਪਾਦਿਤ ਪੁਸਤਕ "ਜੀਵਨ ਸੰਗਰਾਮ" ਵਿਚੋਂ ਲੜੀਵਾਰ ਲੇਖ **ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ'** ਵਿਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ!

**– ਪਸ਼ੌਰਾ ਸਿੰਘ ਢਿੱਲੋਂ** (1-559-708-4399)

### ਜੀਵਨ ਸੰਗਰਾਮ
### (ਭਾਗ ਦੂਜਾ)
### 21 ਦੇਵਲੀ ਕੈਂਪ ਤੇ ਉਸ ਦੇ ਲਾਭ

ਦੇਵਲੀ ਕੈਂਪ ਨਜ਼ਰਬੰਦੀ ਦਾ ਸਭ ਤੋਂ ਪਹਿਲਾ ਲਾਭ ਇਹ ਹੋਇਆ ਕਿ ਹਿੰਦੁਸਤਾਨ ਭਰ ਦੇ ਰਾਜਸੀ ਨੇਤਾ ਕੀ ਕਮਿਊਨਿਸਟ, ਕੀ ਸੋਸ਼ਲਿਸਟ ਤੇ ਕੀ ਦੂਜੀਆਂ ਪਾਰਟੀਆਂ ਦੇ, ਇਕੱਠੇ ਹੋਏ ਤੇ ਆਪਸੀ ਵਿਚਾਰ-ਵਟਾਂਦਰਾ ਸ਼ੁਰੂ ਹੋਇਆ। ਬਾਬੇ ਤੇ ਕੇਂਦਰੀ ਕਮਿਊਨਿਸਟ ਨੇਤਾ ਇਕ ਹਿੱਸੇ ਵਿਚ ਇਕੱਠੇ ਹੀ ਸਨ। ਸਭ ਤੋਂ ਪਹਿਲਾਂ ਘਾਟੇ ਜੀ ਨੇ, ਜੋ ਭਾਰਤੀ ਕਮਿਊਨਿਸਟ ਪਾਰਟੀ ਦੇ ਪਹਿਲੇ ਮੁੱਖ ਸਕੱਤਰ ਸਨ, ਬਾਬਿਆਂ ਨਾਲ ਗੱਲਬਾਤ ਸ਼ੁਰੂ ਕੀਤੀ। ਘਾਟੇ ਆਖਿਆ ਕਿ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਅਸੀਂ ਤੇ ਤੁਸੀਂ ਦੋਵੇਂ ਇਕੋ ਆਦਰਸ਼ ਨੂੰ ਮੰਨਣ ਵਾਲੇ ਹਾਂ। ਫਿਰ ਵਿਤਕਰਾ ਕੀ ਹੈ? ਬੈਠ ਕੇ ਵਿਚਾਰ ਹੋਣੀ ਚਾਹੀਦੀ ਹੈ।

ਕੇਂਦਰ ਵਾਲਿਆਂ ਤੇ ਸਾਡੇ ਵਿਚਾਲੇ ਵਿਚਾਰ ਵਟਾਂਦਰਾ ਹੋਣ ਲੱਗਾ, ਵਿਚਾਰ ਵਟਾਂਦਰੇ ਪਿੱਛੋਂ ਕਿਰਤੀ ਗਰੁੱਪ, ਬਾਬੇ ਤੇ ਕਮਿਊਨਿਸਟ ਪਾਰਟੀ ਇਕੱਠੇ ਹੋ ਗਏ। ਮਾਮਲਾ ਸਾਫ ਹੋ ਗਿਆ। ਪਰ ਅਸਾਂ ਇਹ ਗੱਲ ਸਾਫ ਕਰ ਲਈ ਕਿ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਖੁੱਲ੍ਹੀ ਰਹੇਗੀ। ਪਾਰਟੀ ਦਾ ਇਸ ਵਿਚ ਕੋਈ ਹੱਥ ਨਹੀਂ ਹੋਵੇਗਾ ਕਿਉਂਕਿ ਇਹ ਕਮੇਟੀ ਬਾਬੇ ਹੀ ਚਲਾ ਸਕਦੇ ਹਨ ਕਮਿਊਨਿਸਟ ਪਾਰਟੀ ਨਹੀਂ। ਇਸ ਵਿਚ ਕੋਈ ਸ਼ੱਕ ਨਹੀਂ। ਇਸ ਵਿਚ ਸ਼ੱਕ ਨਹੀਂ ਕਿ ਪੰਜਾਬ ਵਿਚ ਕਮਿਊਨਿਸਟ ਪਾਰਟੀ ਨਾਲੋਂ ਕਿਰਤੀ ਗਰੁੱਪ ਦਾ ਕੰਮ ਜ਼ਿਆਦਾ ਸੀ ਕਿਉਂਕਿ ਬਾਬੇ ਇਹਨਾਂ ਦੀ ਪਿੱਠ ਉੱਤੇ ਸਨ। ਜਿੰਨੇ ਕਿਸਾਨ ਮੋਹਰੇ ਲੜੇ ਸਨ ਉਹ ਸਾਰੇ ਕਿਰਤੀ ਗਰੁੱਪ ਤੇ ਬਾਬਿਆਂ ਦੇ ਅਸਰ ਹੇਠ ਲੜੇ ਗਏ ਸਨ। ਹੁਣ ਉਮੀਦ ਬੱਝ ਗਈ ਕਿ ਦੇਵਲੀ ਵਿਚ ਜੋ ਏਕਤਾ ਦੀ ਨੀਤੀ ਦੋਹਾਂ ਧਿਰਾਂ ਨੇ ਅਪਣਾਈ ਹੈ ਇਸ ਦੀ ਸ਼ਕਤੀ ਨਾਲ ਕਮਿਊਨਿਜ਼ਮ ਦਾ ਕੰਮ ਸਾਰੇ ਹਿੰਦੁਸਤਾਨ ਵਿਚ ਬੜੀ ਆਸਾਨੀ ਨਾਲ ਹੋ ਸਕੇਗਾ। ਜਦੋਂ ਦੇਵਲੀ ਕੈਂਪ ਤੋਂ ਸਾਰੇ ਨਜ਼ਰਬੰਦਾਂ ਨੂੰ ਉਹਨਾਂ ਦੇ ਆਪਣੇ ਆਪਣੇ ਸੂਬੇ ਵਿਚ ਭੇਜਿਆ ਗਿਆ ਤਾਂ ਸਾਨੂੰ ਵੀ ਪੰਜਾਬ (ਗੁਜਰਾਤ) ਜੇਲ੍ਹ ਵਿਚ ਲਿਆਂਦਾ ਗਿਆ। ਗੁਜਰਾਤ ਜੇਲ੍ਹ ਵਿਚ ਆ ਕੇ ਫਿਰ ਪੁਰਾਣੀ ਬਿਮਾਰੀ ਜਾਗ ਪਈ। ਦੋਹਾਂ ਧਿਰਾਂ ਦੇ ਲੀਡਰਾਂ ਨੇ ਆਪਣੇ ਆਪਣੇ ਗਰੁੱਪ ਨੂੰ ਇਕ ਦੂਜੇ ਦੇ ਖਿਲਾਫ ਵਰਗਲਾਉਣਾ ਸ਼ੁਰੂ ਕਰ ਦਿੱਤਾ।

ਕਮਿਊਨਿਸਟ ਲੀਡਰਾਂ ਨੇ ਆਖਿਆ, "ਦੇਖਣਾ ਕਿਰਤੀ ਗਰੁੱਪ ਦੇ ਵਰਕਰਾਂ ਨੂੰ ਸਮਝ ਸੋਚ ਕੇ ਕਮਿਊਨਿਸਟ ਪਾਰਟੀ ਵਿਚ ਲੈਣਾ।"

ਤੇ ਦੂਸਰੇ ਬੰਨੇ ਕਿਰਤੀ ਗਰੁੱਪ ਦੇ ਲੀਡਰਾਂ ਨੇ ਆਖਿਆ, "ਦੇਖਣਾ ਹਥਿਆਰ ਨਾ ਸੁੱਟ ਦੇਣਾ। ਇਹ ਫੈਸਲਾ ਗਲਤ ਹੈ।"

ਬੱਸ ਓਡੀ ਰਾਤ ਤੇ ਓਡਾ ਦਿਨ ਵਾਲੀ ਕਹਾਵਤ ਆਉਣ ਲੱਗੀ ਜਦ ਰਿਹਾ ਹੋ ਕੇ ਦੋਵੇਂ ਧਿਰਾਂ ਬਾਹਰ ਆਏ ਤਾਂ ਦੋਹਾਂ ਨੇ ਆਪਣੀ ਪੂਰੀ ਵਾਹ ਲਾ ਦਿੱਤੀ ਤੇ ਫੁੱਟ ਦਾ ਬੀਜ ਫਿਰ ਹਰਾ ਹੋ ਗਿਆ।

ਅਖੀਰ ਦੱਬ ਘੁੱਟ ਕੇ ਦਫ਼ਤਰ ਤਾਂ ਇਕ ਬਣ ਗਿਆ ਪਰ ਦਿਲ ਦੋ ਹੀ ਰਹੇ। ਦੋ ਲੀਡਰ ਪੰਜਾਬ ਦੇ ਮੁੱਖ ਸਕੱਤਰ ਚੁਣੇ ਗਏ ਸੋਹਣ ਸਿੰਘ ਜੋਸ਼ ਤੇ ਤੇਜਾ ਸਿੰਘ ਸਵਤੰਤਰ। ਪਰ ਥੋੜ੍ਹੇ ਹੀ ਚਿਰ ਪਿੱਛੋਂ ਕੇਂਦਰ ਨੂੰ ਅੱਡ ਅੱਡ ਸ਼ਿਕਾਇਤਾਂ ਜਾਣ ਲੱਗ ਪਈਆਂ। ਕੇਂਦਰ ਡਾਕਟਰ ਅਧਿਕਾਰੀ ਨੂੰ ਹਮੇਸ਼ਾ ਸੁਲ੍ਹਾ-ਸਫਾਈ ਕਰਾਉਣ ਲਈ ਘੱਲਦਾ ਰਿਹਾ, ਪਰ ਫੁੱਟ ਦੀ ਮਰਜ਼ ਦੂਰ ਨਾ ਹੋਈ। ਦਫ਼ਤਰ ਲਾਹੌਰ ਸੀ। ਹੁਣ ਤੱਕ ਬਾਬਾ ਗੁਰਮੁਖ ਸਿੰਘ ਵੀ ਰਿਹਾ ਹੋ ਕੇ ਆ ਗਏ ਸਨ। ਤੇ ਲਾਹੌਰ ਦਫ਼ਤਰ ਵਿਚ ਹੀ ਰਹਿੰਦੇ ਤੇ ਕੰਮ ਕਰਦੇ ਸਨ।

ਕਾਮਰੇਡ ਰੰਧੀਵੇ ਪਿੱਛੋਂ ਕਮਿਊਨਿਸਟ ਪਾਰਟੀ ਨੇ ਕੇਂਦਰ ਵਿਚ ਅਜੈ ਕੁਮਾਰ ਘੋਸ਼ ਨੂੰ ਮੁੱਖ ਸਕੱਤਰ ਚੁਣਿਆ। ਅਜੈ ਘੋਸ਼ ਭਗਤ ਸਿੰਘ ਹੋਰਾਂ ਦੇ ਸਾਥੀ ਰਹਿ ਚੁੱਕੇ ਸਨ ਤੇ ਮੁਕੱਦਮੇ ਅਤੇ ਭੁੱਖ ਹੜਤਾਲ ਵਿਚ ਸ਼ਾਮਲ ਸਨ। ਉਹ ਜੋਸ਼ੀਲੇ ਤੇ ਸਿਆਣੇ ਵੀ ਬਹੁਤ ਸਨ। ਜਦ ਪੰਜਾਬ ਕਮਿਊਨਿਸਟ ਪਾਰਟੀ ਦਾ ਯਤਨ ਕਰਨ ਤੇ ਵੀ ਸੁਧਾਰ ਨਾ ਹੋਇਆ, ਗੁੱਟਬੰਦੀ ਦੋਹੀਂ ਬੰਨੀ ਬਰਾਬਰ ਕਾਇਮ ਰਹੀ ਤਾਂ ਅਜੈ ਘੋਸ਼ ਆਪਣਾ ਫੈਸਲਾ ਕਰਨ ਆਏ। ਪਰ ਉਹਨਾਂ ਨੇ ਵੀ ਇਲਾਜ ਦਰੁੱਸਤ ਨਾ ਕੀਤਾ। ਹਾਲਾਂਕਿ ਇਹ ਸਾਫ ਸੀ ਕਿ ਗੁੱਟਬੰਦੀ ਦੋਹੀਂ ਬੰਨੀ ਸੀ। ਉਹਨਾਂ ਕਿਰਤੀ ਗਰੁੱਪ ਦੇ ਬਹੁਮਤ ਨੂੰ ਪਾਰਟੀ ਵਿਚੋਂ ਕੱਢ ਦਿੱਤਾ। ਮੇਰੇ ਖਿਆਲ ਵਿਚ ਇਹ ਫੈਸਲਾ ਗਲਤ ਸੀ। ਇਹ ਪਤਾ ਨਹੀਂ ਉਹਨਾਂ ਇਹ ਫੈਸਲਾ ਆਪ ਕੀਤਾ ਜਾਂ ਹੋਰ ਕਿਸੇ ਦੀ ਸਲਾਹ ਦਾ ਆਸਰਾ ਮਿਲ ਗਿਆ। ਕਿਉਂਕਿ ਗੁੱਟਬੰਦੀ ਦੋਵੇਂ ਪਾਸੇ ਸੀ ਇਸ ਲਈ ਹੋਣਾ ਇਹ ਚਾਹੀਦਾ ਸੀ ਕਿ ਦੋਹਾਂ ਬੰਨਿਆਂ ਦੇ ਲੀਡਰਾਂ ਨੂੰ ਸਜ਼ਾ ਮਿਲਦੀ। ਜੇ ਕਿਰਤੀ ਗਰੁੱਪ ਵਾਲਿਆਂ ਨੂੰ ਕੱਢਿਆ ਸੀ ਤਾਂ ਦੂਸਰਿਆਂ ਨੂੰ ਵੀ ਘੱਟ ਤੋਂ ਘੱਟ ਲੀਡਰਸ਼ਿਪ ਤੋਂ ਹਟਾ ਕੇ ਸੈਲਾਂ (ਹੇਠਲੀਆਂ ਇਕਾਈਆਂ) ਵਿਚ ਸੁੱਟਣਾ ਚਾਹੀਦਾ ਸੀ ਤਾਂ ਕਿ ਦੋਹਾਂ ਨੂੰ ਪਾਰਟੀ ਅਸੂਲ ਦੇ ਅਨੁਸਾਰ ਸਜ਼ਾ ਮਿਲ ਜਾਂਦੀ ਸੀ ਤੇ ਕਿਸੇ ਨੂੰ ਗਿਲਾ ਨਾ ਹੁੰਦਾ।

ਇਸ ਫੈਸਲੇ ਤੋਂ ਕਿਰਤੀ ਗਰੁੱਪ ਵਾਲਿਆਂ ਨੇ ਇਹ ਮਹਿਸੂਸ ਕੀਤਾ ਕਿ ਉਹਨਾਂ ਨਾਲ ਅੱਨਿਆ ਹੋਇਆ ਹੈ। ਉਹਨਾਂ ਦੂਸਰੀ ਪਾਰਟੀ ਖੜ੍ਹੀ ਕਰਨ ਵਾਸਤੇ ਲਾਹੌਰ ਹੀ ਆਪਣੇ ਆਦਮੀਆਂ ਦੀ ਮੀਟਿੰਗ ਬੁਲਾਈ, ਦਫ਼ਤਰ ਵਿਚ ਨਹੀਂ ਕਿਸੇ ਹੋਰ ਥਾਂ ਤੇ। ਮੈਨੂੰ ਦਫ਼ਤਰੋਂ ਸੁਨੇਹਾ ਘੱਲਿਆ, ਕਿ ਮੈਂ ਦਫ਼ਤਰ ਆਵਾਂ। ਇਹ ਪਤਾ ਨਹੀਂ ਕੀਹਨੇ ਸੁਨੇਹਾ ਘੱਲਿਆ, ਪਰ ਮੇਰੇ ਖਿਆਲ ਵਿਚ ਭਾਈ ਗੁਰਮੁਖ ਸਿੰਘ ਹੀ ਹੋ ਸਕਦਾ ਹੈ। ਹੋਰ ਕਿੰਨੇ ਘੱਲਣਾ ਸੀ? ਮੇਰੀ ਯਾਦ ਵਿਚ ਇਹ ਆਉਂਦਾ ਹੈ ਕਿ ਜਦ ਮੈਂ ਗਿਆ ਤਾਂ ਭਾਈ ਗੁਰਮੁਖ ਸਿੰਘ ਨੇ ਮੈਨੂੰ ਸੱਜਣ ਦਾ ਭਾਵ ਦੱਸਿਆ ਤੇ ਆਖਿਆ, "ਹੁਣ ਸਾਰੇ ਇਕੱਠੇ ਹੋਏ ਹੋਏ ਹਨ ਤਾਂ ਕਿ ਦੂਸਰੀ ਪਾਰਟੀ ਖੜ੍ਹੀ ਕਰਨ। ਤੂੰ ਜਾ ਕੇ ਸਮਝਾ ਕੇ ਦੂਸਰੀ ਕੋਈ ਪਾਰਟੀ ਖੜ੍ਹੀ ਨਾ ਕਰਨ।" ਮੈਂ ਦੱਸੇ ਪਤੇ ਤੇ ਗਿਆ। ਅੱਗੋਂ ਤੇਜਾ ਸਿੰਘ ਸਵਤੰਤਰ, ਰਾਮ ਸਿੰਘ ਦੱਤ, ਬੂਝਾ ਸਿੰਘ ਤੇ ਕਰਮ ਸਿੰਘ ਚੀਮਾ ਆਦਿ ਮੀਟਿੰਗ ਕਰ ਰਹੇ ਸਨ। ਮੈਂ ਸਭ ਨੂੰ ਮਿਲਿਆ। ਇਸ ਫੈਸਲੇ ਤੇ ਜੋ ਮੇਰੀ ਰਾਇ ਸੀ ਪ੍ਰਗਟ ਕੀਤੀ ਤੇ ਆਖਿਆ, "ਇਹ ਅਨਿਆਂ ਤੁਹਾਡੇ ਨਾਲ ਹੀ ਨਹੀਂ ਹੋਇਆ ਸਗੋਂ ਸਾਰੇ ਬੁੱਢਿਆਂ ਨਾਲ ਹੋਇਆ ਹੈ। ਪਰ ਇਸਦਾ ਇਲਾਜ ਅਲੱਗ ਪਾਰਟੀ ਬਣਾਉਣਾ ਨਹੀਂ। ਪਾਰਟੀ ਤੁਹਾਨੂੰ ਕਿਸਾਨਾਂ ਮਜ਼ਦੂਰਾਂ ਤੇ ਹੋਰ ਖੁੱਲ੍ਹੇ ਕੰਮ 'ਚੋਂ ਨਹੀਂ ਕੱਢ ਸਕਦੀ। ਛੇ ਮਹੀਨੇ ਸਬਰ ਕਰੋ। ਇਸ ਅਰਸੇ ਵਿਚ ਇਹ ਅਨਿਆ ਭਰਿਆ ਫੈਸਲਾ ਖੁਦ ਹੀ ਨੰਗਾ ਹੋ ਜਾਵੇਗਾ ਤੇ ਕੇਂਦਰ ਨੂੰ ਤੁਹਾਨੂੰ ਵਾਪਸ ਲੈਣਾ ਪਵੇਗਾ।" ਇਹਨਾਂ ਲੀਡਰਾਂ ਨੇ ਹੋਰ ਕੋਈ ਹਾਂ ਜਾਂ ਨਾਂਹ, ਨਾ ਕੀਤੀ ਤੇ ਇਹ ਆਖਿਆ ਕਿ ਮੈਂ ਦਫ਼ਤਰ ਨੂੰ ਚੱਲਾਂ ਉਹ ਵੀ ਆਉਂਦੇ ਹਨ। ਮੈਂ ਦਫ਼ਤਰ ਵਿਚ ਉਡੀਕਦਾ ਰਿਹਾ ਪਰ ਜਦ ਕੋਈ ਨਾ ਆਇਆ ਤਾਂ ਸ਼ਾਮ ਨੂੰ ਮੈਂ ਵੀ ਮੁੜ ਆਇਆ। ਮੈਨੂੰ ਯਾਦ ਨਹੀਂ ਕਿਹੜਾ ਨਾਂ ਰੱਖ ਕੇ ਤੇ ਤੇਜਾ ਸਿੰਘ ਸਵਤੰਤਰ ਨੂੰ ਮੁੱਖ ਸਕੱਤਰ ਬਣਾ ਕੇ ਇਹਨਾਂ ਨੇ ਦੂਸਰੀ ਪਾਰਟੀ ਖੜ੍ਹੀ ਕਰ ਲਈ। ਬਾਅਦ ਵਿਚ ਲਾਲ ਪਾਰਟੀ ਦਾ ਨਾਂ ਮੈਨੂੰ ਯਾਦ ਹੈ। ਇਹ ਪਾਰਟੀ ਥੋੜ੍ਹੇ ਦਿਨ ਚੱਲ ਕੇ ਸਮਾਪਤ ਹੋ ਗਈ। ਇਸ ਦੀ ਸਮਾਪਤੀ ਦੇ ਕਾਰਨਾਂ ਦਾ ਮੈਨੂੰ ਪਤਾ ਨਹੀਂ। ਇਸ ਲਈ ਕੋਈ ਕਾਰਨ ਅਧੂਰੇ ਲਿਖਣਾ ਠੀਕ ਨਹੀਂ।

ਲਾਲ ਪਾਰਟੀ ਵਿਚ ਮੈਂ ਸ਼ਾਮਲ ਨਹੀਂ ਹੋਇਆ ਤੇ ਨਾ ਹੀ ਕਮਿਊਨਿਸਟ ਪਾਰਟੀ ਵਿਚ ਮੇਰੀ ਦਿਲਚਸਪੀ ਰਹੀ। ਇਸ ਲਈ ਇਸ ਦੌਰ ਦੀ ਬਾਬਤ ਕੁਝ ਲਿਖਣਾ ਵੀ ਮੇਰੀ ਪਹੁੰਚ ਤੋਂ ਬਾਹਰ ਹੈ।

**ਬੰਗਾਲ ਦਾ ਭਿਅੰਕਰ ਕਾਲ–** ਸੰਨ ਤਾਂ ਪੂਰਾ ਯਾਦ ਨਹੀਂ ਪਰ 1947 ਤੋਂ ਪਹਿਲਾਂ ਇਹ ਕਾਲ ਪਿਆ। ਇਸ ਸਮੇਂ 3 ਵਰਕਰ ਲੜਕੀਆਂ ਵੀ ਕਾਲ ਪੀੜਤਾਂ ਲਈ ਫੰਡ ਇਕੱਠਾ ਕਰਨ ਆ ਗਈਆਂ। ਇਹਨਾਂ ਤਿੰਨਾਂ ਦੇ ਨਾਂ ਸਨ, ਪੈਰਨ, ਲਿਟੋ ਤੇ ਵਿਮਲਾ। ਉਦੋਂ ਇਹ ਤਿੰਨੋਂ ਕਵਾਰੀਆਂ ਹੀ ਸਨ। ਬਾਅਦ ਵਿਚ ਪੈਰਨ ਨੇ ਜੋ ਪਾਰਸੀ ਲੜਕੀ ਸੀ, ਸੈਕਟਰੀ ਅਮਨ ਕਮੇਟੀ ਰਮੇਸ਼ ਨਾਲ, ਲਿਟੋ ਨੇ ਅਜੈ ਘੋਸ਼ ਨਾਲ ਜੋ ਰੰਧੀਵੇ ਤੋਂ ਬਾਅਦ ਕਮਿਊਨਿਸਟ ਪਾਰਟੀ ਦੇ ਮੁੱਖ ਸਕੱਤਰ ਚੁਣੇ ਗਏ ਤੇ ਵਿਮਲਾ ਨੇ ਸਤਪਾਲ ਡਾਂਗ ਨਾਲ ਵਿਆਹ ਕਰ ਲਿਆ।

ਇਹਨਾਂ ਲੜਕੀਆਂ ਨੇ ਮੈਨੂੰ ਕਿਹਾ ਕਿ ਉਹ ਕਾਲ ਪੀੜਤਾਂ ਲਈ ਝੋਨਾ ਇਕੱਠਾ ਕਰਨ ਆਈਆਂ ਹਨ ਤੇ ਮੈਂ ਉਹਨਾਂ ਦੇ ਨਾਲ ਚੱਲਾਂ। ਪੰਜਾਬ ਵਿਚ ਝੋਨਾ ਬੰਗਾਲ ਤੋਂ ਪਿੱਛੋਂ ਪੱਕਦਾ ਹੈ। ਇਸ ਲਈ ਸਾਡੇ ਉਸ ਸਮੇਂ ਝੋਨਾ ਲਾਉਣ ਦੀ ਰੁੱਤ ਸੀ, ਮੈਂ ਕਿਹਾ, "ਸਾਡੇ ਤਾਂ ਹੁਣ ਝੋਨਾ ਲਾਉਣ ਦੀ ਰੁੱਤ ਹੈ, ਤੁਸੀਂ ਇੰਝ ਕਰੋ, ਪੰਜ ਮਰਲੇ ਪੈਲੀ ਮੈਂ ਤੁਹਾਨੂੰ ਦੇਂਦਾ ਹਾਂ, ਪਰ ਸ਼ਰਤ ਇਹ ਹੈ ਕਿ ਤੁਸੀਂ ਇਸ ਨੂੰ ਆਪਣੇ ਹੱਥੀਂ ਬਣਾਓ ਤੇ ਆਪ ਲਾਓ। ਜਦ ਤੁਹਾਡਾ ਝੋਨਾ ਪੱਕੇਗਾ ਤਾਂ ਵੇਚ ਕੇ ਤੁਹਾਨੂੰ ਪੈਸੇ ਦੇ ਦੇਵਾਂਗਾ। ਵੇਚਣਾ ਮੇਰੀ ਜ਼ਿੰਮੇਵਾਰੀ ਰਹੀ।

ਉਹਨਾਂ ਜ਼ਮੀਨ ਬਣਾਉਣੀ ਸ਼ੁਰੂ ਕਰ ਦਿੱਤੀ, ਹੱਥੀਂ ਛਾਲੇ ਤਾਂ ਪੈ ਗਏ ਪਰ ਹਿੰਮਤ ਨਾ ਹਾਰੀ। ਲੋਕੀ ਵੇਖ ਕੇ ਹੈਰਾਨ ਸਨ ਕਿ ਇਹ ਪੜ੍ਹੀਆਂ ਲਿਖੀਆਂ ਲੜਕੀਆਂ, ਹੱਥੀਂ ਛਾਲੇ ਪੈਣ ਤੇ ਵੀ ਨਹੀਂ ਘਬਰਾਈਆਂ। ਲੋਕਾਂ ਦੇ ਦਿਲਾਂ ਉਤੇ ਬੜਾ ਅਸਰ ਹੋਇਆ। ਅਖੀਰ ਇਹਨਾਂ ਝੋਨਾ ਲਾ ਲਿਆ।

ਜਦ ਝੋਨਾ ਲੱਗ ਗਿਆ ਤਾਂ ਮੈਂ ਪੁੱਛਿਆ, "ਤੁਹਾਡਾ ਖੇਤ (ਝੋਨਾ) ਮੈਂ ਖਰੀਦਣਾ ਚਾਹੁੰਦਾ ਹਾਂ। ਦੱਸੋ ਕੀ ਲੈਣਾ ਏ?" ਤੇ ਜੋ ਬੀਬੀਆਂ ਆਖਿਆ ਝੋਨੇ ਦਾ ਮੁੱਲ ਦੇ ਦਿੱਤਾ।

ਪਹਿਲੇ ਪਹਿਰ ਇਹ ਖੇਤ ਬਣਾਉਣ ਤੇ ਝੋਨਾ ਲਾਉਣ ਦਾ ਕੰਮ ਕਰਦੀਆਂ ਤੇ ਪਿਛਲੇ ਪਹਿਰ ਦਵਾਈਆਂ ਤੇ



ਮੱਲ੍ਹਮ ਪੱਟੀ ਲੈ ਕੇ, ਨੇੜੇ ਦੇ ਪਿੰਡਾਂ ਵਿਚ ਬੱਚਿਆਂ ਤੇ ਹੋਰ ਬਿਮਾਰਾਂ ਦੀ ਸੇਵਾ ਕਰਦੀਆਂ। ਪੈਰਨ ਡਾਕਟਰ ਦੀ ਲੜਕੀ ਸੀ ਤੇ ਫਸਟ ਏਡ ਦਾ ਕੰਮ ਚੰਗੀ ਤਰ੍ਹਾਂ ਜਾਣਦੀ ਸੀ। ਬੱਚਿਆਂ ਦੀਆਂ ਮਾਵਾਂ ਤਾਂ ਇਹਨਾਂ ਨੂੰ ਦੇਵੀਆਂ ਹੀ ਸਮਝਦੀਆਂ। ਇਹਨਾਂ ਦੇ ਜਾਣ ਪਿੱਛੋਂ ਕਈ ਦਿਨਾਂ ਤੱਕ ਮੈਨੂੰ ਆ ਆ ਕੇ ਪੁੱਛਦੀਆਂ ਰਹੀਆਂ, "ਬਾਬਾ ਜੀ, ਬੀਬੀਆਂ ਫਿਰ ਕਦੋਂ ਆਉਣਗੀਆਂ?"
ਮੈਂ ਸਮਝਦਾ ਹਾਂ ਕਿ ਨਿਰੀ ਰਾਜਨੀਤੀ ਲੋਕਾਂ ਨੂੰ ਇੰਨੀ ਅਪੀਲ ਨਹੀਂ ਕਰਦੀ ਜਿੰਨੀ ਅਮਲੀ ਸੇਵਾ।

### 22. 15 ਅਗਸਤ 1947

15 ਅਗਸਤ 1947 ਨੂੰ ਭਾਰਤ ਦੀ ਆਜ਼ਾਦੀ ਦਾ ਐਲਾਨ ਕਰ ਦਿੱਤਾ ਗਿਆ। ਆਜ਼ਾਦੀ ਦਾ ਐਲਾਨ ਤਾਂ ਅੰਗਰੇਜ਼ਾਂ ਕਰ ਦਿੱਤਾ, ਪਰ ਜਦੋਂ ਦੋਵੇਂ ਪਾਸੇ ਵਸੋਂ ਦਾ ਵਟਾਂਦਰਾ ਸ਼ੁਰੂ ਹੋਣ ਲੱਗਾ ਤਦ ਅੰਗਰੇਜ਼ ਨੇ ਆਪਣੇ ਪਿੱਠੂਆਂ ਰਾਹੀਂ ਗੁੰਡਾਗਰਦੀ ਸ਼ੁਰੂ ਕਰਵਾ ਦਿੱਤੀ। ਗੁਰਦੁਆਰੇ, ਮੰਦਰ ਤੇ ਮਸਜਿਦਾਂ ਭਾਵ ਸਾਰੀਆਂ ਧਿਰਾਂ ਦੇ ਪੂਜਾ ਅਸਥਾਨ ਹਥਿਆਰਾਂ ਦੇ ਜ਼ਖ਼ੀਰੇ ਬਣਾ ਦਿੱਤੇ। ਦੋਵੇਂ ਪਾਸੇ ਮਜ਼ਹਬੀ ਜਨੂੰਨ ਨੂੰ ਭੜਕਾ ਕੇ ਖੂਨ-ਖਰਾਬੇ ਦਾ ਉਹ ਪਿੜ ਗਰਮ ਕੀਤਾ ਜਿਸ ਦੀ ਮਿਸਾਲ ਦੁਨੀਆਂ ਦੇ ਮਜ਼ਹਬੀ ਫਸਾਦਾਂ ਦੇ ਇਤਿਹਾਸ ਵਿਚ ਬਹੁਤ ਘੱਟ ਮਿਲਦੀ ਹੈ। ਦੋਹਾਂ ਪਾਸਿਆਂ ਦੇ ਫਿਰਕੂਆਂ ਨੇ ਨਾ ਬੱਚਾ ਵੇਖਿਆ ਨਾ ਬੁੱਢਾ ਅਤੇ ਨਾ ਹੀ ਇਸਤਰੀਆਂ ਦੀ ਪੱਤ ਦਾ ਖਿਆਲ ਕੀਤਾ। ਸਗੋਂ ਪੁਰਾਣੇ ਜਬਰ ਤੇ ਜ਼ੁਲਮ ਨੂੰ ਮਾਤ ਕਰ ਦਿੱਤਾ। ਹੈਰਾਨੀ ਇਸ ਗੱਲ ਦੀ ਹੈ ਕਿ ਦੋਹਾਂ ਪਾਸਿਆਂ ਨੇ ਇਸ ਵਹਿਸ਼ੀਆਨਾ ਕਤਲੇਆਮ ਤੇ ਖੁਸ਼ੀ ਜ਼ਾਹਿਰ ਕੀਤੀ। ਗੁੰਡਿਆਂ ਨੇ ਕੱਛਾਂ ਵਜਾਈਆਂ ਕਿ ਅਸਾਂ ਤੇ ਪੁੰਨ ਤੇ ਸਵਾਬ ਦਾ ਕੰਮ ਕੀਤਾ ਹੈ। ਇਸ ਵਕਤ ਤੱਕ ਸਾਂਝੇ ਪੰਜਾਬ ਦੇ ਅੰਗਰੇਜ਼ ਗਵਰਨਰ ਨੇ ਆਪਣੇ ਅਹੁਦੇ ਦਾ ਭਾਰ ਨਹੀਂ ਛੱਡਿਆ ਸੀ।

ਫੌਜ ਤੇ ਪੁਲਿਸ ਉਸਦੇ ਅਧੀਨ ਸੀ। ਇਹਨਾਂ ਦੰਗੇ ਫਸਾਦਾਂ ਕਰਕੇ ਅੰਗਰੇਜ਼ਾਂ ਦੇ ਘਰ ਤਾਂ ਘਿਓ ਦੇ ਦੀਵੇ ਬਲੇ ਪਰ ਹਿੰਦੁਸਤਾਨ ਅਤੇ ਪਾਕਿਸਤਾਨ ਦੋਹਾਂ ਨੂੰ ਅੰਗਰੇਜ਼ ਦੀ ਨੀਤੀ ਅੱਗੇ ਹਾਰ ਹੋਈ। ਦੋਵੇਂ ਹੀ ਠੱਗੇ ਗਏ। ਚਲਾਕ ਅੰਗਰੇਜ਼ ਨੇ ਸੋਨੇ ਦੀ ਥਾਂ ਮੁਲੱਮਾ ਤੇ ਅਮਨ ਦੀ ਥਾਂ ਬਦ-ਅਮਨੀ ਪੱਲੇ ਪਾ ਦਿੱਤੀ। ਸਦਾ ਵਾਸਤੇ ਭਰਾ-ਭਰਾ ਦਾ ਵੈਰੀ ਹੋ ਗਿਆ। ਇਸੇ ਹੀ ਠੱਗੀ ਦੀ ਮਾਰ ਕਰਕੇ ਦੋਵੇਂ ਅਜੇ ਤੱਕ ਹੋਸ਼ ਤੋਂ ਇਨਕਾਰੀ ਹੋਏ ਬੈਠੇ ਸਨ। ਦੋਵੇਂ ਪਾਸੇ ਹੀ ਵਾਲ-ਵਾਲ ਸਰਮਾਏਦਾਰੀ ਤਾਕਤਾਂ ਅੱਗੇ ਕਰਜ਼ੇ ਵਿਚ ਗਹਿਣੇ ਪੈ ਚੁੱਕਾ ਹੈ। ਪਰ ਇਹਨਾਂ ਨੂੰ ਅਜੇ ਤੱਕ ਹੋਸ਼ ਨਹੀਂ ਆਈ। ਇਸ ਦਾ ਸਿੱਟਾ ਸਾਡੇ ਲਈ ਬਰਬਾਦੀ ਹੋਵੇਗਾ।

ਮੈਂ 15 ਅਗਸਤ 1947 ਦੇ ਦਿਹਾੜੇ ਨੂੰ ਮੁਬਾਰਕ ਦਿਨ ਸਮਝ ਕੇ ਇਲਾਕੇ ਵਿਚ ਲੋਕਾਂ ਨੂੰ ਹੋਕਾ ਦਿੱਤਾ ਕਿ ਆਜ਼ਾਦੀ ਦਾ ਸ਼ੁਭ ਦਿਹਾੜਾ ਚੜ੍ਹ ਗਿਆ ਹੈ। ਕਤਲੇਆਮ ਖਤਮ ਕਰੋ। ਇਸ ਘੱਲੂਘਾਰੇ ਵਿਚ ਜਿੱਥੋਂ ਤੱਕ ਹੋ ਸਕਿਆ ਇਲਾਕੇ ਦੇ ਪਿੰਡਾਂ ਵਿਚ ਮੁਸਲਮਾਨਾਂ ਦੀਆਂ ਜਾਨਾਂ ਬਚਾ ਕੇ ਉਹਨਾਂ ਨੂੰ ਮਹਿਫ਼ੂਜ਼ ਕਰ ਦਿੱਤਾ ਜਿਹਨਾਂ ਦੇ ਅਜੇ ਵੀ ਪ੍ਰੇਮ ਸੁਨੇਹੇ ਆਉਂਦੇ ਹਨ।

# ਗਿਆਨ - ਵਿਗਿਆਨ



**ਮੇਘ ਰਾਜ ਮਿੱਤਰ**
**+91-98887-87440**

### ਕੰਪਿਊਟਰ ਕਿਵੇਂ ਕਰਦਾ ਹੈ?

ਅੱਜ ਗਣਿਤ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਕੰਪਿਊਟਰ ਰਾਹੀਂ ਹੱਲ ਕੀਤੀਆਂ ਜਾਂਦੀਆਂ ਹਨ। ਕੰਪਿਊਟਰ ਅੱਠ ਸੈਕਿੰਡਾਂ ਵਿੱਚ ਅੱਠ ਕਰੋੜ ਅੰਕਾਂ ਦਾ ਜੋੜ, ਘਟਾਉ ਕਰ ਸਕਦਾ ਹੈ, ਹਜ਼ਾਰਾਂ ਦੀ ਦੁਕਾਨਾਂ ਦਾ ਹਿਸਾਬ ਕਿਤਾਬ ਕੰਪਿਊਟਰ ਤੋਂ ਇੱਕ ਸੈਕਿੰਡ ਵਿੱਚ ਪ੍ਰਾਪਤ ਕੀਤਾ ਜਾ ਸਕਦਾ ਹੈ, ਲੱਖਾਂ ਹੀ ਵਿਅਕਤੀਆਂ ਦੀ ਆਮਦਨ ਖਰਚ ਦੇ ਵੇਰਵੇ ਇੱਕ ਹੀ ਸੈਕਿੰਡ ਵਿੱਚ ਮਿਲ ਜਾਂਦੇ ਹਨ। ਕੰਪਿਊਟਰ ਮਨੁੱਖੀ ਦਿਮਾਗ ਦੀ ਇੱਕ ਉਪਜ ਹੈ। ਕੰਪਿਊਟਰ ਵਿੱਚ ਜਾਣਕਾਰੀ ਭਰਨ ਦੇ ਕੰਮ ਨੂੰ ਪ੍ਰੋਗਰਾਮ ਕਿਹਾ ਜਾਂਦਾ ਹੈ। ਜੇ ਅਸੀਂ ਕੰਪਿਊਟਰ ਵਿੱਚ ਜਾਣਕਾਰੀ ਭਰਨ ਸਮੇਂ 2+2=5 ਭਰ ਦੇਵਾਂਗੇ ਤਾਂ ਕੰਪਿਊਟਰ ਦਾ ਜਵਾਬ ਵੀ ਇਹ ਹੀ ਹੋਵੇਗਾ। ਸੋ ਉਹ ਮਨੁੱਖੀ ਦਿਮਾਗ ਜੋ ਇਸਨੂੰ ਪ੍ਰੋਗਰਾਮਿੰਗ ਕਰਦਾ ਹੈ ਇਹ ਕੰਪਿਊਟਰ ਨਾਲੋਂ ਵੱਧ ਮਹੱਤਵਪੂਰਨ ਹੁੰਦਾ ਹੈ। ਸਭ ਤੋਂ ਪਹਿਲਾਂ ਕੰਪਿਊਟਰ ਦੀ ਖੋਜ ਅਮਰੀਕਾ ਦੀ ਹਡਵਰਡ ਯੂਨੀਵਰਸਿਟੀ ਦੇ ਇੱਕ ਪ੍ਰੋਫਸਰ ਹੈਵਾਰਡ ਨੇ ਕੀਤੀ ਸੀ। ਕੰਪਿਊਟਰ ਨੂੰ ਪ੍ਰੋਗਰਾਮ ਦਿੱਤਾ ਜਾਂਦਾ ਹੈ ਇਹ ਪ੍ਰੋਗਰਾਮ ਪੰਚ ਕਾਰਡਾਂ, ਟੇਪਾਂ ਅਤੇ ਡਿਸਕਾਂ ਰਾਹੀ ਦਿੱਤਾ ਜਾਂਦਾ ਹੈ। ਕੰਟਰੋਲ ਕੁਝ ਹਦਾਇਤਾਂ ਦਿੰਦਾ ਹੈ। ਇਸ ਤਰ੍ਹਾਂ ਪ੍ਰਿੰਟਰ ਤੇ ਸਾਰੀ ਜਾਣਕਾਰੀ ਆ ਜਾਂਦੀ ਹੈ। ਇਹ ਸ਼ਕਤੀਸ਼ਾਲੀ ਕੰਪਿਊਟਰ 50 ਹਜ਼ਾਰ ਵਿਦਿਆਰਥੀ ਦੇ ਪੇਪਰ ਇੱਕ ਸੈਕਿੰਡ ਵਿੱਚ ਚੈੱਕ ਕਰ ਸਕਦਾ ਹੈ।

### ਟੇਪ ਰਿਕਾਰਡ ਕਿਵੇਂ ਕੰਮ ਕਰਦਾ ਹੈ?

ਜਿਸ ਵਿਅਕਤੀ ਦੀ ਆਵਾਜ਼ ਟੇਪ ਤੇ ਰਿਕਾਰਡ ਕਰਨੀ ਹੁੰਦੀ ਹੈ ਉਹ ਵਿਅਕਤੀ ਮਾਈਕਰੋਫੋਨ ਦੇ ਨੇੜੇ ਬੋਲਦਾ ਹੈ। ਮਾਈਕਰੋਫੋਨ ਇਸ ਆਵਾਜ਼ ਨੂੰ ਬਿਜਲੀ ਧਾਰਾ ਵਿੱਚ ਬਦਲ ਦਿੰਦਾ ਹੈ। ਇਹ ਬਿਜਲੀਧਾਰਾ ਘੱਟ ਹੁੰਦੀ ਹੈ ਇਸ ਲਈ ਇੱਕ ਐਪਲੀਫਾਇਰ ਦੁਆਰਾ ਇਸ ਨੂੰ ਵਧਾਇਆ ਜਾਂਦਾ ਹੈ। ਹੁਣ ਇਸ ਬਿਜਲੀ ਧਾਰਾ ਨੂੰ ਲੋਹੇ ਦੇ ਟੁਕੜੇ ਉੱਪਰ ਲਪੇਟੀ ਤਾਰ ਵਿੱਚ ਦੀ ਲੰਘਾਇਆ ਜਾਂਦਾ ਹੈ ਤਾਂ ਲੋਹਾ ਦਾ ਟੁਕੜਾ ਚੁੰਬਕ ਬਣ ਜਾਂਦਾ ਹੈ। ਇਸਦਾ ਚੁੰਬਕੀ ਪ੍ਰਭਾਵ ਬਦਲੀ ਹੋਈ ਆਵਾਜ਼ ਨਾਲ ਵਧਦਾ ਘਟਦਾ ਰਹਿੰਦਾ ਹੈ। ਹੁਣ ਚੁੰਬਕੀ ਪਦਾਰਥ ਆਇਰਨ ਆਕਸਾਈਡ ਵਾਲੀ ਟੇਪ ਇੱਕ ਬਿਜਲੀ ਦੀ ਮੋਟਰ ਦੁਆਰਾ ਇਸ ਚੁੰਬਕ ਦੇ ਵਿੱਚ ਲੰਘਾਈ ਜਾਂਦੀ ਹੈ ਇਸ ਤਰ੍ਹਾਂ ਆਵਾਜ਼ ਟੇਪ ਤੇ ਚੁੰਬਕੀ ਖੇਤਰ ਦੇ ਰੂਪ ਵਿੱਚ ਅੰਕਿਤ ਹੋ ਜਾਂਦੀ ਹੈ ਜਦੋਂ ਇਸ ਟੇਪ ਨੂੰ ਸੁਣਨਾ ਹੁੰਦਾ ਹੈ ਤਾਂ ਇੱਕ ਚੁੰਬਕੀ ਖੇਤਰ ਨਾਲ ਬਿਜਲੀ ਧਾਰਾ ਪੈਦਾ ਕੀਤੀ ਜਾਂਦੀ ਹੈ। ਇਹ ਬਿਜਲੀ ਧਾਰਾ ਆਵਾਜ਼ ਵਿੱਚ ਬਦਲੀ ਜਾਂਦੀ ਹੈ। ਇਸਨੂੰ ਫਿਰ ਐਪਲੀਫਾਈ ਕਰਕੇ ਸਪੀਕਰ ਵਿੱਚ ਭੇਜ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਇਹ ਟੇਪ ਵਿੱਚ ਦਰਜ਼ ਆਵਾਜ਼ ਸਾਨੂੰ ਸੁਣਾਈ ਦਿੰਦੀਂ ਹੈ।

### ਫੋਟੋ ਸਟੈਟ ਮਸ਼ੀਨ ਕਿਵੇਂ ਕੰਮ ਕਰਦੀ ਹੈ?

ਸੈਲੀਨੀਅਮ ਨਾਂ ਦੀ ਧਾਤ ਵਿੱਚ ਇੱਕ ਬਹੁਤ ਹੀ ਅਜੀਬ ਗੁਣ ਹੁੰਦਾ ਹੈ। ਜਦੋਂ ਇਸ ਦੇ ਉੱਪਰ ਪ੍ਰਕਾਸ਼ ਪੈਂਦਾ ਹੈ ਤਾਂ ਬਿਜਲੀ ਧਾਰਾ ਗੁਜ਼ਰਨ ਲਈ ਇਸਦੀ ਸੁਚਾਲਕਤਾ ਵਧ ਜਾਂਦੀ ਹੈ। ਜਦੋਂ ਕਿਸੇ ਲਿਖਤੀ ਕਾਗਜ਼ ਦੀ ਨਕਲ ਕਰਨੀ ਹੁੰਦੀ ਹੈ ਤਾਂ ਉਸ ਕਾਗਜ਼ ਨੂੰ ਕਿਸੇ ਅਪਾਰਦਰਸ਼ੀ ਪਲੇਟ ਥੱਲੇ ਉਲਟਾ ਕਰਕੇ ਰੱਖਿਆ ਜਾਂਦਾ ਹੈ। ਫੋਟੋਸਟੇਝ ਮਸ਼ੀਨ ਦਾ ਬਟਨ ਦੱਬ ਕੇ ਇੱਕ ਤੇਜ਼ ਪ੍ਰਕਾਸ ਵਾਲਾ ਬਲਬ ਜਗਾਇਆ ਜਾਂਦਾ ਹੈ ਇਸ ਦਾ ਪ੍ਰਕਾਸ਼ ਲਿਖਤ ਤੇ ਪੈਂਦਾ ਹੈ। ਇੱਕ ਲੈਂਜ ਰਾਹੀਂ ਇਸਦਾ ਪ੍ਰਤੀਬਿੰਬ ਸੈਲੀਨੀਅਮ ਦੀ ਪਲੇਟ ਜਾਂ ਰੋਲਰ ਤੇ ਬਣਦਾ ਹੈ। ਲਿਖਾਵਟ ਵਾਲੇ ਥਾਂ ਤੇ ਜਿੱਥੇ ਪ੍ਰਕਾਸ਼ ਨਹੀਂ ਹੁੰਦਾ। ਹੁਣ ਪਲੇਟ ਤੇ ਸੁੱਕੀ ਸਿਆਹੀ ਲਾਉਣ ਤੇ ਉਹ ਲਿਖਤ ਵਾਲੇ ਥਾਵਾਂ ਤੇ ਚਿਪਕ ਜਾਂਦੀ ਹੈ। ਇੱਕ ਸਫੈਦ ਕਾਗਜ਼ ਤੇ ਵਿਰੋਧੀ ਚਾਰਜ ਪੈਦਾ ਕੀਤਾ ਜਾਂਦਾ ਹੈ। ਉਹ ਲਿਖਤ ਵਾਲੇ ਥਾਵਾਂ ਦੀ ਸਿਆਹੀ ਦਾ ਕੁਝ ਭਾਗ ਆਪਣੇ ਵੱਲ ਖਿੱਚ ਲੈਂਦੇ ਹੈ ਅਤੇ ਥੋੜ੍ਹੀ ਜਿਹੀ ਗਰਮੀ ਨਾਲ ਹੀ ਇਹ ਸਿਆਹੀ ਖੁਸ਼ਕ ਹੋ ਜਾਂਦੀ ਹੈ। ਇਸ ਤਰ੍ਹਾਂ ਲਿਖਾਵਟ ਦੀ ਠੀਕ ਨਕਲ ਪ੍ਰਾਪਤ ਕੀਤੀ ਜਾਂਦੀ ਹੈ।

### ਫਰਿੱਜ ਕਿਵੇਂ ਕੰਮ ਕਰਦਾ ਹੈ?

ਫਰਿੱਜ ਇਸ ਸਿਧਾਂਤ ਤੇ ਕੰਮ ਕਰਦਾ ਹੈ ਕਿ ਜਦੋਂ ਫ੍ਰੀਅਨ ਗੈਸ ਦਾ ਵਾਸ਼ਪੀਕਰਨ ਹੁੰਦਾ ਹੈ ਤਾਂ ਇਹ ਗਰਮੀ ਨੂੰ ਸੋਕਦੀ ਹੈ ਅਤੇ ਜਦੋਂ ਇਸਨੂੰ ਦਬਾਉ ਅਧੀਨ ਤਰਲ ਅਵਸਥਾ ਵਿੱਚ ਬਦਲਿਆ ਜਾਂਦਾ ਹੈ ਤਾਂ ਇਹ ਗਰਮੀ ਛਡਦੀ ਹੈ। ਗੈਸ ਹਾਲਤ ਵਿੱਚ ਬਦਲਿਆ ਜਾਂਦਾ ਹੈ। ਇਸ ਫਰਿੱਜ ਦਾ ਅੰਦਰਲਾ ਤਾਪਮਾਨ ਘਟ ਜਾਂਦਾ ਹੈ। ਫਰਿੱਜ ਦੇ ਪਿਛਲੇ ਪਾਸੇ ਇੱਕ ਛੋਟੀ ਜਿਹੀ ਟੈਂਕੀ ਹੁੰਦੀ ਹੈ। ਇਸ ਵਿੱਚ ਤਰਲ ਅਵਸਕਾ ਵਾਲੀ ਫ੍ਰੀਆਨ ਗੈਸ ਭਰੀ ਹੁੰਦੀ ਹੈ। ਇਹ ਗੈਸ ਬਿਜਲੀ ਦੀ ਮੋਟਰ ਦੀ ਸਹਾਇਤਾ ਨਾਲ ਬਾਰੀਕ ਨਾਲੀਆਂ ਵਿੱਚ ਭੇਜੀ ਜਾਂਦੀ ਹੈ। ਜਿੱਥੇ ਇਹ ਦਬਾਉ ਘੱਟ ਹੋਣ ਕਾਰਨ ਗੈਸੀ ਅਵਸਥਾ ਵਿੱਚ ਆ ਜਾਂਦੀ ਹੈ। ਇਸ ਤਰ੍ਹਾਂ ਇਹ ਚੱਕਰ ਵਾਰ ਵਾਰ ਚਲਦਾ ਰਹਿੰਦਾ ਹੈ। ਫਰਿੱਜ ਦੀ ਮੋਟਰ ਆਪਣੇ ਆਪ ਚਲਦੀ ਅਤੇ ਬੰਦ ਕਿਵੇਂ ਹੁੰਦੀ ਹੈ। ਇਸ ਕੰਮ ਲਈ ਇਸ ਵਿੱਚ ਦੋ ਧਾਤ ਦੀ ਇੱਕ ਪੱਤੀ ਲੱਗੀ ਹੁੰਦੀ ਹੈ। ਗਰਮੀ ਨਾਲ ਇਹ ਪੱਤੀ ਮੁੜਦੀ ਹੈ ਅਤੇ ਸਰਦੀ ਨਾਲ ਸਿੱਧੀ ਹੋ ਜਾਂਦੀ ਹੈ। ਜਦੋਂ ਫਰਿੱਜ ਵਿੱਚ ਗਰਮੀ ਹੁੰਦੀ ਹੈ ਤਾਂ ਪੱਤੀ ਮੁੜਦੀ ਹੈ ਅਤੇ ਇਹ ਮੋਟਰ ਦੀ ਸਵਿੱਚ ਨੂੰ ਚਲਾਉਂਦੀ ਹੈ ਅਤੇ ਫਰਿੱਜ ਚੱਲ ਪੈਂਦਾ ਹੈ। ਜਦੋਂ ਠੰਡ ਵਧ ਜਾਂਦੀ ਹੈ ਇਸ ਤਰ੍ਹਾਂ ਫਰਿੱਜ ਬੰਦ ਹੋ ਜਾਂਦਾ ਹੈ।

# ਬੁੱਧ ਨੇ ਮਨੁੱਖਤਾ ਨੂੰ ਜਿਊਣ ਦਾ ਸੁੱਖੀ ਰਾਹ ਦੱਸਿਆ



ਬੰਸੋ ਦੇਵੀ ਲੈਕਚਰਾਰ
01824-265887

ਈਸਾ ਪੂਰਵ ਛੇਵੀਂ ਸਦੀ ਵਿੱਚ, ਉੱਤਰੀ ਭਾਰਤ, ਕਈ ਛੋਟੇ ਛੋਟੇ ਰਾਜਾਂ ਵਿਚ ਵੰਡਿਆ ਹੋਇਆ ਸੀ। ਇਹਨਾਂ ਵਿੱਚੋਂ ਇੱਕ ਰਾਜ ਕਪਲਵਸਤੂ ਸੀ, ਜਿਸ ਤੇ ਸ਼ਾਕਯ ਰਾਜਾ ਸ਼ੁਧੋਦਨ ਦਾ ਰਾਜ ਸੀ। ਸਿਧਾਰਥ ਗੌਤਮ ਦਾ ਜਨਮ, ਕਪਲਵਸਤੂ ਦੇ ਰਾਜਾ ਸ਼ੁਧੋਦਨ ਦੇ ਘਰ, ਰਾਣੀ ਮਹਾਮਾਯਾ ਦੀ ਕੁੱਖੋਂ, 563 ਈਸਾ ਪੂਰਵ, ਵਿਸਾਖ ਦੀ ਪੂਰਨਮਾਸ਼ੀ ਨੂੰ ਹੋਇਆ। ਸਿਧਾਰਥ ਅਜੇ 7 ਦਿਨ ਦਾ ਹੀ ਹੋਇਆ ਸੀ ਕਿ ਉਸ ਦੀ ਮਾਤਾ ਦਾ ਦੇਹਾਂਤ ਹੋ ਗਿਆ। ਰਾਜਾ ਸ਼ੁਧੋਦਨ ਨੇ ਮਹਾਂਮਾਯਾ ਦੀ ਛੋਟੀ ਭੈਣ ਨਾਲ ਵਿਆਹ ਕਰ ਲਿਆ। ਇਸ ਉਪਰਾਂਤ ਸਿਧਾਰਥ ਨੂੰ ਮਾਂ ਦਾ ਪਿਆਰ ਆਪਣੀ ਮਾਸੀ ਮਹਾਂ ਪਰਜਾਪਤੀ ਗੋਮਤੀ ਤੋਂ ਪ੍ਰਾਪਤ ਹੋਇਆ।

ਸ਼ੁਧੋਦਨ ਨੇ ਆਪਣੇ ਪੁੱਤਰ ਦੀ ਸਿਖਿਆ ਦਾ ਉਚੇਚਾ ਪ੍ਰਬੰਧ ਕੀਤਾ। ਸਿਧਾਰਥ ਨੇ ਬਚਪਨ ਵਿਚ ਹੀ ਕਈ ਤਰ੍ਹਾਂ ਦੀ ਸਿਖਿਆ ਹਾਸਲ ਕਰਕੇ ਆਪਣੀ ਤਿੱਖੀ ਬੁੱਧੀ ਦਾ ਸਬੂਤ ਦਿੱਤਾ। ਉਹਨਾਂ ਵੇਦ, ਵੇਦਾਂਤ ਦਾ ਗੰਭੀਰ ਅਧਿਅਨ ਕੀਤਾ। ਉਸ ਨੂੰ ਸੁਯੋਗ ਸੈਨਿਕ ਸਿੱਖਿਆ ਵੀ ਦਿੱਤੀ ਗਈ।

ਸਿਧਾਰਥ ਦਾ ਸੁਭਾਅ ਬਚਪਨ ਤੋਂ ਹੀ ਕੋਮਲ, ਦਿਆਲੂ ਤੇ ਮੇਹਨਤੀ ਸੀ। ਉਹ ਨਹੀਂ ਸੀ ਚਾਹੁੰਦਾ ਕਿ ਆਦਮੀ, ਆਦਮੀ ਦੀ ਲੁੱਟ ਖਸੁੱਟ ਕਰੇ। ਜੋ ਕੋਈ ਦਲੀਲ ਦਿੰਦਾ ਕਿ ਸ਼ਿਕਾਰ ਕਰਨਾ, ਯੁੱਧ ਕਰਨਾ, ਇਕ ਕਸ਼ਤਰੀ ਦਾ ਧਰਮ ਹੈ ਤਾਂ ਉਹ ਪੁੱਛਦਾ, ਇੱਕ, ਦੂਜੇ ਨੂੰ ਮਾਰਨਾ, ਧਰਮ ਕਿਵੇਂ ਹੋ ਸਕਦਾ ਹੈ? ਸਿਧਾਰਥ ਆਪਣੇ ਸਾਥੀਆਂ ਨੂੰ ਸਿਖਾਉਂਦਾ ਕਿ ਐਸੀ ਭਾਵਨਾ ਮਨ ਵਿਚ ਰੱਖੋ ਕਿ ਮੈਂ ਸੁਖੀ ਰਹਾਂ, ਮੇਰੇ ਸਬੰਧੀ ਸੁਖੀ ਰਹਿਣ ਅਤੇ ਸਾਰੇ ਪ੍ਰਾਣੀ ਸੁਖੀ ਰਹਿਣ। ਬਚਪਨ ਤੋਂ ਹੀ ਉਹ, ਵੰਡਾਂ ਪਾਉਣ ਵਾਲੀ ਲੀਕ ਦਾ ਖੁਰਾ ਖੋਜ ਮਿਟਾ ਦੇਣਾ ਚਾਹੁੰਦੇ ਸਨ।

ਇਕ ਵਾਰੀ ਸਿਧਾਰਥ, ਬਗੀਚੇ ਵਿਚ ਕੁਦਰਤ ਦੀ ਮੌਜ ਦਾ ਆਨੰਦ ਮਾਣ ਰਿਹਾ ਸੀ ਕਿ ਇਕ ਜਖਮੀ ਪੰਛੀ, ਉਸਦੇ ਸਾਹਮਣੇ ਆਣ ਡਿੱਗਾ। ਪੰਛੀ ਕੁਰਲਾ ਰਿਹਾ ਸੀ। ਉਸ ਦੀ ਪੀੜਾ ਦਾ ਕੋਈ ਥਾਹ ਨਹੀਂ ਸੀ। ਸਿਧਾਰਥ ਨੇ ਉਸ ਨੂੰ ਉਠਾਇਆ ਤੇ ਆਪਣੀ ਛਾਤੀ ਦਾ ਨਿੱਘ ਦਿੱਤਾ। ਜਿਸ ਨਾਲ ਪੰਛੀ ਦੁਬਾਰਾ ਉਡਣ ਦੇ ਕਾਬਲ ਹੋ ਗਿਆ। ਥੋਹੜੇ ਚਿਰ ਬਾਅਦ, ਸਿਧਾਰਥ ਦਾ ਚਚੇਰਾ ਭਾਈ ਦੇਵ ਦੱਤ ਵੀ ਆਣ ਪੁੱਜਾ ਅਤੇ ਆਪਣੇ ਸ਼ਿਕਾਰ ਕੀਤੇ ਹੋਏ ਪੰਛੀ ਦੀ ਮੰਗ ਕੀਤੀ। ਸਿਧਾਰਥ ਨੇ ਪੰਛੀ ਨੂੰ ਫਿਰ ਤੋਂ ਖੁੱਲ੍ਹੇ ਅੰਬਰਾਂ ਵਿਚ ਛੱਡਦਿਆਂ ਆਖਿਆ, ਜੋ ਕਿਸੇ ਦੀ ਰੱਖਿਆ ਕਰਦਾ ਹੈ, ਉਹੀ ਉਸ ਦਾ ਮਾਲਕ ਹੋ ਸਕਦਾ ਹੈ। ਇੱਕ ਹੱਤਿਆਰਾ ਕਿਵੇਂ ਉਸ ਦਾ ਸਵਾਮੀ ਹੋ ਸਕਦਾ ਹੈ। ਮਾਮਲਾ, ਕਚਹਿਰੀ ਤੱਕ ਪੁੱਜਾ, ਫੈਸਲਾ, ਸਿਧਾਰਥ ਦੇ ਹੱਕ ਵਿਚ ਹੋਇਆ। ਸਿਧਾਰਥ ਨੇ ਇਕ ਮਾਸੂਮ ਪਰਿੰਦੇ ਦੀ ਜਾਨ ਲਈ ਆਪਣੇ ਚਚੇਰੇ ਭਰਾ ਦੀ ਨਾਰਾਜ਼ਗੀ ਮੁੱਲ ਲੈਣੀ ਠੀਕ ਸਮਝੀ।

16 ਸਾਲ ਦੀ ਉਮਰ ਵਿਚ, 16 ਸਾਲ ਦੀ ਹੀ ਖੂਬ-ਸੂਰਤ ਕੰਨਿਆਂ ਦੰਡਪਾਣਿ ਦੀ ਪੁੱਤਰੀ ਯਸ਼ੋਧਰਾ ਨਾਲ, ਉਸ ਦੀ ਸ਼ਾਦੀ ਹੋ ਗਈ। ਕੁਝ ਸਮਾਂ ਪਾ ਕੇ ਯਸ਼ੋਧਰਾ ਨੇ ਇਕ ਬਹੁਤ ਹੀ ਪਿਆਰੇ ਬੱਚੇ ਨੂੰ ਜਨਮ ਦਿੱਤਾ ਤੇ ਉਸਦਾ ਨਾਂ ਰਾਹੁਲ ਰੱਖਿਆ ਗਿਆ। ਡਾ. ਬਾਬਾ ਸਾਹਿਬ ਅੰਬੇਡਕਰ ਜੀ ਨੇ ਆਪਣੇ ਗ੍ਰੰਥ 'ਬੁੱਧਾ ਐਂਡ ਹਿਜ ਧੰਮਾ' ਵਿੱਚ ਸਿਧਾਰਥ ਦੇ ਗ੍ਰਹਿ ਤਿਆਗ ਦੇ ਕਾਰਨਾਂ ਪ੍ਰਤੀ ਲਿਖਿਆ ਹੈ:- ਸ਼ਾਕਯ ਜਨਤਾ ਦੀ ਇਕ ਜਮਾਤ ਸ਼ਾਕਯ ਸੰਘ ਸੀ। ਉਸ ਸਮੇਂ ਪ੍ਰਚੱਲਤ ਪ੍ਰਥਾ ਅਨੁਸਾਰ 20 ਸਾਲ ਦੀ ਉਮਰ ਵਿਚ ਸਿਧਾਰਥ ਸ਼ਾਕਯ ਸੰਘ ਦਾ ਮੈਂਬਰ ਬਣ ਗਿਆ। ਮੈਂਬਰ ਬਣੇ ਨੂੰ ਅਜੇ ਅੱਠ ਸਾਲ ਹੀ ਬੀਤੇ ਸਨ ਕਿ ਇਕ ਦੁਖਾਂਤ ਵਾਪਰਿਆ ਜਿਸ ਨੇ ਸਿਧਾਰਥ ਦੇ ਜੀਵਨ ਨੂੰ ਹੀ ਬਦਲ ਕੇ ਰੱਖ ਦਿੱਤਾ।

ਸ਼ਾਕਯ ਰਾਜ ਦੇ ਨਾਲ ਹੀ ਕੋਲੀਆ ਵੰਸ਼ ਦਾ ਰਾਜ ਲਗਦਾ ਸੀ। ਰੋਹਿਣੀ ਨਾਂ ਦੀ ਨਦੀ, ਦੋਹਾਂ ਰਾਜਾਂ ਦੇ ਵਿਚਕਾਰ ਦੀ ਵਹਿੰਦੀ ਸੀ। ਨਦੀ ਦੀ ਵੰਡ ਬਾਰੇ ਦੋਹਾਂ ਰਾਜਾਂ ਦਾ ਝਗੜਾ ਹਰ ਫਸਲ ਤੇ ਹੁੰਦਾ ਸੀ ਕਿ ਪਾਣੀ ਦਾ ਪਹਿਲਾਂ ਕੌਣ ਤੇ ਕਿੰਨਾ ਇਸਤੇਮਾਲ ਕਰੇਗਾ। ਇਸ ਵਾਰ ਦਾ ਇਹ ਝਗੜਾ ਗੰਭੀਰ ਹੱਦ ਤੱਕ ਵਧ ਗਿਆ। ਦੋਹਾਂ ਰਾਜਾਂ ਨੇ ਇਹ ਫੈਸਲਾ ਕਰ ਲਿਆ ਕਿ ਹਰ ਸਾਲ ਦਾ ਇਹ ਝਗੜਾ ਕਿਉਂ ਨਾ ਯੁੱਧ ਰਾਹੀਂ ਸਦਾ ਵਾਸਤੇ ਹੱਲ ਕਰ ਦਿੱਤਾ ਜਾਵੇ।

ਸ਼ਾਕਯ ਦੇ ਸੈਨਾਪਤੀ ਨੇ ਕੋਲੀਆਂ ਦੇ ਖਿਲਾਫ ਯੁੱਧ ਛੇੜਨ ਦਾ ਮਤਾ ਪਾਸ ਕਰਨ ਲਈ, ਸ਼ਾਕਯ ਸੰਘ (ਪਾਰਲੀਮੈਂਟ) ਦੀ ਇਕ ਮੀਟਿੰਗ ਬੁਲਾਈ। ਸੈਨਾਪਤੀ ਨੇ ਯੁੱਧ ਛੇੜਨ ਦੀ ਗੱਲ ਤੋਰੀ। ਸਿਧਾਰਥ ਨੇ ਵਿਰੋਧ ਕੀਤਾ ਅਤੇ ਮਾਮਲਾ ਦੋਹਾਂ ਧਿਰਾਂ ਦੁਆਰਾ ਸਲਾਹ ਮਸ਼ਵਰੇ ਰਾਹੀਂ ਹੱਲ ਕਰਨ ਤੇ ਜ਼ੋਰ ਦਿੱਤਾ। ਸੈਨਾਪਤੀ ਨੇ ਕਿਹਾ ਕਿ ਕਸ਼ਤਰੀ ਦਾ ਧਰਮ, ਯੁੱਧ ਕਰਨਾ ਹੈ, ਇਹ ਸ਼ਾਸ਼ਤਰਾਂ ਦੀ ਆਗਿਆ ਹੈ। ਪਰ ਸਿਧਾਰਥ ਦਾ ਕਹਿਣਾ ਸੀ ਕਿ ਧਰਮ ਤਾਂ ਸਗੋਂ ਇਹ ਗੱਲ ਵਿਚ ਹੈ ਕਿ ਵੈਰ, ਕਦੇ ਵੈਰ ਨਾਲ ਖਤਮ ਨਹੀਂ ਹੁੰਦਾ, ਇਹ ਤਾਂ ਮਿਤ੍ਰਤਾ ਨਾਲ ਹੀ ਖਤਮ ਹੁੰਦਾ ਹੈ।

ਸਿਧਾਰਥ ਗੌਤਮ ਨੇ ਸੁਝਾਅ ਦਿੱਤਾ ਕਿ ਇਕ ਪੰਜ ਮੈਂਬਰੀ ਪੰਚਾਇਤ ਬਣਾ ਕੇ ਕੋਲੀਆਂ ਨਾਲ ਪਾਣੀ ਦੇ ਝਗੜੇ ਦਾ ਨਿਪਟਾਰਾ ਕਰ ਲਿਆ ਜਾਵੇ ਕਿਉਂਕਿ ਸ਼ਾਕਯ ਤੇ ਕੋਲੀਆਂ ਆਪਸ ਵਿਚ ਨਜ਼ਦੀਕੀ ਰਿਸ਼ਤੇਦਾਰ ਹਨ। ਇਸੀ ਲਈ ਯੁੱਧ ਕਰਕੇ ਖੂਨ ਖਰਾਬਾ ਕਰਨਾ ਕੋਈ ਅਕਲਮੰਦੀ ਨਹੀਂ ਹੈ। ਸੈਨਾਪਤੀ ਨੇ ਝਟ ਕੇ ਸਿਧਾਰਥ ਦਾ ਵਿਰੋਧ ਕੀਤਾ ਅਤੇ ਕਿਹਾ ਯੁੱਧ ਵਿਚ ਕਸ਼ਤਰੀਆਂ ਲਈ ਕੋਈ ਆਪਣਾ ਪਰਾਇਆ ਨਹੀਂ। ਆਪਣੇ ਹੱਕ ਲਈ ਲੜਨਾ ਹੀ ਕਸ਼ਤਰੀਆਂ ਦਾ ਕੰਮ ਹੈ। ਜਿਵੇ ਬ੍ਰਾਹਮਣ ਦਾ ਕੰਮ ਧਾਰਮਿਕ ਸਿੱਖਿਆ ਲੈਣਾ-ਦੇਣਾ, ਦਾਨ ਲੈਣਾ-ਦੇਣਾ ਤੇ ਯੱਗ ਕਰਨਾ-ਕਰਾਉਣਾ ਹੈ। ਵੈਸ਼ਾ ਦਾ ਧਰਮ ਵਿਉਪਾਰ ਕਰਨਾ ਅਤੇ ਸ਼ੂਦਰਾਂ ਦਾ ਕੰਮ ਸੇਵਾ ਕਰਨਾ ਹੈ ਤੇ ਇਹੋ ਹੀ ਸ਼ਾਸਤਰਾਂ ਫੁਰਮਾਨ ਹੈ। ਇਸ ਲਈ ਯੁੱਧ ਕਰਨਾ ਹੀ ਕਸ਼ਤਰੀਆਂ ਦਾ ਧਰਮ ਹੈ।

ਮਤੇ ਦੇ ਪੱਖ ਅਤੇ ਵਿਰੋਧ ਵਿਚ ਵੋਟਾਂ ਪਈਆਂ। ਬਹੁ-ਗਿਣਤੀ, ਯੁੱਧ ਛੇੜਨ ਦੇ ਹੱਕ ਵਿਚ ਗਈ, ਪਰ ਸਿਧਾਰਥ, ਯੁੱਧ ਵਿਰੋਧੀ ਦਲੀਲ ਤੇ ਅੜੇ ਸਨ। ਸੰਘ ਦੇ ਨੇਮਾਂ ਦਾ ਉਲੰਘਣ ਕਰਨ ਦੇ ਦੋਸ਼ ਵਿਚ, ਸਿਧਾਰਥ ਨੂੰ ਸਜ਼ਾ ਦੇਣ ਦਾ ਸਵਾਲ ਉੱਠਿਆ। ਸੈਨਾਪਤੀ ਨੇ ਸਿਧਾਰਥ ਨੂੰ ਹੇਠ ਲਿਖੀਆਂ ਤਿੰਨ ਸਜਾਵਾਂ ਵਿਚੋਂ ਕੋਈ ਇਕ ਕਬੂਲ ਕਰਨ ਲਈ ਕਿਹਾ -

1. ਸਿਧਾਰਥ ਯੁੱਧ ਵਿਚ ਹਿੱਸਾ ਲੈ ਸਕਦਾ ਹੈ।
2. ਆਪਣੇ ਪਰਿਵਾਰ ਦੇ ਮੈਂਬਰਾਂ ਦਾ ਸਮਾਜਿਕ ਬਾਈਕਾਟ ਅਤੇ ਜਾਇਦਾਦ ਜਬਤ ਕਰਾਉਣ ਲਈ ਮੰਨ ਸਕਦਾ ਹੈ।
3. ਉਹ ਫਾਂਸੀ ਤੇ ਲਟਕਣਾ ਜਾਂ ਦੇਸ਼ ਨਿਕਾਲਾ ਕਬੂਲ ਕਰ ਸਕਦਾ ਹੈ।

ਪ੍ਰਵਾਰਿਕ ਸਬੰਧੀਆਂ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਉਹਨਾਂ ਦੇਸ਼ ਤੋਂ ਬਾਹਰ ਜਾਣਾ ਕਬੂਲ ਕਰ ਲਿਆ ਕਿਉਂਕਿ ਉਹ ਨਹੀਂ ਚਾਹੁੰਦੇ ਸਨ ਕਿ ਉਹਨਾਂ ਦੀ ਖਾਤਰ ਉਹਨਾਂ ਦੇ ਪਰਿਵਾਰ ਦਾ ਬਾਈਕਾਟ ਹੋਵੇ, ਜਾਂ ਉਹਨਾਂ ਦੇ ਪ੍ਰਵਾਰ ਦੇ ਖੇਤ ਜਬਤ ਹੋਣ ਤੇ ਪਰਿਵਾਰ ਰੋਜ਼ੀ ਰੋਟੀ ਤੋਂ ਜਾਂਦਾ ਰਹੇ। ਯੁੱਧ ਕਰਨ ਤੋਂ ਉਹ ਪਹਿਲਾਂ ਹੀ ਇਨਕਾਰ ਕਰ ਚੁੱਕੇ ਸਨ। ਮਰ ਗਏ ਤਾਂ ਪਰਲੋ ! ਇਸ ਲਈ ਸਜ਼ਾ ਵਜੋਂ, ਸਿਧਾਰਥ ਨੇ ਦੇਸ਼ ਛੱਡ ਕੇ ਜਾਣ ਦੀ ਤਿਆਰੀ ਸ਼ੁਰੂ ਕਰ ਦਿੱਤੀ।

ਕਪਿਲਵਸਤੂ ਨੂੰ ਅਲਵਿਦਾ ਕਹਿ ਸਿਧਾਰਥ, ਮੱਗਧ ਦੀ ਰਾਜਧਾਨੀ ਰਾਜ ਗ੍ਰਹਿ ਵੱਲ ਹੋ ਤੁਰਿਆ। ਉਸ ਸਮੇਂ ਏਥੇ ਇਕ ਧਰਮੀ ਰਾਜਾ ਬਿੰਬਸਾਰ ਦਾ ਰਾਜ ਸੀ। ਰਾਜਾ ਬਿੰਬਸਾਰ ਨੇ ਸਿਧਾਰਥ ਨੂੰ ਬਥੇਰਾ ਸਮਝਾਇਆ ਕਿ ਉਹ ਆਪਣੇ ਘਰ ਵਾਪਸ ਪਰਤ ਜਾਵੇ ਅਤੇ ਮੌਜ ਦੀ ਜ਼ਿੰਦਗੀ ਬਸਰ ਕਰੇ, ਪਰ ਸਿਧਾਰਥ ਬਜ਼ਿਦ ਸੀ ਕਿ ਕਿਹੜੀ ਗੱਲ ਹੈ ਜੋ ਭਰਾ, ਭਰਾ ਨੂੰ ਇਕ ਦੂਜੇ ਦੇ ਖੂਨ ਦਾ ਪਿਆਸਾ ਬਣਾ ਦਿੰਦੀ ਹੈ। ਇਸ ਦੀ ਖੋਜ ਵਿੱਚ ਉਹਨਾਂ ਘੋਰ ਤਪੱਸਿਆ ਕੀਤੀ। ਸੈਂਕੜੇ ਸਾਧੂ, ਸੰਤਾਂ ਨਾਲ ਉਹਨਾਂ ਦਾ ਵਿਚਾਰ ਵਟਾਂਦਰਾ ਹੋਇਆ । ਇਹ ਸਿਲਸਿਲਾ ਲਗਾਤਾਰ 6 ਸਾਲ ਤੱਕ ਚਲਦਾ ਰਿਹਾ। ਸੁੱਕ ਕੇ ਤੀਲਾ ਹੋ ਗਏ ਸਿਧਾਰਥ ਨੂੰ ਲੱਗਿਆ ਕਿ ਉਸ ਦੇ ਪੱਲੇ ਕੁੱਝ ਵੀ ਨਹੀਂ ਹੈ।

ਪਿੰਪਲ ਦੇ ਦਰਖਤ ਥੱਲੇ ਸਿਧਾਰਥ ਅਜੇ ਇਹਨਾਂ ਵਿਚਾਰਾਂ ਵਿਚ ਮਗਨ ਸੀ ਕਿ ਸੁਜਾਤਾ ਨਾਂ ਦੀ ਇਸਤ੍ਰੀ ਖੀਰ ਦਾ ਥਾਲ ਲੈ ਕੇ ਉਸ ਦਰਖਤ ਵਲ ਆਈ ਜਿਥੇ ਸਿਧਾਰਥ ਬੈਠਾ ਸੀ। ਉਸਨੇ ਖੀਰ ਸਿਧਾਰਥ ਦੇ ਮੂੰਹ ਵਿਚ ਪਾਈ। ਸਿਧਾਰਥ ਨੇ ਉਹ ਭੋਜਨ ਗ੍ਰਹਿਣ ਕੀਤਾ। ਭੋਜਨ ਪਾਉਣ ਤੋਂ ਬਾਅਦ ਸਿਧਾਰਥ ਪੂਰੇ ਹੋਸ਼ ਹਵਾਸ ਵਿਚ ਆ ਗਏ। ਉਸ ਨੂੰ ਸਪਸ਼ਟ ਹੋਇਆ ਕਿ ਹੁਣ ਤੱਕ ਦੀ ਉਸ ਦੀ ਸਾਧਨਾ ਦਾ ਕੋਈ ਲਾਭ ਨਹੀਂ ਹੋਇਆ। ਸੁਜਾਤਾ ਉਸ ਦੇ ਮੂੰਹ ਵਿੱਚ ਖੁਰਾਕ ਨਾ ਪਾਉਂਦੀ ਤਾਂ ਉਸ ਮਰ ਜਾਣਾ ਸੀ ਤੇ ਆਪ ਮਰੇ ਜਗ ਪਰਲੋ ਹੋ ਜਾਣਾ ਸੀ। ਉਹਨਾਂ ਮਹਿਸੂਸ ਕੀਤਾ ਕਿ ਜਿਸ ਦੇ ਸ਼ਰੀਰ ਵਿੱਚੋਂ ਬਲ ਜਾਂਦਾ ਰਿਹਾ, ਜੋ ਭੁੱਖ ਪਿਆਸ ਨਾਲ ਪਰੇਸ਼ਾਨ ਹੈ, ਜਿਸ ਦਾ ਮਨ ਥਕਾਵਟ ਕਰਕੇ ਇਕਾਗ੍ਰ ਅਤੇ ਸ਼ਾਂਤ ਨਹੀਂ ਹੈ, ਐਸੇ ਆਦਮੀ ਨੂੰ ਕਦੇ ਵੀ ਨਵਾਂ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਕਿਉਂਕਿ ਸ਼ਰੀਰ ਨੇ ਤਾਂ ਮਨ ਦੀ ਇੱਛਾ ਅਨੁਸਾਰ ਹੀ ਚਲਣਾ ਹੁੰਦਾ ਹੈ, ਇਸ ਲਈ ਮਨ ਹੀ ਮੁੱਖ ਹੈ। ਮਨ ਹੀ ਸਭ ਕਲਪ, ਵਿਕਲਪ, ਕਾਮਨਾ, ਇੱਛਾ, ਬਣਾਉਣ, ਢਾਉਣ ਦਾ ਕੇਂਦਰ ਬਿੰਦੂ ਹੈ ਤੇ ਇਹ ਸਭ ਕੁਝ ਮਨ ਵਿੱਚੋਂ ਹੀ ਉਪਜਦਾ ਹੈ, ਇਸ ਲਈ ਮਨ ਦੀ ਸਾਧਨਾ ਜ਼ਰੂਰੀ ਹੈ। ਬਿਨਾ ਮਨ ਤੇ ਕਾਬੂ ਦੇ, ਮਨੁੱਖ ਦੀ ਭਟਕਣਾ (ਇੱਛਾ) ਕਦੇ ਵੀ ਖਤਮ ਨਹੀਂ ਹੋ ਸਕਦੀ, ਭਟਕਣਾ ਹੀ ਦੁੱਖ ਹੈ। ਬੱਸ ਇਹੀ ਉਹਨਾਂ ਨੂੰ ਗਿਆਨ ਪ੍ਰਾਪਤ ਹੋਇਆ ਤੇ ਗੌਤਮ ਸਿਧਾਰਥ ਤੋਂ ਬੁੱਧ ਬਣ ਗਏ।

ਬੁੱਧ ਹੀ ਪਹਿਲੇ ਮਹਾਂ ਪੁਰਸ਼ ਹਨ, ਜਿਨ੍ਹਾ ਦੱਸਿਆ ਕਿ ਮਨੁੱਖ ਦੁਖੀ ਕਿਉ ਹੈ? ਮਨੁਖ ਦਾ ਦੁੱਖ ਕੀ ਹੈ? ਮਨੁੱਖ ਦੇ ਦੁੱਖਾਂ ਦਾ ਕਾਰਣ ਕੀ ਹੈ? ਕਾਰਣ ਨੂੰ ਹਟਾਇਆ ਜਾ ਸਕਦਾ ਹੈ। ਇਸ ਲਈ ਦੁੱਖ ਨੂੰ ਦੂਰ ਕਰਨ ਦਾ ਮਾਰਗ ਹੈ। ਮਾਰਗ ਹੀ ਮੰਜ਼ਿਲ ਹੈ। ਮੰਜ਼ਿਲ ਮਨ ਹੈ। ਮਨ ਜੀਤੇ ਜਗੁ ਜੀਤ।

ਬੁੱਧ ਦੇ 2500 ਸਾਲ ਪਹਿਲਾਂ ਕਹੇ ਇਹ ਸ਼ਬਦ ਉਸ ਸਮੇਂ ਵੀ ਸਾਰਥਕ ਸਨ, ਅੱਜ ਵੀ ਸਾਰਥਕ ਹਨ ਅਤੇ ਆਉਣ ਵਾਲੀਆਂ ਸਦੀਆਂ ਤੱਕ ਵੀ ਸਾਰਥਕ ਰਹਿਣਗੇ। ਕਿਉਂਕਿ ਬੁੱਧ ਦੇ ਦਰਸ਼ਨ (ਫਲਸਫੇ) ਵਿੱਚ ਹੀ ਇੱਕ ਅਜਿਹਾ ਗੰਭੀਰ ਅਤੇ ਸਿਫ਼ਤੀ ਨਜ਼ਰੀਆ ਹੈ ਜਿਸਦਾ ਮਨੁੱਖ ਅਤੇ ਉਸ ਦੀ ਸਮਾਜਕ ਵਿਵਸਥਾ ਨਾਲ ਸਿੱਧਾ ਸੰਬੰਧ ਹੈ। ਬੁੱਧ ਦਾ ਕਿਸੇ ਪ੍ਰਲੋਕ ਨਾਲ ਕੋਈ ਸਰੋਕਾਰ ਨਹੀਂ। ਬੁੱਧ ਨੇ ਸਪਸ਼ਟ ਕਿਹਾ ਕਿ ਇਹ ਦੇਵ-ਆਤਮਾ, ਵਰਣ, ਵਰਗ, ਮਜ਼ਹਬ-ਧਰਮ, ਨਸਲ-ਵੰਸ਼ ਸਭ ਮਨੁੱਖ ਦੀ ਕਲਪਨਾ ਹਨ। ਕਲਪਨਾ ਨੂੰ ਕੀਲਿਆ ਜਾ ਸਕਦਾ ਹੈ। ਮਨੁੱਖ ਇਸੇ ਸੰਸਾਰ ਵਿੱਚ ਇੱਸੇ ਧਰਤੀ ਤੇ ਅਤੇ ਇਸੇ ਜ਼ਿੰਦਗੀ ਵਿੱਚ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰ ਕੇ, ਆਪਣੇ ਆਪ ਨੂੰ ਜਾਣ ਕੇ, ਆਪ ਵੀ ਸੁਖੀ ਬਣ ਸਕਦਾ ਹੈ ਅਤੇ ਸਮਾਜ ਨੂੰ ਵੀ ਸੁੱਖੀ ਬਣਾ ਸਕਦਾ ਹੈ। ਗੱਲ ਕੀ, ਬੁੱਧ ਦਾ ਇੱਕ ਮਾਤਰ ਟੀਚਾ ਹੈ ਮਨੁੱਖੀ ਪ੍ਰਾਣੀਆਂ ਦਾ ਸੰਪੂਰਨ ਕਲਿਆਣ, ਯਾਨੀ, ਮਨੁੱਖ ਨੂੰ ਦੁੱਖ ਅਤੇ ਸ਼ੋਸ਼ਣ ਤੋਂ ਮੁਕਤ ਕਰਨਾ।

ਬੁੱਧ ਨੇ ਅਜਿਹੀ ਕਿਸੇ ਵੀ ਤਾਕਤ ਨੂੰ, ਜੋ ਸਰਵ ਸ਼ਰਤੀਮਾਨ, ਸਰਵ-ਵਿਆਪਕ, ਸਰਵ-ਗਿਆਨੀ, ਸਰਵ-ਉੱਚ ਅਤੇ ਸੰਸਾਰ ਨੂੰ ਚਲਾਉਣ ਵਾਲੀ ਹੋਵੇ, ਸਵੀਕਾਰ ਨਹੀਂ ਕੀਤਾ। ਬੁੱਧ ਨੇ ਇਸ ਦੇ ਬਦਲ ਵਿੱਚ ਆਪਣਾ 'ਅਨਾਤਮਵਾਦ' ਤੇ 'ਅਨਿਤਯਵਾਦ' ਦਾ ਸਿਧਾਂਤ ਦਿੱਤਾ। ਇਸ ਵਿੱਚ ਉਨ੍ਹਾਂ ਨੇ ਜੜ ਤੇ ਚੇਤਨ, ਦੋ ਸ਼ਕਤੀਆਂ ਨੂੰ ਸਵੀਕਾਰ ਕੀਤਾ ਜਿਨ੍ਹਾਂ ਵਿੱਚ ਲਗਾਤਾਰ ਤਬਦੀਲੀ ਦੇ ਅਸੂਲ, ਆਪਣੇ ਆਪ ਹਰਕਤ ਕਰਦੇ ਰਹਿੰਦੇ ਹਨ। ਇਹ ਸ਼ਕਤੀਆਂ ਆਦੀ ਕਾਲ ਤੋਂ ਹਨ ਅਤੇ ਸਦਾ ਰਹਿਣਗੀਆਂ। ਇਨ੍ਹਾਂ ਵਿੱਚ ਰੂਪ ਦਾ ਬਦਲਣਾ ਲਗਾਤਾਰ ਹੁੰਦਾ ਰਹਿੰਦਾ ਹੈ।

ਬੁੱਧ ਨੇ ਮਨੁੱਖੀ ਜੀਵਨ ਨੂੰ ਨੇੜਿਓ ਹੋ ਕੇ ਵੇਖਿਆ ਤੇ ਉਨ੍ਹਾਂ ਨੇ ਮਨੁੱਖ ਨੂੰ ਦੁੱਖੀ, ਸ਼ੋਸ਼ਿਤ ਅਤੇ ਪੀੜਿਤ ਪਾਇਆ ਤਾਂ ਉਹ ਚੁੱਪ ਨਹੀਂ ਬੈਠੇ ਸਗੋਂ ਉਨ੍ਹਾਂ ਮਨੁੱਖ ਨੂੰ ਇਸ ਸਥਿਤੀ ਵਿੱਚੋਂ ਕੱਢਣ ਦੇ ਉਪਾਅ ਵੀ ਦੱਸੇ। ਉਨ੍ਹਾਂ ਕਿਹਾ-

"ਮਨੁੱਖ ਦੇ ਸਾਹਮਣੇ ਦੋ ਸਮੱਸਿਆਵਾਂ ਹਨ। ਪਹਿਲਾ ਦੁੱਖ ਅਤੇ ਦੂਜਾ ਦੁੱਖ ਤੋਂ ਛੁਟਕਾਰਾ।'' ਉਨ੍ਹਾਂ ਦੱਸਿਆ ਕਿ ਜੀਵਨ ਵਿੱਚ ਦੁੱਖ ਹੀ ਦੁੱਖ ਹੈ ਅਤੇ ਸਾਰੇ ਪ੍ਰਾਣੀ ਕਿਸੇ ਨਾ ਕਿਸੇ ਤਰ੍ਹਾਂ ਦੁੱਖ ਨਾਲ ਪੀੜਿਤ ਹਨ। ਸੰਸਾਰ ਦਾ ਕੋਈ ਵੀ ਮਨੁੱਖ ਦੁੱਖਾਂ ਦੀ ਲਪੇਟ ਤੋਂ ਨਹੀਂ ਬਚ ਸਕਿਆ। ਜਨਮ ਤੋਂ ਲੈ ਕੇ ਮੌਤ ਤੱਕ ਮਨੁੱਖ ਦੁੱਖਾਂ ਨਾਲ ਪਰੁੰਨਿਆ ਪਿਆ ਹੈ। ਕਿਸੇ ਨੂੰ ਪਿਆਰੇ ਮਿੱਤਰ ਦੇ ਨਾ ਮਿਲਣ ਦਾ ਦੁੱਖ ਹੈ, ਕਿਸੇ ਨੂੰ ਦੁਖਿਆਰੇ, ਅਮਿੱਤਰ ਦੇ ਮਿਲ ਜਾਣ ਦਾ ਦੁੱਖ ਹੈ। ਕਿਸੇ ਨੂੰ ਇੱਛਾਵਾਂ ਪੂਰੀਆਂ ਨਾ ਹੋਣ ਦਾ ਦੁੱਖ ਹੈ ਅਤੇ ਕਿਸੇ ਨੂੰ ਅਣਸੋਚੀਆਂ ਘਟਨਾਵਾਂ ਦੇ ਵਾਪਰ ਜਾਣ ਦਾ ਦੁੱਖ ਹੈ। ਕਿਸੇ ਨੂੰ ਔਲਾਦ ਦਾ ਦੁੱਖ ਹੈ, ਕਿਸੇ ਨੂੰ ਬਾਪ ਦਾ ਦੁੱਖ ਹੈ, ਕਿਸੇ ਨੂੰ ਪਤੀ ਦਾ ਦੁੱਖ ਹੈ, ਕਿਸੇ ਨੂੰ ਪਤਨੀ ਦਾ ਦੁੱਖ ਹੈ, ਕਿਸੇ ਨੂੰ ਸਕੇ ਦਾ, ਕਿਸੇ ਨੂੰ ਸਬੰਧੀ ਦਾ। ਕਿਸੇ ਨੂੰ ਤਾਕਤ ਦਾ, ਕਿਸੇ ਨੂੰ ਦੌਲਤ ਦਾ। ਕਿਸੇ ਨੂੰ ਅਪਮਾਨ ਦਾ ਕਿਸੇ ਨੂੰ ਸਨਮਾਨ ਦਾ ਦੁੱਖ ਹੈ। ਮੁੱਕਦੀ ਗੱਲ, ਜਿਧਰ ਦੇਖੋ ਦੁੱਖ ਹੀ ਦੁੱਖ ਹੈ।

ਬੁੱਧ ਅਨੁਸਾਰ ਦੁੱਖ ਦਾ ਮੂਲ ਕਾਰਨ ਅਗਿਆਨਤਾ ਅਤੇ ਇੱਛਾ ਹੈ। ਇੱਛਾ ਹੁੰਦੀ ਹੈ ਕਿਸੇ ਚੀਜ਼ ਨੂੰ ਚਾਹੁਣਾ। ਮਨੁੱਖ ਦੀ ਇੱਛਾ ਇਹ ਹੈ ਕਿ ਉਸ ਪਾਸ ਅਧਿਕ ਤੋਂ ਅਧਿਕ ਧੰਨ ਹੋਵੇ, ਕੋਠੀਆਂ, ਬੰਗਲੇ ਹੋਣ, ਬੱਚੇ ਹੋਣ, ਸਭ ਸੁੱਖ-ਸਹੂਲਤਾਂ ਹੋਣ, ਰਾਜ ਭਾਗ ਹੋਵੇ ਸਨਮਾਨ ਹੋਵੇ। ਗੱਲ ਕੀ, ਇੱਛਾ ਦਾ ਕੋਈ ਅੰਤ ਨਹੀਂ। ਯਾਨੀ ਅਨੇਕ ਭੌਤਿਕ ਵਸਤਾਂ ਮਿਲਣ ਤੇ ਵੀ ਇੱਛਾ ਛਾਂਤ ਨਹੀਂ ਹੁੰਦੀ। ਜਦ ਇੱਛਾ ਪੂਰੀ ਨਹੀਂ ਹੁੰਦੀ ਤਾਂ ਮਨੁੱਖ ਬੇਚੈਨ ਹੋ ਜਾਂਦਾ ਹੈ। ਉਸ ਦੀ ਮਾਨਸਿਕ ਦਸ਼ਾ ਡਾਵਾਂ ਡੋਲ ਹੋ ਜਾਂਦੀ ਹੈ। ਸਿੱਟੇ ਵਜੋਂ ਮਨੁੱਖ ਕਈ ਮਾੜੇ ਢੰਗ ਅਪਨਾ ਕੇ ਆਪਣੀ ਇੱਛਾ ਦੀ ਪੂਰਤੀ ਕਰਦਾ ਹੈ ਤਾਂ ਉਹ ਵਿਸ਼ੇ ਵਿਕਾਰਾਂ ਦਾ ਆਦਿ ਹੋ ਜਾਂਦਾ ਹੈ। ਵਿਸ਼ੇ ਵਿਕਾਰਾਂ ਦੀ ਆੜ ਵਿੱਚ ਉਹ ਅਨੈਤਿਕ ਕੰਮ ਕਰਦਾ ਹੈ, ਜਿਸ ਨਾਲ ਸਮਾਜ ਵਿੱਚ ਉਸ ਦੀ ਬਦਨਾਮੀ ਹੁੰਦੀ ਹੈ। ਸਿੱਟੇ ਵਜੋਂ ਮਨੁੱਖ ਆਪ ਵੀ ਦੁੱਖੀ ਹੁੰਦਾ ਹੈ ਅਤੇ ਸੰਸਾਰ ਨੂੰ ਵੀ ਦੁੱਖੀ ਕਰਦਾ ਹੈ। ਇਸ ਲਈ ਇੱਛਾ ਤੇ ਕੰਟਰੋਲ ਕਰਨਾ ਅਤਿ ਜ਼ਰੂਰੀ ਹੈ।

ਮਨੁੱਖ ਵਿੱਚ ਇੱਛਾ ਕਿਉਂ ਪਨਪਦੀ ਹੈ? ਬੁੱਧ ਅਨੁਸਾਰ ਇਸ ਦਾ ਕਾਰਣ ਮਨ ਹੈ। ਮਨ ਤੇ ਜਿੱਤ ਦੁੱਖਾਂ ਤੋਂ ਛੁਟਕਾਰਾ ਹੈ। ਦੁੱਖਾਂ ਤੋਂ ਛੁਟਕਾਰਾ ਸੁੱਖ ਦੀ ਪ੍ਰਾਪਤੀ ਹੈ। ਇਸ ਵਾਸਤੇ ਉਨ੍ਹਾਂ ਕਾਰਨ-ਕਾਰਜ (ਪ੍ਰਤਿਤਸਮੁਤਵਾਦ) ਦਾ ਸਿਧਾਂਤ ਦਿੱਤਾ। ਇਸ ਸਿਧਾਂਤ ਅਨੁਸਾਰ ਅਸਲੀ ਬ੍ਰਹਿਮੰਡ ਵਿੱਚ ਜੋ ਕੁੱਝ ਵੀ ਵਾਪਰ ਰਿਹਾ ਹੈ। ਹਰ ਘਟਨਾ ਕਾਰਜ-ਕਾਰਨ ਦੇ ਸਿਧਾਂਤ ਤਹਿਤ ਘਟਦੀ ਹੈ। ਉਹੀ ਘਟਨਾ ਅੱਗੋਂ, ਅਗੇਰੀ ਘਟਨਾ ਦਾ ਕਾਰਣ ਬਣਦੀ ਹੈ। ਬਿਨਾ ਕਾਰਣ ਕੁੱਝ ਵੀ ਵਾਪਰ ਨਹੀਂ ਸਕਦਾ। ਜਿਵੇਂ ਕਿ ਬੁਖ਼ਾਰ ਦਾ ਕਾਰਣ ਮਲੇਰੀਆ ਹੈ। ਮਲੇਰੀਏ ਦਾ ਕਾਰਣ ਮੱਛਰ ਹੈ। ਇਸ ਤਰ੍ਹਾਂ ਬੁਖ਼ਾਰ ਦੇ ਕੰਟਰੋਲ ਲਈ ਜਿਸ ਤਰ੍ਹਾਂ ਮੱਛਰ ਉੱਤੇ ਕੰਟਰੋਲ ਜ਼ਰੂਰੀ ਹੈ, ਉਸੇ ਤਰ੍ਹਾਂ ਦੁੱਖਾਂ ਤੇ ਕੰਟਰੋਲ ਲਈ ਮਨਾਂ ਉੱਤੇ ਕੰਟਰੋਲ ਜ਼ਰੂਰੀ ਹੈ।

ਮਨ ਕੀ ਹੈ? ਬੁੱਧ ਨੇ ਦੱਸਿਆ ਕਿ ਦੁੱਖ ਦੇ ਦੋ ਕਾਰਣ ਹਨ। ਪਹਿਲਾ ਮਨੁੱਖ ਦਾ ਆਪਣਾ ਮਾੜਾ ਵਿਹਾਰ ਹੈ ਅਤੇ ਦੂਜਾ ਇੱਕ ਮਨੁੱਖ ਦਾ ਦੂਜੇ ਮਨੁੱਖ ਪ੍ਰਤੀ ਨਾਬਰਾਬਰੀ ਦਾ ਵਤੀਰਾ, ਯਾਨੀ ਇੱਕ ਮਨੁੱਖ ਵਲੋਂ ਦੂਜੇ ਦਾ ਸ਼ੋਸ਼ਣ। ਮਨੁੱਖ, ਮਨੁੱਖ ਦਾ ਸ਼ੋਸ਼ਣ ਕਿਉਂ ਕਰਦਾ ਹੈ? ਇਸ ਮੂਲ ਪ੍ਰਸ਼ਨ ਦਾ ਉੱਤਰ ਇਹੀ ਹੈ ਕਿ ਮਨੁੱਖ ਨਿਜੀ ਜਾਇਦਾਦ ਇੱਕਠੀ ਕਰਨੀ ਚਾਹੁੰਦਾ ਹੈ। ਇਹ ਨਿਜੀ ਸੰਪੱਤੀ ਨੂੰ ਅਧਿਕ ਤੋਂ ਅਧਿਕ ਇਕੱਠੀ ਕਰਨ ਦੀ ਲਾਲਸਾ ਹੀ ਸੰਸਾਰ ਵਿੱਚ ਅਨੇਕਾ ਬੁਰਾਈਆ ਦੀ ਜੜ੍ਹ ਹੈ। ਇਸ ਲਈ ਮਨੁੱਖ ਦੇ ਦੁੱਖ ਨੂੰ ਦੂਰ ਕਰਨ ਲਈ ਨਿੱਜੀ ਜਾਇਦਾਦ ਦਾ ਖਾਤਮਾ ਜ਼ਰੂਰੀ ਹੈ।

ਬੁੱਧ ਨੇ ਇਸ ਦੀ ਸ਼ੁਰੂਆਤ ਖ਼ੁਦ ਤੋਂ ਕੀਤੀ। ਉਨ੍ਹਾਂ ਦੁਆਰਾ ਸਥਾਪਤ ਭਿਖਸ਼ੂ ਸੰਘ ਵਿੱਚ ਕਿਸੇ ਵੀ ਭਿਖਸ਼ੂ ਨੂੰ ਨਿਜੀ ਜਾਇਦਾਦ ਰੱਖਣ ਦਾ ਅਧਿਕਾਰ ਨਹੀਂ ਹੈ। ਕੋਈ ਵੀ ਭਿਖਸ਼ੂ ਸੰਘ ਵਿੱਚ ਨਿੱਜੀ ਜਾਇਦਾਦ ਨਹੀਂ ਰੱਖੇਗਾ। ਉਹ ਸਿਰਫ਼ ਆਪਣੇ ਕੋਲ ਸੱਤ ਚੀਜ਼ਾਂ ਹੀ ਰੱਖ ਸਕਦਾ ਹੈ। ਇਹ ਚੀਜ਼ਾਂ ਹਨ, ਤਿੰਨ ਚੀਵਰ (ਕੱਪੜੇ), ਇੱਕ ਪਾਣੀ ਲਈ ਬਰਤਨ, ਇੱਕ ਬਿਸਤਰਾ, ਇੱਕ ਉਸਤਰਾ, ਇੱਕ ਸੂਈ। ਇਹ ਦੌਲਤ ਵੀ ਸੰਘ ਦੀ ਹੁੰਦੀ ਹੈ ਕਿਉਂਕਿ ਭਿਖਸ਼ੂ ਦੀ ਮੌਤ ਤੋਂ ਬਾਹਦ ਇਹ ਚੀਜ਼ਾਂ ਸੰਘ ਦੀਆਂ ਹੋ ਜਾਂਦੀਆ ਹਨ। ਹਰ ਭਿਖਸ਼ੂ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਦਾ ਹੈ ਅਤੇ ਤੋੜਨ ਤੇ ਸਜ਼ਾ ਦਿੱਤੀ ਜਾਂਦੀ ਹੈ।

ਬੁੱਧ ਖੁਦ ਇਸ ਨਿਯਮ ਦੀ ਪਾਲਣਾ ਕਰਦੇ ਸਨ। ਪਰ ਜਨ ਸਾਧਾਰਣ (ਸ਼ਰਧਾਲੂਆਂ) ਲਈ ਇਹ ਨਿਯਮ ਇੱਕ ਸਿਧਾਂਤ ਹੈ ਕਿਉਂਕਿ ਨਿਯਮ ਵਿੱਚ ਕੋਈ ਛੋਟ ਨਹੀਂ ਹੁੰਦੀ ਜਦ ਕਿ ਸਿਧਾਂਤ ਵਿਅਕਤੀ ਨੂੰ ਅਜ਼ਾਦੀ ਦਿੰਦਾ ਹੈ। ਇਹ ਆਦਮੀ ਦੀ ਇੱਛਾ ਅਤੇ ਹਾਲਤ ਤੇ ਨਿਰਭਰ ਹੈ ਕਿ ਉਹ ਇਸ ਸਿਧਾਂਤ ਦੀ ਕਿੱਥੋ ਤੱਕ ਪਾਲਣਾ ਕਰਦਾ ਹੈ। ਬੁੱਧ ਨੇ ਇਸ ਨੂੰ ਨੈਤਿਕ ਆਦਰਸ਼ ਜਾਂ ਸਦਾਚਾਰ ਦਾ ਰੂਪ ਦਿੱਤਾ। ਉਨ੍ਹਾਂ ਕਿਹਾ ਕਿ ਸ਼ਰਧਾਲੂਆ ਨੂੰ ਲੋਭ, ਲਾਲਚ, ਇੱਛਾ ਤੋਂ ਦੂਰ ਰਹਿ ਕੇ ਸਹੀ ਕਮਾਈ ਦਾ ਰਸਤਾ ਅਪਨਾਉਣਾ ਚਾਹੀਦਾ ਹੈ। ਸੰਖੇਪ 'ਚ, ਨਿੱਜੀ ਸੰਪਤੀ ਦੇ ਕੰਟਰੋਲ ਬਾਰੇ ਬੁੱਧ ਨੇ ਕਾਨੂਨ ਦਾ ਨਹੀਂ ਸਗੋਂ ਨੈਤਿਕਤਾ, ਪ੍ਰੇਮ ਅਤੇ ਸਦਾਚਾਰ ਦਾ ਸਹਾਰਾ ਲਿਆ। ਮਨੁੱਖ ਸਦਾਚਾਰ ਤੇ ਚੱਲ ਕੇ ਆਪਣਾ ਜੀਵਨ ਵੀ ਸੁੱਖੀ ਬਣਾ ਸਕਦਾ ਹੈ ਅਤੇ ਸਮਾਜ ਨੂੰ ਵੀ ਸੁੱਖੀ ਬਣਾ ਸਕਦਾ ਹੈ।

ਮਨੁੱਖੀ ਜੀਵਨ ਦੋ ਅਤਿ ਦੇ ਮਾਰਗਾਂ ਤੇ ਚੱਲਦਾ ਹੈ। ਇੱਕ ਅਤਿ ਨੇ ਮਨੁੱਖ ਨੂੰ ਪਦਾਰਥਾ ਦੇ ਪੈਰੋਕਾਰ ਬਣਾ ਦਿੱਤਾ ਹੈ ਅਤੇ ਦੂਜੇ ਅਤਿ ਨੇ ਮਨੁੱਖ ਨੂੰ ਅਧਿਆਤਮ ਦੇ ਪੈਰੋਕਾਰ ਬਣਾ ਦਿੱਤਾ ਹੈ। ਪਦਾਰਥਵਾਦੀ ਅਧਿਆਤਮ ਨੂੰ ਅਤੇ ਅਧਿਆਤਮਵਾਦੀ ਪਦਾਰਥ ਨੂੰ ਨਕਾਰਦੇ ਆ ਰਹੇ ਹਨ। ਦੋਹਾਂ ਨੇ ਦੋ ਵਿਰੋਧੀ ਕਿਨਾਰਿਆਂ ਨੂੰ ਸ਼ਕਲ ਦਿੱਤੀ ਹੋਈ ਹੈ। ਸਿੱਟੇ ਵਜੋਂ ਦੋ ਅਜਿਹੇ ਸਮਾਜ ਵਿਕਸਿਤ ਹੋ ਰਹੇ ਹਨ, ਜਿਨ੍ਹਾਂ ਵਿੱਚੋ ਇੱਕ ਵਿੱਚ ਮਨੁੱਖ ਨੂੰ ਹਮੇਸ਼ਾਂ ਪਦਾਰਥ ਤੱਕ ਹੀ ਸੀਮਿਤ ਰੱਖਣ ਦੀ ਕੋਸ਼ਿਸ਼ ਚੱਲ ਰਹੀ ਹੈ ਦੂਜੇ ਵਿੱਚ ਅਧਿਆਤਮ ਤੱਕ ਹੀ। ਦੋਵੇਂ ਦਵੈਤ ਤੇ ਖੜੇ ਹਨ, ਇਸ ਸਟੇਟਸ ਕੋ (ਖਲੋਤ) ਦੀ ਸਥਿਤੀ ਨੂੰ ਬਰਕਰਾਰ ਰੱਖਣਾ ਚਾਹੁੰਦੇ ਹਨ। ਇਸ ਕਾਰਣ ਹੀ ਇੱਕ ਸ਼ਾਂਤ ਅਤੇ ਸੁਖੀ ਸਮਾਜ ਵਜੋਂ ਤਰੱਕੀ ਰੁੱਕੀ ਹੋਈ ਹੈ।

ਇਹ ਦੋਵੇਂ ਅਤਿ ਜੋ ਵਿਰੋਧੀ ਦਿਖਦੀ ਦੇ ਰਹੇ ਹਨ, ਅਸਲ ਵਿੱਚ ਵਿਰੋਧੀ ਨਹੀਂ ਸਗੋਂ ਇੱਕ ਦੂਜੇ ਦੇ ਸਹਿਯੋਗੀ ਹਨ। ਜੇਕਰ ਪਦਾਰਥਵਾਦੀ, ਅਧਿਆਤਮ ਦੀ ਚੰਗਿਆਈ ਨੂੰ ਅਤੇ ਅਧਿਆਤਮਵਾਦੀ, ਪਦਾਰਥ ਦੀ ਚੰਗਿਆਈ ਨੂੰ ਅਪਣਾ ਲੈਣ ਜਾਂ ਆਪਸ ਵਿੱਚ ਸੁਮੇਲ ਮਾਰਗ ਵੱਲ ਵਧਣ ਤਾਂ ਕਮਾਲ ਦੀ ਤਰੱਕੀ ਰਾਹੀਂ ਇੱਕ ਅਜਿਹਾ ਸਮਾਜ ਸਥਾਪਿਤ ਹੋਵੇਗਾ ਜਿਸ ਵਿੱਚ ਮਨੁੱਖ ਗੁਲਾਮੀ ਦੀਆਂ ਜੰਜੀਰਾਂ ਤੋਂ ਆਜ਼ਾਦ ਹੋਵੇਗਾ। ਇਨ੍ਹਾਂ ਦੋ ਅੰਤਾਂ ਦੇ ਮੇਲ ਨੂੰ ਹੀ ਬੁੱਧ "ਸੁਮੇਲ ਮਾਰਗ'' ਜਾਂ "ਮਧਿਅਮ ਮਾਰਗ'' (ਵਿਚਲਾ ਰਾਹ) ਕਹਿੰਦੇ ਹਨ।

ਬੁੱਧ ਦਾ "ਮਧਿਅਮ ਮਾਰਗ'' ਕੋਈ ਈਸ਼ਵਰ ਅਤੇ ਮਨੁੱਖ ਦੇ ਵਿੱਚ ਕਿਸੇ ਪ੍ਰਕਾਰ ਦਾ ਸਬੰਧ ਸਥਾਪਿਤ ਕਰਨਾ ਨਹੀਂ ਸੀ, ਸਗੋਂ ਉਨ੍ਹਾਂ ਦਾ ਸਪਸ਼ਟ ਅਤੇ ਵਿਸ਼ੇਸ਼ ਟੀਚਾ ਮਨੁੱਖ-ਮਨੁੱਖ ਦੇ ਵਿੱਚ ਅਜਿਹੇ ਸਬੰਧਾਂ ਨੂੰ ਉਤਸ਼ਾਹ ਦੇਣਾ ਸੀ ਜਿਸ ਨਾਲ ਦੁੱਖ ਅਤੇ ਸ਼ੋਸ਼ਣ ਦਾ ਪੂਰਨ ਅੰਤ ਹੋ ਸਕੇ। ਬੁੱਧ ਨੇ ਆਪ ਆਪਣੇ ਜੀਵਨ ਦਾ ਬਹੁਤਾ ਹਿੱਸਾ ਦੁੱਖੀ ਅਤੇ ਗਰੀਬਾਂ ਦੀ ਸੇਵਾ ਵਿੱਚ ਬਿਤਾਇਆ। ਮਾਨਵ ਸੁਭਾਅ ਪ੍ਰਤੀ ਸੱਚਾਈ ਪ੍ਰਗਟ ਕਰਦੇ ਹੋਏ ਬੁੱਧ ਨੇ ਜਾਤ-ਪ੍ਰਬੰਧ ਦੇ ਸਾਰੇ ਬੰਧਨਾ ਨੂੰ ਤੋੜ ਦਿੱਤਾ ਤੇ ਸਭ ਲੋਕਾਂ ਨੂੰ ਬਰਾਬਰੀ ਦਾ ਸੁਨੇਹਾ ਦਿੱਤਾ।

ਮਨੁੱਖੀ ਕਲਿਆਣ ਦੇ ਲਈ ਕੁੱਦਰਤ, ਸਮਾਜ ਅਤੇ ਵਿਚਾਰ-ਤਿੰਨਾਂ ਦਾ ਗਿਆਨ ਮਹੱਤਵਪੂਰਨ ਹੈ। ਗਿਆਨ ਹੀ ਅਜ਼ਾਦੀ ਦਾ ਮਾਰਗ ਖੋਜ ਸਕਦਾ ਹੈ। ਜਿੰਨਾਂ ਵੱਧ ਗਿਆਨ ਹੋਵੇਗਾ, ਰਾਹ ਦੀ ਚੋਣ ਕਰਨ ਵਿੱਚ ਮਨੁੱਖ ਓਨਾ ਹੀ ਅਜ਼ਾਦ ਹੋਵੇਗਾ। ਅਗਿਆਨੀ ਮਨੁੱਖ ਗੁਲਾਮ ਹੁੰਦਾ ਹੈ। ਗਿਆਨ, ਪ੍ਰਕਾਸ਼ ਦੀ ਤਰਫ਼-ਅਤੇ ਅਗਿਆਨ, ਅੰਧਕਾਰ ਦੀ ਤਰਫ਼ ਲੈ ਜਾਂਦਾ ਹੈ। ਗਿਆਨ ਆਜ਼ਾਦੀ ਹੈ, ਅਗਿਆਨ ਗੁਲਾਮੀ ਹੈ।

ਅਖੀਰ ਬੁੱਧ ਦਰਸ਼ਨ (ਫ਼ਲਸਫ਼ਾ) ਹੀ ਅਜਿਹੀ ਜੀਵਨ ਵਿਧੀ ਹੈ, ਜਿਸਨੂੰ ਅਪਣਾ ਕੇ ਕੋਈ ਵੀ, ਨਾ ਸਿਰਫ਼ ਆਪਣੇ ਜੀਵਨ ਨੂੰ ਅਨੇਕਾਂ ਬੁਰਾਈਆਂ ਤੋਂ ਮੁਕਤ ਕਰ ਸਕਦਾ ਹੈ ਸਗੋਂ ਸਮਾਜਕ ਜਾਗਰਤੀ ਵਿੱਚ ਅਨਮੋਲ ਯੋਗਦਾਨ ਵੀ ਪਾ ਸਕਦਾ ਹੈ। ਬੁੱਧ ਦਾ ਸਮਾਜਕ ਦ੍ਰਿਸ਼ਟੀਕੋਣ ਬਰਾਬਰੀ ਅਤੇ ਮਾਨਵਵਾਦ ਵਾਲਾ ਹੈ ਕਿਉਕਿ ਉਹ ਫ਼ਜ਼ੂਲ ਦੀਆਂ ਪਰਾਲੌਕਿਕ ਮਾਨਤਾਵਾਂ ਨੂੰ ਸਵੀਕਾਰ ਨਹੀਂ ਕਰਦੇ ਅਤੇ ਨਾ ਹੀ ਈਸ਼ਵਰਵਾਦੀ ਸੋਚ ਨੂੰ ਜਨਕਲਿਆਣ ਦੀ ਦਿਸ਼ਾ ਵਿੱਚ ਲਾਹੇਵੰਦੀ ਸਮਝਦੇ ਹਨ। ਬੁੱਧ ਨੇ ਸੰਸਾਰ ਅਤੇ ਸਮਾਜ ਨੂੰ ਵਿਕਾਸਵਾਦੀ ਵਿਚਾਰ ਦਾ ਸਿਧਾਂਤ ਦਿੱਤਾ। ਇਸ ਲਈ ਬੁੱਧ ਦਰਸ਼ਨ ਦਾ ਸੁਭਾਅ ਸਮਾਜਵਾਦੀ ਹੈ। ਉਹ ਸਮਾਜਿਕ ਨਿਆਂ ਦੇ ਨਿਸ਼ਾਨਿਆ ਲਈ ਬਰਾਬਰੀ ਅਤੇ ਪੂਰਨ ਭਾਈਚਾਰੇ ਦੀ ਭਾਵਨਾ 'ਤੇ ਜ਼ੋਰ ਦਿੰਦਾ ਹੈ। ਮਨੁੱਖੀ ਕਲਿਆਣ ਦੇ ਇਲਾਵਾ ਬੁੱਧ ਦਾ ਕੋਈ ਹੋਰ ਟੀਚਾ ਨਹੀਂ।

**ਬੁੱਧ ਦੇ ਸੇਧ-ਬਚਨ**

1. ਗਰੀਬੀ ਸਭ ਤੋਂ ਵੱਡਾ ਰੋਗ ਹੈ।
ਮਨੁੱਖ ਨੂੰ ਇਸ ਦਾ ਖਾਤਮਾ ਕਰਨ ਲਈ,
ਸੰਘਰਸ਼ ਤੇ ਸੰਘਰਸ਼ ਕਰਨਾ ਚਾਹੀਦਾ ਹੈ।
ਸੰਘਰਸ਼ ਹੀ ਸਮੱਸਿਆ ਦਾ ਹੱਲ ਹੈ।
2. ਜਦ ਨਿਆਂ, ਨੇਕੀ ਅਤੇ ਨਿਯਮ
ਨੂੰ ਖਤਰਾ ਹੋਵੇ ਤਾਂ ਮਤ ਘਬਰਾਓ।
ਤਦ ਬਿਜੀ ਬਿਲੀ ਮਤ ਬਣੋ ਰਹੋ, ਨਿਆ,
ਨੇਕੀ ਅਤੇ ਨਿਯਮ ਦੀ ਰੱਖਿਆ ਕਰੋ।
3. ਇਤਨੇ ਅਹਿੰਸਾਵਾਦੀ ਨਾ ਬਣੋ, ਕਿ
ਦੁਨੀਆਂ ਤੁਹਾਨੂੰ ਨਿਗਲ ਹੀ ਜਾਵੇ।
ਅਤੇ ਨਾ ਹੀ ਇਤਨੇ ਕੋੜੇ ਬਣੋ,

(ਬਾਕੀ ਸਫਾ 20 ਤੇ)




# ਤੇਰੀ ਤਾਂ ਜਾਤ ਕੋਈ ਨਹੀਂ ਵੇ ਸ਼ਿਵਜੀ



ਡਾ. ਕਰਮਜੀਤ ਸਿੰਘ
91-98763-23862

ਸਿੱਠਣੀਆਂ ਤੋਂ ਬਗ਼ੈਰ ਲੋਕ-ਗੀਤਾਂ ਦਾ ਸੰਗ੍ਰਹਿ ਸੰਪੂਰਣ ਨਹੀਂ ਮੰਨਿਆ ਜਾ ਸਕਦਾ। ਸਿੱਠ ਦਾ ਮਤਲਬ ਤਾਂ ਵਿਅੰਗ ਹੀ ਹੈ ਪਰ ਵਿਆਹਾਂ ਵਿਚ ਗਾਈਆਂ ਜਾਂਦੀਆਂ ਸਿੱਠਣੀਆਂ ਦਾ ਆਧਾਰ ਗਾਲ਼ ਹੈ। ਇਸੇ ਲਈ ਕਈ ਥਾਂ ਇਨ੍ਹਾਂ ਨੂੰ ਗਾਲ਼ੀ ਵੀ ਕਿਹਾ ਜਦਾ ਹੈ। ਹਰਿਆਣੇ ਵਿਚ ਇਸ ਲਈ 'ਸੀਟਣੇ' ਸ਼ਬਦ ਵਰਤਿਆ ਜਾਂਦਾ ਹੈ। ਕੋਈ ਵੀ ਸਮਾਜ ਕਿੰਨਾ ਵੀ ਦਬਾਅ ਵਾਲਾ ਹੋਵੇ ਉਹ ਦੱਬੇ ਹੋਏ ਲੋਕਾਂ ਨੂੰ ਕੁਝ ਚਿਰ ਲਈ ਖੁੱਲ੍ਹਾ ਛੱਡ ਕੇ ਇਹ ਪ੍ਰਭਾਵ ਦੇਣ ਦਾ ਯਤਨ ਕਰਦਾ ਹੈ ਕਿ ਉਹ ਉਦਾਰ ਵੀ ਹੈ। ਅਜਿਹੀ ਉਦਾਰਤਾ ਦਾ ਪ੍ਰਗਟਾਵਾ ਸਾਡੇ ਵਿਆਹਾਂ ਵਿਚ ਹੁੰਦਾ ਹੈ। ਜਿੱਥੇ ਖੁਸ਼ੀ ਦੇ ਮਾਹੌਲ ਵਿਚ ਔਰਤਾਂ ਨੂੰ ਹਾਸਾ-ਠੱਠਾ ਕਰਨ ਦੀ ਖੁੱਲ੍ਹ ਦਿੱਤੀ ਜਾਂਦੀ ਹੈ। ਉਹ ਕੁੜਮਾਂ ਦਾ, ਵਿਚੋਲਿਆਂ ਦਾ, ਜੀਜਿਆਂ ਦਾ 'ਤੇ ਹੋਰ ਰਿਸ਼ਤੇਦਾਰੀਆਂ ਦਾ ਗਾਲ਼ੀਆਂ ਨਾਲ ਸੁਆਗਤ ਕਰ ਸਕਦੀਆਂ ਹਨ। ਸਾਰੀ ਰਾਤ ਮੇਲ ਦੇ ਰੂਪ ਵਿਚ ਪੂਰੇ ਪਿੰਡ ਦੀ ਨੀਂਦ ਹਰਾਮ ਕਰ ਸਕਦੀਆਂ ਹਨ। ਅਜਿਹਾ ਕਰਦਿਆਂ ਉਹ ਗਾ ਕੇ ਸਿੱਠਣੀਆਂ ਦਿੰਦੀਆਂ ਇਕ ਦਿਨ ਦੀਆਂ ਮਹਾਰਾਣੀਆਂ ਬਣ ਜਾਂਦੀਆਂ ਹਨ। ਪਰੰਤੂ ਧਰਮ ਨੂੰ ਇਹ ਇਕ ਦਿਨ ਦੀ ਖੁੱਲ੍ਹ ਵੀ ਪ੍ਰਵਾਨ ਨਹੀਂ ਹੁੰਦੀ। ਉਹ ਮਰਦ-ਪ੍ਰਧਾਨ ਸਮਾਜ ਨੂੰ ਪੂਰੀ ਸਖ਼ਤਾਈ ਨਾਲ ਲਾਗੂ ਕਰਕੇ ਆਪਣੇ ਵੱਲੋਂ ਧਾਰਮਿਕ ਗੀਤ ਗਾਉਣ ਦਾ ਹੁਕਮ ਚਾੜ੍ਹਦਾ ਹੈ। ਸਿੰਘ ਸਭਾ ਵੱਲੋਂ ਵੀਹਵੀਂ ਸਦੀ ਦੇ ਸ਼ੁਰੂ ਵਿਚ ਇਨ੍ਹਾਂ ਗੀਤਾਂ ਦੇ ਖ਼ਿਲਾਫ਼ ਚਲਾਈ ਮੁਹਿੰਮ ਨੂੰ ਇਸੇ ਸੰਦਰਭ ਵਿਚ ਦੇਖਣ ਦੀ ਲੋੜ ਹੈ। ਸਿੰਘ ਸਭੀਆਂ ਦੇ ਅਜਿਹੇ ਦਬਾਅ ਦੇ ਬਾਵਜੂਦ ਔਰਤਾਂ ਨੇ ਉਨ੍ਹਾਂ ਦੀ ਹਾਂਅ ਪੱਖੀ ਮੁਹਿੰਮ ਨੂੰ ਤਾਂ ਹੁੰਗਾਰਾ ਦਿੱਤਾ ਹੈ, ਪਰੰਤੂ ਕਈ ਗੱਲਾਂ ਵਿਚ ਉਨ੍ਹਾਂ ਦਾ ਮਖੌਲ ਉਡਾ ਕੇ ਉਨ੍ਹਾਂ ਵੱਲੋਂ ਦਮਨਕਾਰੀ ਆਦੇਸ਼ਾਂ ਨੂੰ ਮੰਨਣ ਤੋਂ ਇਨਕਾਰ ਵੀ ਕੀਤਾ ਹੈ।

ਟੋਲ਼ੀ ਬਾਪੂ ਸਿੰਘ ਸਭੀਏ
ਮੈਨੂੰ ਮੰਨਣੇ ਨਾ ਪੈਣ ਜਠੇਰੇ।
ਟੋਲ਼ੇ ਧੀਏ ਸਿੰਘ ਸਭੀਏ
ਖੁੱਲ੍ਹੇ ਕੇਸ ਗਲਾਂ ਵਿਚ ਪੈਂਦੇ।

ਇਨ੍ਹਾਂ ਸ਼ਬਦਾਂ ਵਿਚ ਮਖੌਲ ਦੀ ਚਾਸ਼ਣੀ ਵੀ ਸਾਫ਼ ਹੈ, ਪਰ ਕਈ ਥਾਈਂ ਤਾਂ ਸਿੱਧੀ ਬਗ਼ਾਵਤ ਹੈ।

ਮਰ ਜਾਣ ਸਿੰਘ ਸਭੀਏ
ਜਿਹੜੇ ਗਿੱਧਾ ਪਾਉਣ ਨਹੀਂ ਦਿੰਦੇ।
ਮਰ ਜਾਣ ਸਿੰਘ ਸਭੀਏ।

ਅਸਲ ਵਿਚ ਸਿੱਠਣੀਆਂ ਔਰਤਾਂ ਦੀਆਂ ਦਬੀਆਂ ਜਿਨਸੀ ਭਾਵਨਾਵਾਂ ਨੂੰ ਪ੍ਰਗਟਾਅ ਦਿੰਦੀਆਂ ਹਨ। ਉਹ ਕਲਪਿਤ ਤੌਰ 'ਤੇ ਸਮਾਜਿਕ ਰਿਸ਼ਤਿਆਂ ਨੂੰ ਤੋੜ ਕੇ ਤੇ ਨਾਜਾਇਜ਼ ਸਬੰਧ ਜੋੜ ਕੇ ਸੁਆਦ ਲੈਂਦੀਆਂ ਹਨ। ਕਿਸੇ ਇਕ ਨੂੰ ਕਿਸੇ ਦੂਸਰੇ ਮਰਦ ਨਾਲ ਉਧਾਲਿਆ ਜਾਂਦਾ ਹੈ। ਸਾਰੇ ਪਿੰਡ ਦੇ ਮੁੰਡਿਆਂ, ਬੁੱਢਿਆਂ ਨਾਲ ਦੂਜੇ ਪਿੰਡ ਦੀਆਂ ਕੁੜੀਆਂ/ਬੁੱਢੀਆਂ ਦੇ ਨਾਜਾਇਜ਼ ਸਬੰਧ ਜੋੜੇ ਜਾਂਦੇ ਹਨ ਤੇ ਇਉਂ ਥੋੜ੍ਹੇ ਚਿਰ ਲਈ ਜਿਨਸੀ ਭਾਵਨਾਵਾਂ ਦਾ ਕਥਾਰਸਿਸ ਕਰ ਲਿਆ ਜਾਂਦਾ ਹੈ। ਪਰ ਵਿਆਹ ਖ਼ਤਮ ਹੁੰਦਿਆਂ ਹੀ ਉਹੀ ਸਮਾਜਿਕ ਦਬਾਅ ਹੇਠ ਔਰਤ ਨੂੰ ਵਗਣਾ ਪੈਂਦਾ ਹੈ, ਜਿਸ ਤੋਂ ਥੋੜ੍ਹੇ ਚਿਰ ਰਾਹਤ ਲਈ ਕਿਸੇ ਹੋਰ ਮੌਕੇ ਦੀ ਇੰਤਜ਼ਾਰ ਕਰਨੀ ਪੈਂਦੀ ਹੈ।

ਆਮ ਤੌਰ 'ਤੇ ਸਿੱਠਣੀਆਂ ਵਿਚ ਲਗ-ਲਪੇਟ ਕੋਈ ਨਹੀਂ ਹੁੰਦਾ। ਪਰ ਕਈ ਵਾਰ ਮਰਦ ਨੂੰ ਲਤਾੜਨ ਲਈ ਦੇਵਤਿਆਂ ਦਾ ਓਹਲਾ ਵੀ ਲੈ ਲਿਆ ਜਾਂਦਾ ਹੈ। ਸ਼ਿਵ-ਪਾਰਬਤੀ ਦੇ ਵਿਆਹ ਦਾ ਕਿੱਸਾ ਸਾਰੇ ਭਾਰਤ ਵਿਚ ਕਿਸੇ ਨਾ ਕਿਸੇ ਰੂਪ ਵਿਚ ਪ੍ਰਚੱਲਿਤ ਹੈ। ਇਕ ਪਾਸੇ ਸੱਪਾਂ ਦੀ ਮਾਲਾ ਪਾਈ, ਸਰੀਰ ਤੇ ਬਭੂਤ ਮਲੀ, ਜਟਾਧਾਰੀ, ਭੰਗੀ ਸ਼ਿਵ ਹੈ ਪਰ ਉਸ ਦੇ ਮੁਕਾਬਲੇ ਔਰਤਾਂ ਦੀ ਆਪਣੀ ਆਦਰਸ਼ ਰੂਪ ਪਾਰਬਤੀ। ਸ਼ਿਵ ਨਾਲ ਸ਼ਿਵ ਵਰਗੇ ਬਰਾਤੀ, ਪਰ ਇੱਧਰ ਉਸ ਤੋਂ ਉਲਟ। ਇਸ ਸਾਰੇ ਪ੍ਰਸੰਗ ਵਿਚ ਔਰਤਾਂ ਸਾਲੀਆਂ ਬਣ ਜਾਂਦੀਆਂ ਹਨ ਜਿਨ੍ਹਾਂ ਨੇ ਜੀਜੇ ਨੂੰ ਸਿੱਠਣੀਆਂ/ਗਾਲ਼ਾਂ ਦੇਣ ਦਾ ਪੂਰਾ ਅਧਿਕਾਰ ਹੈ। ਅਜਿਹੀਆਂ ਸਿੱਠਣੀਆਂ ਮੈਂ ਮੋਹਰੀ ਚੱਕ ਦੀਆਂ ਕੁੜੀਆਂ ਤੋਂ ਸੁਣੀਆਂ, ਜਦੋਂ ਉਨ੍ਹਾਂ ਇਹ ਸਿੱਠਣੀਆਂ ਗਾਉਣੀਆਂ ਸ਼ੁਰੂ ਕੀਤੀਆਂ ਤਾਂ ਉਨ੍ਹਾਂ ਸਾਲ਼ੀਆਂ ਵਾਲਾ ਰੂਪ ਧਾਰਨ ਕਰ ਲਿਆ, ਵਿਅੰਗ-ਬਾਣਾਂ ਨਾਲ ਲੈਸ, ਚਿਹਰਿਆਂ 'ਤੇ ਮਖੌਲ ਉਡਾਉਣ ਦਾ ਭਾਵ। ਸਿੱਠਣੀ ਇਕੱਲੀ ਇਕੱਲੀ ਨਹੀਂ, ਪੂਰੀ ਲੜੀ ਦੀ ਲੜੀ।

ਜੰਜ ਗੌਰਾਂ ਜੀ ਦੀ ਆਈ ਏ
ਅਸੀਂ ਓਅਦੇ ਲਾੜੇ ਆਂ
ਜਿਨ੍ਹਾਂ ਗੌਰਾਂ ਬਿਆ੍ਹੀ ਏ।

'ਜੀ' ਤੇ ਬਹੁਵਚਨ ਦਾ ਸੰਬੋਧਨ 'ਸਿੱਠ' ਦੇ ਬਾਵਜੂਦ ਸ਼ਾਲੀਨਤਾ ਨੂੰ ਹੱਥੋਂ ਨਹੀਂ ਖਿਸਕਣ ਦਿੰਦਾ। ਪਹਿਲੀਆਂ ਪੰਗਤੀਆਂ ਸ਼ਿਵ ਵੱਲੋਂ ਉਚਰਿਤ ਹਨ, ਪਰ ਛੇਤੀ ਹੀ ਲਗਾਮ ਸਾਲੀਆਂ ਹੱਥ ਆ ਗਈ।

ਚੜ੍ਹ ਬੈਲ ਤੇ ਆਇਆ ਏ
ਗੌਰਾਂ ਦੇ ਬਾਗ਼ ਵਿਚ
ਘੋਟਾ ਭੰਗ ਦਾ ਵੀ ਲਾਇਆ ਏ।

ਇਨ੍ਹਾਂ ਸਿੱਠਣੀਆਂ ਦਾ ਰੂਪ ਟੱਪਿਆਂ ਵਾਲਾ ਹੈ। ਸ਼ੁਰੂ ਵਿਚ ਹੀ ਸ਼ਿਵ ਦੇ ਭੰਗੀ ਹੋਣ ਉੱਪਰ ਚੋਟ। ਸਾਰੇ ਵਿਦਵਾਨ (ਆਰ. ਐਸ. ਐਸ.) ਦੇ ਵਿਦਵਾਨਾਂ ਨੂੰ ਛੱਡ ਕੇ ਇਸ ਗੱਲ ਨਾਲ ਸਹਿਮਤ ਹਨ ਕਿ ਸ਼ਿਵ ਸਿੰਧੂ ਘਾਟੀ ਦੀ ਸਭਿਅਤਾ ਦਾ ਦੇਵਤਾ ਹੈ। ਰਾਮਾਇਣ, ਮਹਾਂਭਾਰਤ ਤੇ ਪੁਰਾਣਾਂ ਵਿਚ ਇਸ ਗੱਲ ਦੇ ਪੂਰੇ ਸੰਕੇਤ ਹਨ ਕਿ ਆਰੀਆਂ ਨੇ ਆਦਿ ਵਾਸੀਆਂ ਤੋਂ ਇਹ ਦੇਵਤਾ ਖੋਹ ਲਿਆ। ਜਦੋਂ ਵੀ ਰਾਵਣ ਤੇ ਉਸ ਦਾ ਪਰਿਵਾਰ ਸ਼ਿਵ ਦੀ ਅਰਾਧਨਾ ਕਰਕੇ ਕੋਈ ਵਰ ਪ੍ਰਾਪਤ ਕਰਨ ਦੇ ਕੈ ਪਹੁੰਚਦਾ ਹੈ ਤਾਂ ਦੇਵਤੇ ਕੋਈ ਘਟੀਆ ਚਾਲ ਚਲ ਕੇ ਉਸ ਅਰਾਧਨਾ ਵਿਚ ਵਿਘਨ ਪਾ ਦਿੰਦੇ ਹਨ। ਇਸ ਤਰ੍ਹਾਂ ਸਦੀਆਂ ਦੇ ਤਰਕਾਂ, ਕੁਤਰਕਾਂ ਨਾਲ ਆਰੀਆਂ ਨੇ ਸ਼ਿਵ ਨੂੰ ਆਪਣਾ ਬਣਾ ਲਿਆ। ਪਰ ਸ਼ਿਵ ਦਾ ਭੋਲਾ-ਭਾਲਾ ਆਦਿ-ਵਾਸੀਆਂ ਵਾਲਾ ਸੁਭਾਅ, ਦੁਸ਼ਮਣ ਦੇ ਝਾਂਸੇ ਵਿਚ ਆ ਕੇ ਵਰ ਦੇ ਦੇਣ ਦੀ ਪ੍ਰਵਿਰਤੀ ਤੇ ਪਹਿਰਾਵਾ ਸਭ ਕੁਝ ਪੂਰਵ-ਆਰੀਆ ਸਭਿਅਤਾ ਵਾਲਾ ਹੈ। ਇਸ ਦੇ ਮੁਕਾਬਲੇ ਆਰੀਆ ਦੇਵਤੇ ਹਰ ਘਟੀਆ ਹਥਿਆਰ ਵੀ ਵਰਤ ਸਕਦੇ ਹਨ, ਜਿਸ ਦਾ ਪ੍ਰਗਟਾਵਾ ਰਾਮਾਇਣ ਮਹਾਂਭਾਰਤ ਦੇ ਅਨੇਕਾਂ ਪ੍ਰਸੰਗ ਕਰਦੇ ਹਨ। ਰਾਮ ਦਲਿਤ ਭਗਤਾਂ ਦਾ ਵੱਧ ਕਰਦਾ ਹੈ, ਬਾਲੀ ਨੂੰ ਧੋਖੇ ਨਾਲ ਮਾਰਦਾ ਹੈ ਅਤੇ ਸੀਤਾ ਨੂੰ ਗਰਭਵਤੀ ਹੋਣ ਦੇ ਬਾਵਜੂਦ ਜੰਗਲਾਂ ਵਿਚ ਭੇਜਦਾ ਹੈ। ਅਸੀਂ ਥੋੜ੍ਹਾ ਦੂਰ ਨਿਕਲ ਗਏ ਹਾਂ ਪਰ ਲੋਕ-ਦੇਵਤਾ ਨੂੰ ਸਮਝਣ ਲਈ ਇਹ ਸਭ ਜ਼ਰੂਰੀ ਹੈ। ਸ਼ਿਵ ਦਾ ਵਾਹਨ ਬੈਲ ਵੀ ਸਿੰਧ ਘਾਟੀ ਦਾ ਪ੍ਰਤੀਕ ਹੈ। ਆਰੀਆਂ ਨੇ ਤਾਂ ਗਊ-ਧਨ ਨੂੰ ਪ੍ਰਾਥਮਿਕਤਾ ਦਿੱਤੀ ਹੈ, ਗਊ-ਪਤੀ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ। ਕਬੀਲਾਈ ਸਮਾਜ ਵਿਚ ਅਜਿਹੇ (ਪ੍ਰਕਿਰਤਕ) ਨਸ਼ਿਆਂ ਬਾਰੇ ਕੋਈ ਟੈਬੂ ਨਹੀਂ। ਮੁੱਢਲੇ ਆਰੀਆਂ ਵਿਚ ਵੀ 'ਸੋਮ-ਰਸ' ਪ੍ਰਵਾਨ ਹੈ। ਖ਼ੈਰ ਲੜੀਦਾਰ ਸਿੱਠਣੀਆਂ ਅਗਾਂਹ ਵਧੀਆਂ ਹਨ।

ਗੁੱਸਾ ਸਖੀਆਂ ਨੂੰ ਆਇਆ ਏ
ਨਾਲ਼ੇ ਉਹਦੀਆਂ ਜਟਾਂ ਫੜੀਆਂ,
ਨਾਲ਼ੇ ਦਾੜ੍ਹਾ ਹਿਲਾਇਆ ਏ।

ਇਉਂ ਲੱਗਦਾ ਹੈ ਜਾਣੇ-ਅਣਜਾਣੇ ਸਾਲ਼ੀਆਂ ਨੇ ਆਰੀਆਂ (ਉੱਚੀ ਜਾਤ ਵਾਲਿਆਂ) ਦੀ ਥਾਂ ਲੈ ਲਈ ਹੈ ਅਤੇ ਸ਼ਿਵ ਵਿਰੋਧੀ ਧਿਰ ਵਜੋਂ ਕਬੀਲਾਈ ਸਮਾਜ ਦੇ ਪ੍ਰਤਿਨਿੱਧ ਵਜੋਂ ਸਾਹਮਣੇ ਆ ਖਲੋਤਾ ਹੈ। ਇਸੇ ਲਈ ਉਹ ਭੰਗ ਦੇ ਘੋਟਾ ਲਾਉਣ ਤੋਂ ਖ਼ਫਾ ਹੋ ਗਈਆਂ ਹਨ।

ਸ਼ਿਵ ਸ਼ੰਕਰ ਹੱਸਦੇ ਨੇ।
ਨੰਦੀ ਜੀ ਕਰੋਧ ਨਾ ਕਰੋ,
ਇਥੇ ਫੁਲਕੇ ਬਰਸਦੇ ਨੇ।
ਗੁੱਸਾ ਭੋਲੇ ਜੀ ਨੂੰ ਆਇਆ ਏ।
ਗਲ਼ ਪਏ ਸ਼ੇਖ ਨਾਗ ਨੂੰ
ਮਗਰ ਸਖੀਆਂ ਦੇ ਲਾਇਆ ਏ।

ਨੰਦੀ ਨੂੰ ਗੁੱਸਾ ਨਾ ਕਰਨ ਦੀ ਸਿੱਖਿਆ, ਪਰ ਆਪ ਗੁੱਸੇ ਹੋ ਕੇ ਨਾਗ ਨੂੰ ਹੀ ਮਗਰ ਲਾ ਦਿੱਤਾ ਹੈ। ਇਕ ਬਿਰਤਾਂਤ ਬਣ ਰਿਹਾ ਹੈ, ਭਾਵੇਂ ਥੋੜ੍ਹਾ ਚਿਰ ਹੀ। ਸਖੀਆਂ ਨੂੰ ਗੌਰਾਂ (ਪਾਰ-ਬਤੀ) ਪਾਸ ਪਹੁੰਚਾਉਣ ਲਈ ਇਹ ਕੁਝ ਕੀਤਾ ਗਿਆ ਹੈ।

ਸਖੀਆਂ ਘਬਰਾਈਆਂ ਨੇ
ਨਸਦੀਆਂ ਨੂੰ ਰਾਹ ਨਾ ਲੱਭੇ
ਪਾਸ ਗੌਰਾਂ ਜੀ ਦੇ ਆਈਆਂ ਨੇ।
ਗੌਰਾਂ ਦੇਖਿਆ ਤੇਰਾ ਲਾੜਾ ਏ
ਸਿਰ ਉਤੇ ਜਟਾਂ ਉਸ ਦੇ
ਲੰਮਾ ਗਜ ਗਜ ਦਾਅੜਾ ਏ।

ਸਿੰਧ ਘਾਟੀ ਤੋਂ ਮਿਲੀ ਸ਼ਿਵ ਮੂਰਤੀ ਵਿਚ ਦਾੜ੍ਹੀ ਹੈ, ਪਰ ਬਾਅਦ ਵਿਚ ਦੇਵਤੇ ਸਿਰਫ਼ ਸਿਰ 'ਤੇ ਵਾਲ ਰੱਖਦੇ ਹਨ, ਰਿਸ਼ੀ ਮੁਨੀਆਂ ਲਈ ਲੰਮੀ ਦਾੜ੍ਹੀ ਰਾਖਵੀਂ ਕਰ ਦਿੱਤੀ ਗਈ ਹੈ। ਸ਼ਿਵ ਦੇ ਮਰਦ ਫੁੰਕਾਰੇ ਤੋਂ ਡਰ ਗਈਆਂ। ਸਾਲ਼ੀਆਂ ਪਾਰਬਤੀ ਕੋਲ ਆ ਕੇ ਫਿਰ ਤੋਂ ਸ਼ੇਰ ਹੋ ਗਈਆਂ ਹਨ। ਸਿੱਠ ਦੇ ਮੂਡ ਵਿਚ ਆ ਗਈਆਂ ਹਨ। ਪਾਰਬਤੀ ਜੋ ਕੁਝ ਕਹਿੰਦੀ ਹੈ ਉਸ ਤੋਂ ਸਪੱਸ਼ਟ ਹੈ ਕਿ ਉਸ ਨੇ ਮਰਦ ਦੇ ਹਰ ਰੂਪ ਨੂੰ ਸਹਿਜ ਵਿਚ ਪ੍ਰਵਾਨ ਕਰ ਲਿਆ ਹੋਇਆ ਹੈ। ਮਿੱਥਾਂ ਦਾ ਡੂੰਘਾਈ ਵਿਚ ਅਧਿਐਨ ਕਰੀਏ ਤਾਂ ਪਤਾ ਲੱਗੇਗਾ ਕਿ ਦੁਰਗਾ ਆਦਿ ਮਾਤਾ ਪ੍ਰਧਾਨ ਸਮਾਜ ਦੀਆਂ ਦੇਵੀਆਂ ਨੂੰ ਛੱਡ ਕੇ ਮਰਦ ਪ੍ਰਧਾਨ ਸਮਾਜ ਦੀਆਂ ਦੇਵੀਆਂ, ਦੇਵਤਿਆਂ ਦੀ ਅਧੀਨਗੀ ਸਵੀਕਾਰ ਕਰਦੀਆਂ ਹਨ। ਉਨ੍ਹਾਂ ਵਿਚ ਹੱਠ, ਜ਼ਿਦ ਆਦਿ ਉਹ ਸਾਰੇ ਗੁਣ ਹਨ ਜੋ ਮਰਦ ਪ੍ਰਧਾਨ ਸਮਾਜ ਨੇ ਉਨ੍ਹਾਂ ਲਈ ਰਾਖਵੇਂ ਕਰ ਦਿੱਤੇ ਹਨ। ਪਾਰਬਤੀ ਉਸ ਤੋਂ ਬਾਹਰ ਨਹੀਂ।

ਗੌਰਾਂ ਹੱਸ ਫ਼ੁਰਮਾਇਆ ਏ
ਤੁਸੀਂ ਕੀ ਲੈਣਾ ਸਖੀਉ,
ਮੇਰੇ ਭੋਲੇ ਜੀ ਦੀ ਮਾਇਆ ਏ।

ਅਚਾਨਕ ਕੁੜੀਆਂ ਨੇ ਅਜਿਹੀਆਂ ਪੰਗਤੀਆਂ ਗਾਈਆਂ ਜੋ ਸੱਚਮੁੱਚ ਇਕ ਗੁੰਝਲ ਤੋਂ ਘੱਟ ਨਹੀਂ ਸਨ।

ਤਕਦੀਰਾਂ ਸੌਂ ਨੀ ਗਈਆਂ।
ਮੂੰਅ 'ਤੇ ਝੁਰੜੀਆਂ ਪੈ ਨੀ ਗਈਆਂ।

'ਤਕਦੀਰਾਂ' ਕਿਹਦੀਆਂ ਸੁੱਤੀਆਂ ਪਾਰਬਤੀ ਦੀਆਂ? ਗਾਉਣ ਵਾਲੀਆਂ ਔਰਤਾਂ ਦੀਆਂ? ਜਾਂ ਕਿਸੇ ਹੋਰ ਦੀਆਂ? ਇਸ ਦਾ ਜਵਾਬ ਗਾਉਣ ਵਾਲੀਆਂ ਕੁੜੀਆਂ ਵੀ ਮੈਨੂੰ ਨਹੀਂ ਦੇ ਸਕੀਆਂ। ਹਾਂ ਇਨ੍ਹਾਂ ਪੰਗਤੀਆਂ ਦੀ ਲੈਅ ਬਦਲੀ ਹੋਈ ਸੀ ਤੇ ਅਗਾਂਹ ਇਕ ਦਮ ਸਿੱਠਣੀ ਦੀ ਢੋਲਕ ਵਾਲੀ ਲੈਅ ਸ਼ੁਰੂ ਹੋ ਗਈ ਜੋ ਪੰਜਾਬੀ ਲੋਕ ਮਾਨਸ ਦਾ ਹਿੱਸਾ ਬਣੀ ਹੋਈ ਹੈ।

ਸ਼ਿਵ ਸੰਭੂ ਕੈਲਾਸ਼ਪਤੀ, ਜੈ ਗੌਰਾਂ ਜੈ ਪਾਰਬਤੀ।
ਸਾਡੇ ਤਾਂ ਵਿਹੜੇ ਵਿਚ ਪਿੱਤਲ ਪਰਾਤਾਂ,
ਸਾਡੀ ਤਾਂ ਗੌਰਾਂ ਦੀਆਂ ਉੂਚੀਆਂ ਜਾਤਾਂ,
ਤੇਰੀ ਤਾਂ ਜਾਤ ਕੋਈ ਨਈਂ।
ਨਈਂ ਵੇ ਸ਼ਿਵ ਜੀ ਤੇਰੀ ਤਾਂ ਜਾਤ ਕੋਈ ਨਹੀਂ।

ਜੈ ਵੀ ਬੁਲਾਈ ਜਾ ਰਹੀ ਹੈ, ਪਰ ਨਾਲ ਹੀ ਸਿੱਠ ਵੀ ਪੂਰਾ ਕੀਤਾ ਗਿਆ ਹੈ। ਜਾਤੀ ਵਿਵਸਥਾ ਇੰਨੀ ਧੁਰ ਅੰਦਰ ਧਸ ਗਈ ਹੈ ਕਿ ਦੇਵਤੇ ਨੂੰ ਵੀ ਇਸ ਦਾ ਮਿਹਣਾ ਦੇ ਕੇ ਮਖੌਲ ਕੀਤਾ ਜਾ ਸਕਦਾ ਹੈ। ਆਮ ਆਦਮੀ ਤਾਂ ਕਿਹਦਾ ਪਾਣੀਹਾਰ ਹੈ? ਵੈਸੇ ਅਣਜਾਣੇ ਵਿਚ ਕੁੜੀਆਂ ਨੇ ਦਰਾਵੜ ਦੇਵਤੇ ਨੂੰ ਸਹੀ ਟਿਕਾਣੇ ਲਿਆ ਦਿੱਤਾ ਹੈ, ਕਿਉਂਕਿ ਇੱਲ੍ਹਾਂ ਦਰਾਵੜਾਂ ਨੂੰ ਹੀ ਹਰਾ ਕੇ ਆਰੀਆਂ ਨੇ ਆਪਣੇ ਦਾਸ ਬਣਾ ਉਨ੍ਹਾਂ ਨੂੰ ਚੰਡਾਲ ਤੱਕ ਬਣਾ ਦਿੱਤਾ ਹੈ। (ਸ਼ਿਵ ਜੀ ਦਾ ਇਹੀ ਤਾਂ ਰੂਪ ਹੈ) ਕੁੜੀਆਂ ਅਚੇਤ ਹੀ ਬਹੁਤ ਕੁਝ ਕਹੀ ਜਾ ਰਹੀਆਂ ਹਨ।




ਲੱਜ ਤਾਂ ਪਾਈ ਕੋਈ, ਅਸੀਂ ਆਪਣੇ ਖੂਹ ਨੂੰ।
ਗੌਰਾਂ ਵਿਆਹੀ ਅਸੀਂ ਨਣਦੇ ਦੇ ਮੂੰਹ ਨੂੰ।
ਤੈਨੂੰ ਤਾਂ ਜਾਣਦੇ ਨਹੀਂ,
ਨਹੀਂ ਵੇ ਸ਼ਿਵਜੀ, ਤੈਨੂੰ ਤਾਂ ਜਾਣਦੇ ਨਹੀਂ।
ਸਾਡੇ ਤਾਂ ਵਿਹੜੇ ਵਿਚ ਸੁੰਢ ਜਵੈਣ ਏਂ,
ਨਾ ਇਹਦਾ ਭਾਈ ਤੇ ਨਾ ਇਹਦੀ ਭੈਣ ਏਂ
ਤੇਰੀ ਤਾਂ ਸਾਲ਼ੀ ਕੋਈ ਨਹੀਂ,
ਨਹੀਂ ਵੇ ਸ਼ਿਵਜੀ, ਤੇਰੀ ਤਾਂ ਸਾਲ਼ੀ ਕੋਈ ਨਹੀਂ।

ਕੁੜੀਆਂ ਨੇ ਸਾਰੇ ਵਿਆਹ ਸੰਸਕਾਰ ਦਾ ਨਕਸ਼ਾ ਖਿੱਚ ਦਿੱਤਾ ਹੈ। ਵਿਆਹ ਵਿਚ ਵਿਚੋਲਣ ਜ਼ਰੂਰੀ ਹੈ। ਪਰ ਇਹ ਬਣੀ ਨਣਾਨ। ਲੱਗਦਾ ਹੈ ਵੱਟਾ-ਸੱਟਾ ਹੋ ਰਿਹਾ ਹੈ, ਪਰ ਨਾਲ ਹੀ ਪਾਰਬਤੀ ਦੀ ਭੈਣ ਹੀ ਕੋਈ ਨਹੀਂ ਖ਼ੈਰ ਇਹੋ ਜਿਹੇ ਅੰਤਰ-ਵਿਰੋਧ ਅਚੇਤ ਹੀ ਆ ਜਾਂਦੇ ਹਨ। ਦੇਵਤਿਆਂ ਨਾਲ ਅਜਿਹੇ ਰਿਸ਼ਤੇ ਜੋੜਨ ਦਾ ਅਰਥ ਉਨ੍ਹਾਂ ਨੂੰ ਆਪਣੇ ਬਰਾਬਰ ਲਿਆ ਦੇਣਾ ਹੈ, ਜੋ ਲੋਕ ਕਰਦੇ ਹਨ। ਲੋਕਾਂ ਨੇ ਹੀ ਤਾਂ ਆਪਣੇ ਰੂਪ ਵਿਚ ਉਨ੍ਹਾਂ ਦੀ ਕਲਪਨਾ ਕੀਤੀ ਹੁੰਦੀ ਹੈ। ਇਹ ਤਾਂ ਬਾਅਦ ਵਿਚ ਸੰਸਥਾਵਾਂ ਉਨ੍ਹਾਂ ਉੱਪਰ ਪਵਿੱਤਰਤਾ ਦਾ ਦਰਜਾ ਥੋਪ ਕੇ ਉਨ੍ਹਾਂ ਨੂੰ ਲੋਕਾਂ ਲਈ ਹਊਆ ਬਣਾ ਦਿੰਦੀਆਂ ਹਨ। ਅਜੇ ਕੁੜੀਆਂ ਦੀਆਂ ਸਿੱਠਣੀਆਂ ਖ਼ਤਮ ਨਹੀਂ ਹੋਈਆਂ।

ਸਾਡੇ ਤਾਂ ਵਿਹੜੇ ਵਿਚ ਵਜਦੀ ਢੋਲਕੀ,
ਅਸੀਂ ਤਾਂ ਸੁਣਿਆ ਸ਼ਿਵਜੀ ਭੰਗੀ ਤੇ ਪੋਸਤੀ
ਇਹ ਗੱਲ ਬਣਦੀ ਨਹੀਂ।
ਨਹੀਂ ਵੇ ਸ਼ਿਵਜੀ, ਇਹ ਗੱਲ ਬਣਦੀ ਨਹੀਂ।

ਜਿੱਥੋਂ ਗੱਲ ਸ਼ੁਰੂ ਹੋਈ ਸੀ, ਉਥੇ ਹੀ ਆ ਕੇ ਖ਼ਤਮ ਹੋ ਗਈ। ਇਸ ਤਰ੍ਹਾਂ ਦੀਆਂ ਲੜੀਦਾਰ ਸਿੱਠਣੀਆਂ ਤਾਂ ਮੈਂ ਹੋਰ ਵੀ ਕਈ ਥਾਂ ਸੁਣੀਆਂ ਹਨ, ਪਰ ਸ਼ਿਵਜੀ ਨਾਲ ਸਬੰਧਤ ਅਜਿਹੀਆਂ ਸਿੱਠਣੀਆਂ ਮੈਨੂੰ ਹੋਰ ਕਿਤੇ ਵੀ ਨਹੀਂ ਮਿਲੀਆਂ। ਪਹਾੜੀ ਇਲਾਕੇ ਵਿਚ ਸ਼ਿਵ-ਪਾਰਬਤੀ ਦੇ ਵਿਆਹ ਬਾਰੇ ਵਧੇਰੇ ਚਰਚਾ ਹੈ, ਉਥੇ ਅਜਿਹੀਆਂ ਸਿੱਠਣੀਆਂ ਮਿਲਣ ਦੀ ਵਧੇਰੇ ਆਸ ਹੋ ਸਕਦੀ ਹੈ।

ਅਜੋਕੇ ਸੰਪ੍ਰਦਾਇਕ ਮਾਹੌਲ ਨੇ ਸਾਡੀਆਂ ਅਜਿਹੀਆਂ ਸੱਚੀਆਂ-ਸੁੱਚੀਆਂ ਭਾਵਨਾਵਾਂ ਨੂੰ ਵੀ ਮਧੋਲ ਕੇ ਰੱਖ ਦਿੱਤਾ ਹੈ। ਲੋਕਾਂ ਦੇ ਨਾਇਕਾਵਾਂ ਤੇ ਦੇਵਤਿਆਂ ਨੂੰ ਸੰਪ੍ਰਦਾਇਕ ਤੱਤ ਨੇ ਇਕ ਸੰਪ੍ਰਦਾਇਕ ਵਿਸ਼ੇਸ਼ ਦੇ ਫਾਸੀਵਾਦੀ ਨਾਇਕ ਦੇ ਦੇਵਤੇ ਬਣਾ ਕੇ ਰੱਖ ਦਿੱਤਾ ਹੈ। ਇਸੇ ਲਈ ਲੋਕਾਂ ਦੇ ਵਿਰਸੇ ਦੀ ਸਹੀ ਰੂਪ ਵਿਚ ਪਹਿਚਾਣ ਅੱਜ ਪਹਿਲਾਂ ਨਾਲੋਂ ਵੀ ਵਧੇਰੇ ਜ਼ਰੂਰੀ ਹੈ।

# 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"




## ਰਾਣੀ ਅਣਬੋਲਿਆ

### (ਅੱਠਵੀ ਕਿਸਤ)

ਮੈਨੂੰ ਸਿਰਫ਼ ਲੜਕੀ ਦਾ ਡੋਲਾ ਚਾਹੀਦਾ। ਇਹ ਤੁਸੀਂ ਛੇਤੀ ਤਿਆਰ ਕਰ ਦਿਓ। ਮੈਂ ਚਲੇ ਜਾਣਾ। ਸਾਰੇ ਸ਼ਹਿਰ ਨੇ ਬੜੀ ਖੁਸ਼ੀ ਕੀਤੀ ਕਿ ਏਸ ਰਾਣੀ ਨੇ ਬੜੇ ਖੂਨ ਖਰਾਬੇ ਕੀਤਿਓ ਆ। ਬੜੇ-ਬੜੇ ਯੋਧਿਆਂ ਨੇ ਜਾਨ ਤੋਂ ਹੱਥ ਧੋ ਲਏ ਏਸ ਬਦਲੇ। ਚਲੋ ਖਰਾ ਹੋਇਆ ਜਿਹੜਾ ਇਹਦਾ ਡੋਲਾ ਸ਼ਹਿਰ 'ਚੋਂ ਨਿਕਲਿਆ।

ਲੜਕਾ ਅਣਬੋਲਿਆਂ ਰਾਣੀ ਵਿਆਹ ਕੇ ਘਰ ਲੈ ਆਇਆ। ਉਹਦੀ ਭੈਣ ਹੁਬਦੀ ਫਿਰਦੀ ਆ ਸਾਰੇ ਘਰ ਵਿਚ। ਬੜੀਆਂ ਖੁਸ਼ੀਆਂ ਮਨਾਈਆਂ ਗਈਆਂ।

ਅਗਲੇ ਦਿਨ ਲੜਕਾ ਫੇਰ ਬਾਦਸ਼ਾਹ ਦੀ ਕਚਹਿਰੀ ਚਲਾ ਗਿਆ। ਲੜਕਾ ਪੰਜ ਸੱਤ ਦਿਨ ਬਾਅਦ ਬਾਦਸ਼ਾਹ ਨੂੰ ਮਿਲਿਆ ਸੀ। ਬਾਦਸ਼ਾਹ ਬੜਾ ਖੁਸ਼ ਹੋਇਆ। ਲੜਕੇ ਨੂੰ ਦੇਖ ਕੇ ਤਾਂ ਬਾਦਸ਼ਾਹ ਦੀ ਭੁੱਖ ਲਹਿ ਜਾਂਦੀ ਸੀ।

ਓਧਰ ਰਾਣੀਆਂ ਦੀ ਨਜ਼ਰੀਂ ਲੜਕਾ ਫੇਰ ਪੈ ਗਿਆ। ਉਹਨਾਂ ਦੇ ਤਾਂ ਸੱਤੀਂ ਕੱਪੜੀਂ ਅੱਗ ਲੱਗ ਗਈ। ਲੱਗ ਪਈਆਂ ਦਾਈ ਨੂੰ ਬੁਰਾ ਭਲਾ ਕਹਿਣ ਅਖੇ ਇਹ ਤਾਂ ਫਫੇ ਕੁਟਣੀ ਸਾਡੇ ਨਾਲ ਹੇਰਾ ਫੇਰੀ ਕਰਦੀ ਆ। ਪੈਸਿਆਂ ਦੇ ਵੀ ਰੁੱਗੋ ਰੁੱਗ ਲੈ ਗਈ 'ਤੇ ਕੰਮ ਵੀ ਨਹੀਂ ਕਰਦੀ ਪੂਰਾ। ਹੁਣ ਇਨੂੰ ਫਾਹੇ ਲਾਉਣਾ ਪੈਣਾ। ਸੋਚ ਸੋਚ ਕੇ ਕੁੜਦੀਆਂ।

ਰਾਣੀ ਅਣਬੋਲਿਆਂ ਵੀ ਕੋਈ ਐਮੀ ਥੋੜ੍ਹੀ ਸੀ। ਉਹ ਵੀ ਜਾਣੀ ਜਾਣ ਸੀ। ਜਿੰਨ੍ਹੇ ਆਪਣੇ ਵਿਆਹ ਲਈ ਇੰਨੀਆਂ ਸ਼ਰਤਾਂ ਰੱਖੀਆਂ, ਕੋਈ ਆਮ ਨਹੀਂ ਹੋ ਸਕਦੀ ਉਹ।

ਇਕ ਦੋ ਦਿਨ ਬਾਅਦ ਦਾਈ ਵੀ ਉਨ੍ਹਾਂ ਦੇ ਘਰ ਆ ਗਈ। ਕਹਿੰਦੀ ਹੈ ਤਾਂ ਰਾਣੀ ਅਣਬੋਲਿਆਂ ਈ। ਇਹਨੂੰ ਤਾਂ ਕੋਈ ਵਿਆਹ ਨਹੀਂ ਸੀ ਸਕਦਾ। ਇਹ ਲੜਕਾ ਕਿੱਦਾਂ ਵਿਆਹ ਲਿਆਇਆ। ਅੱਛਾ! ਇਹਨਾਂ ਬਾਰੇ ਹੁਣ ਕੁਝ ਹੋਰ ਸੋਚਣਾ ਪਊ। ਮਨ ਵਿਚ ਵਿਚਾਰਾਂ ਕਰਦੀ ਆ।

ਲੜਕੇ ਦੀ ਭੈਣ ਨੂੰ ਦਾਈ ਕਹਿਣ ਲੱਗੀ... ਭੈਣ...! ਦੇਖਿਆ ਹੁਣ ਕੰਮ ਜਚਦਾ। ਤੇਰਾ ਭਰਾ ਚਲਾ ਗਿਆ ਹੋਣਾ ਕਚਹਿਰੀ। ਹੁਣ ਨੀ ਤੂੰ ਉਦਾਸ ਰਹਿ ਸਕਦੀ। ਦੋਵੇਂ ਨਨਾਣ ਭਰਜਾਈ ਕੋਈ ਨਾ ਕੋਈ ਗੱਲਬਾਤ ਵੀ ਕਰ ਸਕਦੀਆਂ। ਵਧਾਈਆਂ ਹੋਣ ਭੈਣ ਬਹੁਤ ਬਹੁਤ ਤੈਨੂੰ। ਭੈਣ ਉਠ ਕੇ ਅੰਦਰ ਚਲੇ ਗਈ ਕਹਿੰਦੀ, ਮਾਈ ਬੈਠ, ਮੈਂ ਤੇਰਾ ਮੂੰਹ ਮਿੱਠਾ ਕਰਵਾਉਂਦੀ ਆਂ।" ਰਾਣੀ ਅਣਬੋਲਿਆਂ ਜਾਣੀ ਜਾਣ ਸੀ। ਉਹਨੂੰ ਪਤਾ ਸੀ ਕਿ ਪੁਆੜਾ ਸਾਰਾ ਏਸੇ ਦਾ ਪਾਇਆ ਹੋਇਆ। ਉਹ ਨਾਲ ਦੇ ਕਮਰੇ ਵਿਚ ਆਈ ਦਾਈ ਦੇ ਇਕ ਉਧਰ ਮਾਰੀ ਤੇ ਇਕ ਉਧਰ, ਉਹਦੀ ਗੁੱਡੀ ਬਣਾ ਕੇ ਰੌਸ਼ਨ ਦਾਨ 'ਤੇ ਰੱਖ ਦਿੱਤੀ। ਆਪ ਉਵੇਂ ਕਮਰੇ ਅੰਦਰ ਚਲੀ ਗਈ। ਭੈਣ ਅੰਦਰੋਂ ਮਿੱਠਾ ਲੈ ਕੇ ਆਈ ਤੇ ਦਾਈ ਨੂੰ ਲੱਭਦੀ ਆ। ਅਖੇ ਮਾਈ ਮਿੱਠਾ ਲਏ ਬਿਨਾਂ ਈ ਚਲੇ ਗਈ। ਤਕਾਲਾਂ ਨੂੰ ਲੜਕਾ ਵੀ ਕਚਹਿਰੀਓਂ ਆ ਗਿਆ। ਤਿੰਨੇ ਜਣੇ ਬੈਠ ਕੇ ਰੋਟੀ ਖਾਣ ਲੱਗ ਪਏ।




- ਡਾ. ਜਸਵੰਤ ਰਾਏ
91-98158-25999

(ਚਲਦਾ)

# ਦੇਸ਼ ਦੁਆਬਾ ਵੱਲੋਂ 'ਕਥਾਵਾਂ ਬਿਸਤ ਦੁਆਬ ਦੀਆਂ' ਤੋਂ ਬਾਅਦ ਹੁਣ ਦੂਜੀ ਕਿਤਾਬ "ਕੌਮ ਦਾ ਸਿਤਾਰਾ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ" ਜਲਦੀ ਹੀ ਲੋਕ ਅਰਪਣ ਹੋਣ ਜਾ ਰਹੀ ਹੈ

ਡਾ. ਜਸਵੰਤ ਰਾਏ ਸਾਹਰੀ ਦੁਆਰਾ ਲਿਖਿਆ ਇਤਿਹਾਸਕ ਦਸਤਾਵੇਜ਼ "ਕੌਮ ਦਾ ਸਿਤਾਰਾ- ਬਾਬੂ ਹਰਨਾਮ ਸਿੰਘ ਸਾਹਰੀ" ਮਹਾਨ ਗਦਰੀ ਬਾਬੇ ਦੀ ਇੰਨਕਲਾਬੀ ਗਾਥਾ ਜੋ ਦੇਸ਼ ਦੁਆਬਾ ਪ੍ਰਕਾਸ਼ਨ ਯੂ. ਐੱਸ. ਏ. ਵਲੋਂ ਪ੍ਰਕਾਸ਼ਤ ਕੀਤੀ ਗਈ ਹੈ ਅਤੇ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਵਲੋਂ ਛਾਪੀ ਗਈ ਹੈ ਜਲਦੀ ਹੀ ਲੋਕ ਅਰਪਨ ਅਤੇ ਵਿਮੋਚਿਤ ਕੀਤੀ ਜਾ ਰਹੀ ਹੈ।ਬਾਬੂ ਹਰਨਾਮ ਸਿੰਘ ਉਹ ਸੂਰਮਾ ਸੀ ਜਿਸਨੇ ਗਦਰ ਲਹਿਰ ਦੀਆਂ ਜੜ੍ਹਾਂ ਲਾਈਆਂ ਅਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਆਪਣੇ ਖ਼ੂਨ ਦਾ ਇੱਕ ਇੱਕ ਕੱਤਰਾ ਕੌਮ ਦੇ ਲੇਖੇ ਲਾ ਗਿਆ। ਇਸ ਮਹਾਨ ਗਦਰੀ ਬਾਬੇ ਨੂੰ ਸਾਡਾ ਸਲਾਮ।






# Kartar Singh Sarabha


## [24.05.1896 -16.11.1915]

**Every admirer of Sarabha is urged to accept and display only this photograph of the Martyr since this is the only camera photograph available. Let this be our humble tribute on his 120th birthday.**

### Timeline of the Martyr

| | | |
|---|---|---|
| Date of Birth | : | 24 May 1896 |
| Leaves Hong Kong for U.S.A. | : | 02 July 1912 |
| Arrives at San Francisco | : | 28 July 1912 |
| Medical Examination | : | 30 July 1912 |
| Immigration authorities interview | : | 31 July 1912 |
| Joins Yugantar Ashram | : | October 1913 |
| Left U.S.A. for India | : | 1st week of August 1914 |
| Meets Baba Gurdit Singh at Kobe (Japan) in Komagata Maru ship | : | 20-22 August 1914 |
| Arrives at Colombo | : | 15-16 September 1914 |
| (Travels to Punjab by train) On 14.2.1915 date fixed for Ghadr | : | 21 February 1915 |
| The advanced date of Ghadr conveyed by Sarabha to Bhai Randhir Singh | : | 17 February 1915 |
| Guided the Ghadrites' gathering at Ferozepur | : | 19 February 1915 |
| Arrested at Sargodha (Pakistan) | : | 02 March 1915 |
| Sentenced to death | : | 13 September 1915 |
| Date fixed for Hanging | : | 05 October 1915 |
| Date of Hanging postponed to | : | 16 November 1915 |
| Shahidi Day of Kartar Singh Sarabha was first time celebrated by Naujwan Bharat Sabha at Lahore | : | 16 November 1926 |







Hats off to Late Giani Surjit Singh, a school teacher of Sarabha who (single handedly) discovered the date of birth of the great Martyr in mid-seventies of the last century. Above all he never mentioned it ever.

I had been assigned the job of drafting the inscription, which was to be displayed on the statue at Ludhiana in February 1980. I approached my friend Giani Surjit Singh to ascertain the actual date of birth of Sarabha before drafting the inscription.

If you like to read the Tribunal's judgement regarding the Martyr, kindly email: mjswaraich29@gmail.com

# ਗੁਰੂ ਨਾਨਕ ਸਪੋਰਟਸ ਕਲੱਬ ਸੈਨਵਾਕੀਨ ਵੱਲੋਂ ਕਰਵਾਇਆ ਸ਼ਾਨਦਾਰ ਕਬੱਡੀ ਟੂਰਨਾਮੈਂਟ

ਅਤੇ ਬਾਬਿਆਂ ਦੀ ਰੱਸਾਕਸ਼ੀ ਟੀਮ ਫਰਿਜ਼ਨੋ ਦੂਜੇ ਨੰਬਰ ਤੇ ਰਹੀ। ਇਸ ਮੌਕੇ ਪ੍ਰਸਿੱਧ ਕਬੱਡੀ ਪ੍ਰਮੋਟਰ ਬਾਬਾ ਜੌਹਨ ਸਿੰਘ ਗਿੱਲ, ਸੌਗੀਆਂ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਸ. ਚਰਨਜੀਤ ਸਿੰਘ ਬਾਠ, ਟਰੱਕਿੰਗ ਕੰਪਨੀਆਂ ਦੇ ਮਾਲਕ ਨਿੱਜਰ ਬ੍ਰਦਰਜ਼ ਅਮਰਿਤਪਾਲ ਸਿੰਘ ਨਿੱਜਰ ਅਤੇ ਸ. ਸੁਰਿੰਦਰਪਾਲ ਸਿੰਘ ਨਿੱਜਰ, ਕਾਂਟੀਨੈਂਟਲ ਟਰੱਕ ਟਰੇਲਰ ਰਿਪੇਅਰਜ਼ ਅਤੇ ਟਾਇਰ ਸਰਵਿਸ ਵਾਲੇ ਸ. ਭੱਜੀ ਗਿੱਲ, ਏ ਏ ਏ ਆਟੋ ਬਾਡੀ ਵਰਕਸ ਵਾਲੇ ਸ. ਜਸਵੀਰ ਸਿੰਘ ਤੱਖਰ, ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼ ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ, ਨਾਮਵਰ ਪੱਤਰਕਾਰ ਅਤੇ ਲੇਖਕ ਕੁਲਵੰਤ ਉਭੀ ਧਾਲੀਆ ਅਤੇ ਨੀਟਾ ਮਾਛੀਕੇ ਆਦਿ ਅਨੇਕਾਂ ਸ਼ਖਸੀਅਤਾਂ ਖੇਡੇ ਗਏ ਸ਼ਾਨਦਾਰ ਕਬੱਡੀ ਕੱਪ ਟੂਰਨਾਮੈਂਟ ਦਾ ਆਨੰਦ ਮਾਣਿਆ। ਇਸ ਮੌਕੇ ਦੀ ਖਾਸੀਅਤ ਇਹ ਰਹੀ ਕਿ ਮੋਗਾ ਵੀਡੀਓ ਇੰਕ. ਵੱਲੋਂ ਅਜੀਤ ਗਿੱਲ ਨੇ ਇਸ ਮੇਲੇ ਦੀ ਫੋਟੋਗ੍ਰਾਫੀ ਕੀਤੀ।

ਇਸ ਮੇਲੇ ਨੂੰ ਸਫਲ ਬਣਾਉਣ ਲਈ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਮੋਹਨ ਸਿੰਘ ਬਦੇਸ਼ਾ, ਗੁਰਵਿੰਦਰ ਸਿੰਘ ਧਾਲੀਵਾਲ, ਸੈਂਪਲ ਔਲਖ, ਗੈਰੀ ਸਿੱਧੂ, ਗੁਰਮੀਤ ਸਮਰਾ, ਗੁਰਦਰਸ਼ਨ ਬਰਾੜ ਅਤੇ ਗੁਰਦੀਪ ਸਿੰਘ ਬਿਲਨ ਆਦਿ ਨੇ ਬਹੁਤ ਮਿਹਨਤ ਕੀਤੀ ਅਤੇ ਖੁੱਲ੍ਹੇ-ਡੁੱਲੇ ਵਾਤਾਵਰਣ ਦਾ ਪ੍ਰਬੰਧ ਕੀਤਾ। ਇਸ ਮੇਲੇ ਦਰਮਿਆਨ ਚਾਹ-ਪਾਣੀ, ਕੁਲਚੇ, ਸਮੋਸਿਆਂ ਦਾ ਖੁੱਲ੍ਹਾ ਲੰਗਰ ਲਗਾਇਆ ਗਿਆ।ਕਮੇਟੀ ਵੱਲੋਂ ਸਾਰਿਆਂ ਦਾ ਇਸ ਮੇਲੇ ਨੂੰ ਕਾਮਯਾਬ ਬਣਾਉਣ ਲਈ ਤਹਿ ਦਿਲੋਂ ਧੰਨਵਾਦ ਕੀਤਾ।

ਦਿਲਦਾਰ ਗਰੁਪ ਵਾਲੇ ਰਾਣੀ ਗਿੱਲ, ਅਵਤਾਰ ਗਰੇਵਾਲ ਅਤੇ ਕੰਤੇ ਬਾਈ ਹੋਰਾਂ ਨੇ ਟੂਰਨਾਮੈਂਟ ਤੇ ਖੂਬ ਸੱਭਿਆਚਾਰਿਕ ਰੰਗ ਬੰਨਿਆ..! ਕੁਮੈਂਟੇਟਰ ਇਕਬਾਲ ਸਿੰਘ ਗਾਲਿਬ ਨੇ ਸੁਚੱਜੇ ਢੰਗ ਨਾਲ ਕੁਮੈਂਟਰੀ ਕਰਕੇ ਦਰਸ਼ਕਾਂ ਦੀ ਵਾਹ-ਵਾਹ ਖੱਟੀ..! ਅਖੀਰ ਨੂੰ ਅਮਿਟ ਪੈੜਾ ਛੱਡਦਾ ਇਹ ਟੂਰਨਾਮੈਂਟ ਯਾਦਗਾਰੀ ਹੋ ਨਿਬੜਿਆ।

# ਡਿਊਟੀ ਮੌਕੇ ਪਾਠੀ ਤੇ ਗ੍ਰੰਥੀ ਸਿੰਘਾਂ ਨੂੰ ਮੋਬਾਈਲ ਫੋਨ ਨਾ ਰੱਖਣ ਦੀ ਹਦਾਇਤ

**ਅੰਮ੍ਰਿਤਸਰ-** ਪੰਜ ਸਿੰਘ ਸਾਹਿਬਾਨਾਂ ਦੀ ਹੋਈ ਇਕੱਤਰਤਾ ਵਿੱਚ ਡਿਊਟੀ ਦੌਰਾਨ ਪਾਠੀ ਤੇ ਗ੍ਰੰਥੀ ਸਿੰਘਾਂ ਨੂੰ ਮੋਬਾਈਲ ਫੋਨ ਨਾ ਵਰਤਣ ਦੀ ਹਦਾਇਤ ਕੀਤੀ ਗਈ ਹੈ। ਇਸੇ ਤਰ੍ਹਾਂ ਕੀਰਤਨੀਏ ਸਿੰਘਾਂ ਨੂੰ ਵੀ ਕੀਰਤਨ ਦੌਰਾਨ ਮੋਬਾਈਲ ਫੋਨ ਤੋਂ ਗੁਰਬਾਣੀ ਦੇਖਣ ਦੀ ਥਾਂ ਗੁਰਬਾਣੀ ਕੰਠ ਕਰਕੇ ਕੀਰਤਨ ਕਰਨ ਦੀ ਹਦਾਇਤ ਕੀਤੀ ਗਈ ਹੈ। ਅੱਜ ਦੀ ਇਸ ਇਕੱਤਰਤਾ ਵਿੱਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਗੁਰਮੁਖ ਸਿੰਘ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਘਬੀਰ ਸਿੰਘ ਸ਼ਾਮਲ ਹੋਏ। ਮੀਟਿੰਗ ਦੇ ਵੇਰਵੇ ਪੱਤਰਕਾਰਾਂ ਨੂੰ ਜਾਰੀ ਕਰਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਪੰਜ ਸਿੰਘ ਸਾਹਿਬਾਨਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਣ ਵਾਲੇ ਪਾਠੀ ਸਿੰਘਾਂ ਤੇ ਗ੍ਰੰਥੀ ਸਿੰਘਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਡਿਊਟੀ ਦੌਰਾਨ ਆਪਣੇ ਕੋਲ ਮੋਬਾਈਲ ਫੋਨ ਨਾ ਰੱਖਣ। ਇਸ ਸਬੰਧੀ ਸੰਗਤ ਵੱਲੋਂ ਸ਼ਿਕਾਇਤਾਂ ਪੁੱਜੀਆਂ ਹਨ ਕਿ ਤਾਬਿਆ ਬੈਠਣ ਵਾਲੇ ਗ੍ਰੰਥੀ ਤੇ ਪਾਠੀ ਸਿੰਘ ਪਾਠ ਕਰਦਿਆਂ ਮੋਬਾਈਲ ਫੋਨ ਵੱਲ ਵਧੇਰੇ ਧਿਆਨ ਦਿੰਦੇ ਹਨ, ਜਿਸ ਕਾਰਨ ਉਨ੍ਹਾਂ ਦਾ ਧਿਆਨ ਗੁਰਬਾਣੀ ਪੜ੍ਹਨ ਵੱਲ ਕੇਂਦਰਿਤ ਨਹੀਂ ਹੁੰਦਾ ਅਤੇ ਇਹ ਇਕ ਕਿਸਮ ਦੀ ਬੇਅਦਬੀ ਹੈ। ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿੱਚ ਗੁਰਦੁਆਰਾ ਕਮੇਟੀਆਂ ਸਖ਼ਤੀ ਨਾਲ ਪਹਿਰਾ ਦੇਣ ਤੇ ਜੇਕਰ ਕਿਸੇ ਗੁਰਦੁਆਰੇ ਵਿੱਚ ਅਜਿਹੀ ਕੋਈ ਘਟਨਾ ਵਾਪਰਦੀ ਹੈ ਤਾਂ ਇਸ ਲਈ ਗੁਰਦੁਆਰਾ ਕਮੇਟੀ ਵੀ



ਜ਼ਿੰਮੇਵਾਰ ਹੋਵੇਗੀ। ਇਸੇ ਤਰ੍ਹਾਂ ਕੀਰਤਨੀਏ ਸਿੰਘਾਂ ਨੂੰ ਵੀ ਤਾੜਨਾ ਕੀਤੀ ਗਈ ਹੈ ਕਿ ਉਹ ਕੀਰਤਨ ਕਰਦੇ ਹੋਏ ਮੋਬਾਈਲ ਫੋਨ ਤੋਂ ਗੁਰਬਾਣੀ ਨਾ ਦੇਖਣ ਸਗੋਂ ਗੁਰਬਾਣੀ ਕੰਠ ਕਰਕੇ ਕੀਰਤਨ ਕਰਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸ਼ਿਕਾਇਤ ਮਿਲਣ ’ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਪਾਵਨ ਸਰੂਪ ’ਤੇ ਰੰਗਦਾਰ ਯਮਕੀ ਵਿਸ਼ਰਾਮ ਲਾ ਕੇ ਗੁਰਬਾਣੀ ਲਿਖਣ ਦਾ ਵਿਰੋਧ ਕਰਦਿਆਂ ਪੰਜ ਸਿੰਘ ਸਾਹਿਬਾਨਾਂ ਵੱਲੋਂ ਭਾਈ ਦਰਸ਼ਨ ਸਿੰਘ ਮੱਲਾ ਵੱਲੋਂ ਅਜਿਹੀ ਗੁਰਬਾਣੀ ਦੀ ਕੀਤੀ ਜਾ ਰਹੀ ਛਪਾਈ ’ਤੇ ਰੋਕ ਲਾਈ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਦੂਜੀਆਂ ਜਥੇਬੰਦੀਆਂ ਨੂੰ ਸੱਦ ਕੇ ਵਿਚਾਰ ਚਰਚਾ ਕੀਤੀ ਜਾਵੇਗੀ ਅਤੇ ਜਦੋਂ ਤੱਕ ਇਸ ਸਬੰਧੀ ਕੋਈ ਫੈਸਲਾ ਨਹੀਂ ਹੁੰਦਾ, ਭਾਈ ਮੱਲੇਵਾਲ ਵੱਲੋਂ ਗੁਰਬਾਣੀ ਦੀ ਛਪਾਈ ਨਾ ਕੀਤੀ ਜਾਵੇ। ਆਦੇਸ਼ ਦੀ ਉਲੰਘਣਾ ਕਰਨ ’ਤੇ ਸਖ਼ਤ ਕਾਰਵਾਈ ਕਰਨ ਦੀ ਚਿਤਾਵਨੀ ਦਿੱਤੀ ਗਈ ਹੈ। ਪਿੰਡ ਚਾਹਲ ਖੁਰਦ ਦੇ ਗੁਰਦੁਆਰੇ ਤੇ ਮੰਦਰ ਦੇ ਵਿਵਾਦ ਬਾਰੇ ਉਨ੍ਹਾਂ ਫੈਸਲਾ ਕੀਤਾ ਹੈ ਕਿ ਗੁਰਦੁਆਰੇ ਦਾ ਨਾਮ ਬਦਲ ਕੇ ਗੁਰਦੁਆਰਾ ਖ਼ਾਲਸਾ ਦਰਬਾਰ ਰੱਖ ਦਿੱਤਾ ਜਾਵੇ। ਮੰਦਰ ਤੇ ਗੁਰਦੁਆਰੇ ਦੀਆਂ ਵੱਖ ਵੱਖ ਕਮੇਟੀਆਂ ਬਣਾਈਆਂ ਜਾਣ। ਗੁਰਦੁਆਰੇ ਦੀ ਕਮੇਟੀ ਅੰਮ੍ਰਿਤਧਾਰੀ ਸਿੰਘਾਂ ਦੀ ਹੋਵੇ। ਇਸੇ ਤਰ੍ਹਾਂ ਵਿਵਾਦਤ ਥਾਂ ’ਤੇ 15 ਫੁੱਟ ਉੱਚੀ ਕੰਧ ਕਰ ਦਿੱਤੀ ਜਾਵੇ। ਉਨ੍ਹਾਂ ਦੱਸਿਆ ਕਿ ਇਸ ਧਾਰਮਿਕ ਸਥਾਨ ’ਤੇ ਸ਼ਰਾਬ ਚੜ੍ਹਾਈ ਜਾਂਦੀ ਹੈ, ਜੋ ਕਿ ਗੁਰੂ ਘਰ ਦੀ ਮਰਿਆਦਾ ਦੇ ਉਲਟ ਹੈ। ਇਸ ਸਬੰਧੀ ਪੰਜ ਪਿਆਰਿਆਂ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਸਾਰੀ ਕਾਰਵਾਈ ਕਰਨ ਦੀ ਹਦਾਇਤ ਕੀਤੀ ਗਈ ਹੈ। ਗੁਰਦੁਆਰਾ ਪ੍ਰਭ ਮਿਲਣੇ ਕਾ ਚਾਓ ਦੇ ਵਿਵਾਦ ਦਾ ਮਾਮਲਾ ਅਗਲੀ ਮੀਟਿੰਗ ਵਿੱਚ ਵਿਚਾਰਿਆ ਜਾਵੇਗਾ ਅਤੇ ਉਸ ਸਮੇਂ ਤੱਕ ਗੁਰਦੁਆਰੇ ਦੇ ਟਰੱਸਟ ’ਤੇ ਰੋਕ ਲਾਈ ਗਈ ਹੈ।

ਪਾਕਿਸਤਾਨ ਸਿੱਖ ਗੁਰਦੁਆਰਾ ਕਮੇਟੀ ਤੇ ਹੋਰ ਜਥੇਬੰਦੀਆਂ ਵੱਲੋਂ ਪੰਜਵੇਂ ਗੁਰੂ ਦਾ ਸ਼ਹੀਦੀ ਪੁਰਬ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 16 ਜੂਨ ਨੂੰ ਮਨਾਏ ਜਾਣ ਬਾਰੇ ਪੁੱਛੇ ਸਵਾਲ ’ਤੇ ਉਨ੍ਹਾਂ ਆਖਿਆ ਕਿ ਸ੍ਰੀ ਅਕਾਲ ਤਖ਼ਤ ਤੋਂ ਪ੍ਰਵਾਨਿਤ ਕੈਲੰਡਰ ਅਨੁਸਾਰ ਇਹ ਸ਼ਹੀਦੀ ਪੁਰਬ 22 ਮਈ ਨੂੰ ਮਨਾਇਆ ਜਾ ਚੁੱਕਾ ਹੈ ਪਰ ਜੇਕਰ ਕੋਈ ਜਥੇਬੰਦੀ ਇਸ ਨੂੰ ਕਿਸੇ ਹੋਰ ਦਿਨ ਮਨਾਉਂਦੀ ਹੈ ਤਾਂ ਉਸ ਨੂੰ ਰੋਕਿਆ ਨਹੀਂ ਜਾ ਸਕਦਾ।

# ਬੱਚਿਆਂ ਦਾ ਸਨਮਾਨਿਤ ਵਿਅੱਕਤਿੱਤਵ ਕਿਵੇਂ ਬਣੇ?

ਵਿਚਾਰ ਬੱਚਿਆਂ ਦੇ ਮਾਤਾ-ਪਿਤਾ ਲਈ ਕਾਰਗਰ ਸਾਬਤ ਹੋਣਗੇ। ਹੁਣ ਤੁਸੀਂ ਉਕਤ ਦੱਸੇ ਗਏ ਨੁਕਤਿਆਂ ਦਾ ਵਾਰੀ-ਵਾਰੀ ਅਭਿਆਸ ਆਪ ਖੁਦ ਤੇ ਬੱਚਿਆਂ ਤੋਂ ਕਰਵਾਉਣਾ ਹੈ। ਤੁਸੀਂ ਆਪਣੀ ਪਸੰਦ ਦਾ ਕੋਈ ਇਕ ਨੁਕਤਾ ਚੁਣ ਲਓ ਤੇ ਉਸ ’ਤੇ ਹੀ ਕੇਂਦਰਿਤ ਰਹਿ ਕੇ ਉਸ ਦਾ ਆਪਣੇ ਜੀਵਨ ’ਚ ਅਭਿਆਸ ਕਰੋ ਤੇ ਆਪਣੇ ਬੱਚਿਆਂ ਤੋਂ ਵੀ ਕਰਵਾਓ। ਇਹ ਵੀ ਖਿਆਲ ਰੱਖੋ ਕਿ ਤੁਸੀਂ ਆਪਣੀ ਜ਼ਿੰਦਗੀ ’ਚ ਤੇ ਬੱਚੇ ਵੀ ਆਪਣੇ ਸਾਥੀਆਂ ਨਾਲ ਤੇ ਘਰ ’ਚ ਇਹਨਾਂ ਨੁਕਤਿਆਂ ਦਾ ਸਹੀ ਪ੍ਰਯੋਗ ਕਰ ਵੀ ਰਹੇ ਜਾਂ ਨਹੀਂ।

ਜਦੋਂ ਇਕ ਨੁਕਤੇ ਦਾ ਜੀਵਨ ’ਚ ਅਭਿਆਸ ਕਰ ਲਵੋ ਤਾਂ ਫਿਰ ਦੂਸਰੇ ਨੁਕਤੇ ਨੂੰ ਅਪਣਾ ਕੇ ਉਸ ਦਾ ਅਭਿਆਸ ਸ਼ੁਰੂ ਕਰ ਦਿਓ ਤੇ ਨਾਲ ਦੀ ਨਾਲ ਪਹਿਲੇ ਨੁਕਤੇ ਨੂੰ ਵੀ ਚਾਲੂ ਰੱਖੋ। ਜੇਕਰ ਤੁਸੀਂ ਪਹਿਲਾ ਨੁਕਤਾ ਭੁੱਲ ਵੀ ਜਾਂਦੇ ਹੋ ਤਾਂ ਕੋਈ ਗੱਲ ਨਹੀਂ, ਫਿਲਹਾਲ ਤੁਹਾਡਾ ਧਿਆਨ ਦੋ ਨੁਕਤਿਆਂ ’ਤੇ ਕੇਂਦਰਿਤ ਹੈ। ਇਹ ਦੋਵੇਂ ਨੁਕਤੇ ਨਹੀਂ ਭੁੱਲਣੇ ਚਾਹੀਦੇ। ਇਸ ਤਰ੍ਹਾਂ ਦੂਸਰੇ ਨੁਕਤਿਆਂ ਦਾ ਵੀ ਜੀਵਨ ’ਚ ਅਭਿਆਸ ਕਰਦੇ ਰਹੋ।

ਇਸ ਤਰ੍ਹਾਂ ਕੁਝ ਮਹੀਨਿਆਂ ਦੇ ਅੰਦਰ ਹੀ ਮਹਿਸੂਸ ਕਰੋਗੇ ਕਿ ਤੁਸੀਂ ਮੇਰੇ ਵੱਲੋਂ ਦੱਸੇ ਗਏ ਸਭ ਨੁਕਤਿਆਂ ’ਤੇ ਧਿਆਨ ਦੇ ਰਹੇ ਹੋ। ਇਹਨਾਂ ਨੂੰ ਆਪਣੇ ਜੀਵਨ ’ਚ ਤੇ ਬੱਚਿਆਂ ਦੇ ਜੀਵਨ ’ਚ ਬੜੇ ਧੀਰਜ ਨਾਲ ਚਾਲੂ ਰੱਖੋ ਤੇ ਯਕੀਨਨ ਹੀ ਮਾਤਾ-ਪਿਤਾ ਤੇ ਉਹਨਾਂ ਦੇ ਬੱਚੇ, ਇਕ ਉੱਚ ਤੇ ਪ੍ਰਭਾਵਸ਼ਾਲੀ ਵਿਅਕੱਤਿੱਤਵ ਦੇ ਮਾਲਕ ਬਣ ਜਾਣਗੇ। ਸਭ ਲਈ ਸ਼ੁਭ ਇੱਛਾਵਾਂ ਤੇ ਬੜੇ ਪਿਆਰ ਨਾਲ, ਤੁਹਾਡਾ ਸ਼ੁਭਚਿੰਤਕ।

# ਬੁੱਧ ਨੇ ਮਨੁੱਖਤਾ ਨੂੰ ਜਿਊਣ ਦਾ ਸੁੱਖੀ ਰਾਹ ਦੱਸਿਆ

ਕਿ ਦੁਨੀਆਂ ਤੁਹਾਨੂੰ ਥੁੱਕ ਹੀ ਦੇਵੇ।
4. ਜਦ ਤਕ ਕਿਸੇ ਦੇਸ਼ ਦੇ ਲੋਕ,
ਮਿਲ-ਜੁੱਲ ਕੇ ਸਾਰੇ ਬੈਠਣਗੇ,
ਮਿਲ-ਜੁੱਲ ਕੇ ਸਾਰੇ ਉਠਣਗੇ,
ਮਿਲ-ਜੁੱਲ ਕੇ ਸਾਰੇ ਦੇਸ਼ ਦੀ,
ਤਰੱਕੀ ਲਈ ਕੰਮ ਕਰਨਗੇ,
ਲੋਕਰਾਜ ’ਚ ਵਿਸ਼ਵਾਸ ਰੱਖਣਗੇ,
ਤਦ ਤੱਕ ਉਹਨਾਂ ਦਾ ਕੋਈ ਵੀ,
ਦੁਸ਼ਮਣ ਕੁਝ ਨਹੀਂ ਵਿਗਾੜ ਸਕੇਗਾ।
ਉਨਹਾਂ ਦੀ ਪ੍ਰਗਤੀ ਹੀ ਹੁੰਦੀ ਰਹੇਗੀ।
ਉਹ ਆਜ਼ਾਦੀ ਮਾਣਦੇ ਰਹਿਣਗੇ।

### ਬੁੱਧ ਦੇ ਸਿੱਖਿਆ ਬਚਨ

1. ਜਿਸ ਪ੍ਰਕਾਰ ਰਾਜ ਦੀ ਰੱਖਿਆ ਲਈ ਸ਼ਾਸਤਰਾਂ ਦਾ ਹੋਣਾ ਅਤਿ ਅਵੱਸ਼ਕ ਹੈ, ਉਸੀ ਤਰ੍ਹਾਂ ਮਨੁੱਖ ਦੀ ਰੱਖਿਆ ਲਈ ਸਦਾਚਾਰ ਅਵੱਸ਼ਕ ਹੈ।

**2. ਸ਼ਰਾਬ ਦੇ ਨਸ਼ੇ ਵਿੱਚ ਮੂਰਖ ਮਨੁੱਖ ਬੁਰੇ ਕੰਮ ਕਰਦੇ ਹਨ ਅਤੇ ਦੂਜਿਆਂ ਨੂੰ ਬੁਰੇ ਕੰਮ ਕਰਨ ਲਈ ਪ੍ਰੇਰਤ ਕਰਦੇ ਹਨ। ਇਸ ਲਈ ਇਸ ਪਾਗਲ ਬਣਾ ਦੇਣ ਵਾਲੇ ਨਸ਼ੇ ਤੋਂ ਮਨੁੱਖ ਨੂੰ ਦੂਰ ਰਹਿਣਾ ਚਾਹੀਦਾ ਹੈ। ਸ਼ਰਾਬ ਮੂਰਖਾਂ ਦਾ ਸਵਰਗ ਹੈ।**

3. ਤੰਦਰੁਸਤੀ ਸਭ ਤੋਂ ਵੱਡਾ ਲਾਭ ਹੈ। ਮਨੁੱਖ ਨੂੰ ਤੰਦਰੁਸਤ ਰਹਿਣ ਲਈ ਖਾਣਪੀਣ ਸਮੇਂ ਸਾਵਧਾਨ ਰਹਿਣਾ ਚਾਹੀਦਾ ਹੈ।

4. ਜਿਸ ਮਨੁੱਖ ਪਾਸ ਪੈਸਾ ਹੁੰਦੇ ਵੀ ਉਹ ਬਿਰਧ ਮਾਤਾ-ਪਿਤਾ ਦੀ ਸੇਵਾ ਨਹੀਂ ਕਰਦਾ ਉਹ ਢਹਿੰਦੀ ਕਲਾ ਨੂੰ ਪ੍ਰਾਪਤ ਕਰਦਾ ਹੈ।

5. ਜੋ ਮਨੁੱਖ ਦੂਜਿਆਂ ਨਾਲ ਈਰਖਾ ਕਰਦਾ ਹੈ, ਉਸ ਨੂੰ ਕਦੇ ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਕਿਉਂਕਿ ਵੈਰ ਨਾਲ ਵੈਰ ਵਧਦਾ ਅਤੇ ਅਵੈਰ ਨਾਲ ਵੈਰ ਘਟਦਾ ਹੈ।

6. ਮਨੁੱਖ ਖੁਦ ਆਪਣੇ ਪੈਰਾਂ ਤੇ ਖੜਾ ਹੋ ਕੇ ਹੀ ਉਨੱਤੀ ਤੇ ਵਿਕਾਸ ਕਰ ਸਕਦਾ ਹੈ ਕਿਉਂਕਿ ਮਨੁੱਖ ਆਪਣਾ ਦੀਪਕ ਆਪ ਹੈ।

7. ਜਿਸ ਮਨੁੱਖ ਦੀਆਂ ਇੰਦਰੀਆਂ ਕਾਬੂ ਵਿਚ ਹਨ ਉਹ ਉਸੇ ਤਰਾਂ ਮਾਰ ਨਹੀਂ ਖਾ ਸਕਦਾ ਜਿਸ ਤਰ੍ਹਾਂ ਹਨੇਰੀ ਤੋਂ ਪਹਾੜ।

8. ਜਿਸ ਮਨੁੱਖ ਦੀਆਂ ਇੰਦਰੀਆਂ ਕਾਬੂ ਵਿਚ ਨਹੀਂ ਹਨ ਉਹ ਉਸੇ ਤਰਾਂ ਮਾਰ ਖਾ ਜਾਂਦਾ ਹੈ ਜਿਸ ਤਰ੍ਹਾਂ ਹਨੇਰੀ ਤੋਂ ਕਮਜ਼ੋਰ ਦਰੱਖਤ।

9. ਮਨੁੱਖ ਦੇ ਵਾਲ ਚਿੱਟੇ ਹੋ ਜਾਣ ਨਾਲ ਹੀ ਉਹ ਬਜ਼ੁਰਗ ਨਹੀਂ ਹੋ ਜਾਂਦਾ, ਜਿਸ ਵਿੱਚ ਬੁੱਧੀ ਹੈ, ਸੱਚਾਈ ਹੈ, ਸਦਾਚਾਰ ਹੈ, ਉਹੀ ਅਸਲ ਵਿੱਚ ਬਜ਼ੁਰਗ ਹੈ।

10. ਚਿੰਤਾ ਅਤੇ ਗਮੀਂ ਮਨੁੱਖ ਦੇ ਦੋ ਬੜੇ ਦੁਸ਼ਮਣ ਹਨ, ਮਨੁੱਖ ਨੂੰ ਇਹਨਾਂ ਤੋਂ ਬਚਣਾ ਚਾਹੀਦਾ ਹੈ। ਇਸ ਲਈ ਮਨੁੱਖ ਪਾਪ ਕਰਮ ਨਾਂ ਕਰੇ। ਸ਼ੁੱਭ ਕਰਮ ਕਰੇ।

11. ਜੋ ਮਨੁੱਖ ਦੂਸਰਿਆਂ ਦੇ ਦੋਸ਼ਾਂ ਨੂੰ ਹੀ ਵੇਖਦਾ ਰਹਿੰਦਾ ਹੈ ਅਤੇ ਆਪਣੇ ਦੋਸ਼ਾਂ ਨੂੰ ਨਹੀਂ ਵੇਖਦਾ, ਇਸ ਤਰਾਂ ਉਸ ਦੇ ਆਪਣੇ ਹੀ ਦੋਸ਼ ਵਧਦੇ ਰਹਿੰਦੇ ਹਨ।

12. ਇੱਕ ਮਨੁੱਖ ਆਪਣੇ ਆਪ ਨੂੰ ਜਿੱਤ ਲਏ, ਉਹੀ ਮਹਾਨ ਯੋਧਾ ਹੈ।

13. ਮੂਰਖ ਮਿੱਤਰ ਤੋਂ ਬੁੱਧੀਮਾਨ ਦੁਸ਼ਮਣ ਚੰਗਾ ਹੁੰਦਾ ਹੈ।

14. ਪਿਆਰ ਵਧਾਓਗੇ ਤਾਂ ਪਿਆਰ ਹੀ ਪਾਓਗੇ।

15. ਮਨੁੱਖ ਨਾਸ਼ਵਾਨ ਹੈ, ਹਰ ਕਿਸੇ ਨੇ ਅੱਜ ਜਾਂ ਕੱਲ ਮਰਨਾ ਹੈ। ਪਰ ਮਨੁੱਖ ਨੂੰ ਆਪਣਾ ਜੀਵਨ ਮਨੁੱਖੀ ਜੀਵਨ ਨੂੰ ਚੰਗੇਰਾ ਬਣਾਉਣ ਲਈ ਅਤੇ ਸਵੈ ਮਾਨ ਦੇ ਸਦਾਚਾਰ ਨੂੰ ਅਮੀਰ ਬਣ-ਾਉਣ ਲਈ ਲਗਾਉਣਾ ਚਾਹੀਦਾ ਹੈ।

(ਧੱਮ ਪੱਦ ਵਿਚੋਂ)

### ਬੁੱਧ ਦੇ ਸੰਦੇਸ਼ ਬਚਨ

ਬੁੱਧ ਪੁਰਸ਼ ਕਹਿੰਦੇ ਹਨ :- ਹੇ ਮਨੁੱਖ!

1. ਤੁਸੀਂ ਸ਼ੇਰ ਦੇ ਸਾਹਮਣੇ ਜਾਂਦੇ ਸਮੇਂ ਡਰਨਾ ਨਹੀਂ,
ਕਿਉਂਕਿ, ਇਹ ਬਹਾਦਰੀ ਦੀ ਪ੍ਰੀਖਿਆ ਹੈ।
2. ਤੁਸੀਂ ਤਲਵਾਰ ਦੇ ਸਾਹਮਣੇ ਜਾਂਦੇ ਸਮੇਂ ਡਰਨਾ ਨਹੀਂ,
ਕਿਉਂਕਿ, ਬਲਿਦਾਨ ਦੀ ਕਸੌਟੀ ਹੈ।
3. ਤੁਸੀਂ ਚੋਟੀ ਤੋਂ ਸ਼ਲਾਂਗ ਲਗਾਉਂਦੇ ਸਮੇਂ ਡਰਨਾ ਨਹੀਂ,
ਕਿਉਂਕਿ, ਤਪੱਸਿਆ ਦੀ ਸਾਧਨਾ ਹੈ।
4. ਤੁਸੀਂ ਜਵਾਲਾ ਮੁਖੀ ਦੇ ਸਾਹਮਣੇ ਜਾਂਦੇ ਸਮੇਂ ਡਰਨਾ ਨਹੀਂ,
ਕਿਉਂਕਿ, ਇਹ ਸਵਰਣ ਪ੍ਰੀਖਿਆ ਹੈ।
5. ਪ੍ਰੰਤੂ ਸ਼ਰਾਬ ਤੋਂ ਸਦਾ ਡਰਦੇ ਰਹਿਣਾ, ਕਿਉਂਕਿ ਇਹ;
ਗਰੀਬੀ ਅਤੇ ਦੁਰਾਚਾਰ ਦੀ ਜਨਨੀ ਹੈ। (ਧੱਮ ਪੱਦ ਵਿਚੋਂ)

### ਸੱਚ ਬਚਨ

ਸੰਸਾਰ ਵਿੱਚ ਅਜਿਹਾ ਕੋਈ ਨਹੀਂ ਜਿਸ ਦੀ ਲੋਕ ਨਿੰਦਿਆ ਨਾ ਕਰਨ। ਜੋ ਚੁੱਪ ਰਹਿੰਦਾ ਹੈ, ਉਸਦੀ ਵੀ ਨਿੰਦਿਆ ਹੁੰਦੀ ਹੈ। ਜੋ ਅਧਿਕ ਬੋਲਦਾ ਹੈ, ਉਸਦੀ ਵੀ ਨਿੰਦਿਆ ਹੁੰਦੀ ਹੈ। ਜੋ ਘੱਟ ਬੋਲਦਾ ਹੈ, ਉਸ ਦੀ ਵੀ ਨਿੰਦਿਆ ਹੁੰਦੀ ਹੈ। ਐਸਾ ਮਨੁੱਖ ਨਾਂ ਕਦੀ ਹੋਇਆ ਹੈ, ਨਾ ਹੋਵੇਗਾ ਅਤੇ ਨਾ ਵਰਤਮਾਨ ਵਿੱਚ ਹੈ।

1. ਰਾਗ ਦੇ ਸਮਾਨ ਕੋਈ ਅੱਗ ਨਹੀਂ।
ਵੈਰ ਦੇ ਸਮਾਨ ਕੋਈ ਭੈਅ ਨਹੀਂ।
ਸ਼ਾਂਤੀ ਦੇ ਸਮਾਨ ਕੋਈ ਸੁੱਖ ਨਹੀਂ।
2. ਝੂਠ ਨੂੰ ਸੱਚਾਈ ਨਾਲ ਜਿੱਤੋ।
ਮਿੱਥ ਨੂੰ ਗਿਆਨ ਨਾਲ ਜਿੱਤੋ।
ਲੋਭੀ ਨੂੰ ਉਦਾਰ ਨਾਲ ਜਿੱਤੋ।
3. ਵੈਰ ਨਾਲ ਵੈਰ ਵਧਦਾ ਹੈ।
ਖਿਮਾ ਨਾਲ ਵੈਰ ਘਟਦਾ ਹੈ।
ਮੈਤਰੀ ਨਾਲ ਵੈਰ ਮੁੱਕਦਾ ਹੈ।
4. ਕਰੋਧ ਨੂੰ ਪਿਆਰ ਨਾਲ ਜਿੱਤੋ।
ਕੁੜਤਣ ਨੂੰ ਮਿਠਾਸ ਨਾਲ ਜਿੱਤੋ।
ਬੁਰਾਈ ਨੂੰ ਭਲਾਈ ਨਾਲ ਜਿੱਤੋ।
5. ਭੁੱਖ ਤੋਂ ਵੱਡਾ ਕੋਈ ਰੋਗ ਨਹੀਂ।
ਇੱਛਾ ਤੋਂ ਵੱਡਾ ਕੋਈ ਦੁੱਖ ਨਹੀਂ।
ਨਿਰਵਾਣ ਤੋਂ ਵੱਡਾ ਕੋਈ ਸੁੱਖ ਨਹੀਂ।

(ਧੱਮ ਪੱਦ ਵਿਚੋਂ)



## ਕੋਈ ਕਿਰਾਏ ਤੇ ਅਤੇ ਕਿਸੇ ਦਾ ਆਪਣਾ ਹੈ ਘਰ

# ਮੁੰਬਈ ਮਹਾਂਨਗਰ ਵਿਚ ਇਸ ਤਰ੍ਹਾਂ ਰਹਿੰਦੀਆਂ ਹਨ ਇਹ ਅਭਿਨੇਤਰੀਆਂ

**ਬਾਲੀਵੁੱਡ ਅਭਿਨੇਤਰੀ ਸਨੀ ਲਿਓਨ ਨੂੰ ਉਹਨਾਂ ਦੀ ਮਕਾਨ ਮਾਲਕਣ ਸੇਲਿਨਾ ਜੇਟਲੀ ਨੇ ਘਰ ਤੋਂ ਕੱਢ ਦਿੱਤਾ ਹੈ। ਕਾਰਨ ਸਿਰਫ ਇੰਨਾ ਹੈ ਕਿ ਉਹ ਉਸਦੇ ਘਰ ਦੀ ਦੇਖਭਾਲ ਸਹੀ ਤਰੀਕੇ ਨਾਲ ਨਹੀਂ ਕਰ ਰਹੀ ਸੀ। ਵਰਣਨਯੋਗ ਹੈ ਕਿ ਸੰਨੀ ਸੇਲਿਨਾ ਦੇ ਅੰਧੇਰੀ ਸਥਿਤ ਅਪਾਰਟਮੈਂਟ ਵਿਚ ਰਹਿੰਦੀ ਸੀ ਅਤੇ ਖਬਰਾਂ ਦੀ ਮੰਨੀਏ ਤਾਂ ਹੁਣ ਹੋਟਲ ਵਿਚ ਸ਼ਿਫਟ ਹੋ ਗਈ ਹੈ। ਵੈਸੇ ਬਾਲੀਵੁੱਡ ਦੀਆਂ ਕਈ ਪਾਪੂਲਰ ਅਭਿਨੇਤਰੀਆਂ ਰੈਂਟ ਤੇ ਰਹਿੰਦੀਆਂ ਹਨ ਅਤੇ ਕਈਆਂ ਨੇ ਮੁੰਬਈ ਵਿਚ ਆਪਣਾ ਖੁਦ ਦਾ ਫਲੈਟ ਖਰੀਦ ਲਿਆ ਹੈ।**



### ਕੈਟਰੀਨਾ ਕੈਫ

ਕੈਟਰੀਨਾ ਕੈਫ ਜੋ ਕਿ ਲੰਡਨ ਦੀ ਰਹਿਣ ਵਾਲੀ ਹੈ, ਮੁੰਬਈ ਵਿਚ ਉਸਦੀ ਖੁਦ ਦੀ ਕੋਈ ਪ੍ਰਾਪਰਟੀ ਨਹੀਂ ਹੈ। ਪਿਛਲੇ ਸਾਲ ਬੁਆਏ ਫਰੈਂਡ ਰਣਬੀਰ ਕਪੂਰ ਦੇ ਨਾਲ ਕਾਰਟਰ ਰੋਡ ਸਥਿਤ ਸਿਲਵਰ ਸੈਂਡ ਅਪਾਰਟਮੈਂਟ (ਰੈਂਟਲ) ਵਿਚ ਸ਼ਿਫਟ ਹੋਈ। ਇਸ ਤੋਂ ਪਹਿਲਾਂ ਬਾਂਦਰਾ ਵਿਚ ਕਿਰਾਏ ਤੇ ਰਹਿੰਦੀ ਸੀ।



### ਅਨੁਸ਼ਕਾ ਸ਼ਰਮਾ

ਅਨੁਸ਼ਕਾ ਸ਼ਰਮਾ ਬੰਗਲੌਰ ਦੀ ਰਹਿਣ ਵਾਲੀ ਹੈ। ਇਸ ਦਾ ਲੋਖੰਡਵਾਲਾ ਵਿਚ ਖੁਦ ਦਾ ਘਰ ਹੈ। ਇਹ ਘਰ ਉਹਨਾਂ ਨੇ 2013 ਵਿਚ ਖਰੀਦਿਆ ਸੀ। ਇਸ ਤੋਂ ਪਹਿਲਾਂ ਵਰਸੋਵਾ ਇਲਾਕੇ ਵਿਚ ਕਿਰ-ਾਏ ਤੇ ਮਕਾਨ ਲੈ ਕੇ ਰਹਿੰਦੀ ਰਹੀ ਹੈ।



### ਜੈਕਲੀਨ ਫਰਨਾਂਡਿਸ

ਜੈਕਲੀਨ ਫਰਨਾਂਡਿਸ ਸ੍ਰੀਲੰਕਾ ਦੀ ਰਹਿਣ ਵਾਲੀ ਹੈ। ਇਸ ਦੀ ਪਹਿਲੀ ਫਿਲਮ 2009 ਵਿਚ ਅੱਲਾਦੀਨ ਆਈ ਸੀ। ਦੋ ਸਾਲ ਤੋਂ ਬਾਂਦਰਾ ਸਥਿਤ ਇਕ ਅਪਾਰਟਮੈਂਟ ਵਿਚ ਕਿਰਾਏ ਤੇ ਰਹਿ ਰਹੀ ਹੈ। ਅਪ੍ਰੈਲ 2015 ਵਿਚ ਆਈ ਖਬਰ ਦੇ ਮੁਤਾਬਕ ਉਹਨਾਂ ਨੇ ਬਾਂਦਰਾ ਵਿਚ ਹੀ ਡੁਪਲੈਕਸ ਅਪਾਰਟਮੈਂਟ ਖਰੀਦ ਲਿਆ ਹੈ। ਹਾਲਾਂਕਿ ਹੁਣ ਤੱਕ ਉਹਨਾਂ ਦੇ ਉਥੇ ਸ਼ਿਫਟ ਹੋਣ ਦੀਆਂ ਖਬਰਾਂ ਨਹੀਂ ਆਈਆਂ ਹਨ।



### ਨਰਗਿਸ ਫਾਖਰੀ

ਨਰਗਿਸ ਫਾਖਰੀ ਨਿਊਯਾਰਕ (ਅਮ-ਰੀਕਾ) ਦੀ ਰਹਿਣ ਵਾਲੀ ਹੈ। ਇਸ ਦੀ ਪਹਿਲੀ ਫਿਲਮ 2011 ਵਿਚ ਰਾਕ-ਸਟਾਰ ਆਈ ਸੀ। ਮੁੰਬਈ ਵਿਚ ਫਿਲ-ਹਾਲ ਇਸਦਾ ਆਪਣਾ ਕੋਈ ਘਰ ਨਹੀਂ ਹੈ। 2011 ਤੋਂ ਇਹ ਬਾਂਦਰਾ ਵਿਚ ਕਿਰਾਏ ਤੇ ਅਪਾਰਟਮੈਂਟ ਲੈ ਕੇ ਰਹਿ ਰਹੀ ਹੈ।




### ਦੀਪਿਕਾ ਪਾਦੂਕੋਨ

ਦੀਪਿਕਾ ਪਾਦੂਕੋਨ ਬੰਗਲੌਰ ਦੀ ਰਹਿਣ ਵਾਲੀ ਹੈ। ਇਸ ਦੀ ਪਹਿਲੀ ਫਿਲਮ 2007 ਵਿਚ ਓਮ ਸ਼ਾਂਤੀ ਓਮ ਆਈ ਸੀ। 2010 ਵਿਚ 16 ਕਰੋੜ ਰੁਪਏ ਖਰਚ ਕਰਕੇ ਪ੍ਰਭਾਦੇਵੀ ਇਲਾਕੇ ਵਿਚ ਸਥਿਤ ਬੀ. ਯੂ. ਮਾਂਡੇ ਟਾਵਰਸ ਵਿਚ ਖੁਦ ਦਾ ਫਲੈਟ ਖਰੀਦਿਆ ਸੀ। ਹਾਲਾਂਕਿ ਇਸ ਤੋਂ ਪਹਿਲਾਂ ਉਹ ਪਾਲੀ ਹਿਲ ਵਿਚ ਕਿਰ-ਾਏ ਦੇ ਫਲੈਟ ਵਿਚ ਰਹਿ ਰਹੀ ਸੀ।



### ਇਲੀਆਨਾ ਡਿਕਰੂਜ਼

ਗੋਆ ਦੀ ਰਹਿਣ ਵਾਲੀ ਇਲੀਆਨਾ ਡਿਕਰੂਜ਼ ਦੀ ਪਹਿਲੀ ਫਿਲਮ ਬਰਫੀ (2012) ਵਿਚ ਆਈ ਸੀ। ਜਦੋਂ ਤੋਂ ਬਾਲੀਵੁੱਡ ਵਿਚ ਆਈ ਹੈ, ਉਦੋਂ ਤੋਂ ਹੀ ਉਹ ਅੰਧੇਰੀ ਸਥਿਤ ਇਕ ਅਪਾਰਟਮੈਂਟ ਵਿਚ ਕਿਰਾਏ ਦੇ ਫਲੈਟ ਵਿਚ ਰਹਿ ਰਹੀ ਹੈ।



### ਹੁਮਾ ਕੁਰੈਸ਼ੀ

ਹੁਮਾ ਕੁਰੈਸ਼ੀ, ਨਵੀਂ ਦਿੱਲੀ ਦੀ ਰਹਿਣ ਵਾਲੀ ਹੈ। ਇਸ ਦੀ ਪਹਿਲੀ ਫਿਲਮ 2012 ਵਿਚ ਗੈਂਗਸ ਆਫ ਵਸੇਪੁਰ-1 ਆਈ ਸੀ। ਪਿਛਲੇ ਸਾਲ ਹੁਮਾ ਅਤੇ ਉਹਨਾਂ ਦੇ ਭਰਾ ਸ਼ਾਕਿਬ ਸਲੀਮ ਨੇ ਅੰਧੇਰੀ ਵਿਚ ਖੁਦ ਦਾ ਫਲੈਟ ਖਰੀਦਿਆ ਹੈ। ਹਾਲਾਂਕਿ ਉਹਨਾਂ ਨੂੰ ਪਜੇਸ਼ਨ ਮਿਲਣ ਦਾ ਇੰਤਜ਼ਾਰ ਸੀ ਅਤੇ ਦੋਵੇਂ ਭੈਣ-ਭਰਾ ਇਸੇ ਇਲਾਕੇ ਦੇ 5 ਬੀ. ਐਚ ਕੇ. ਫਲੈਟ ਵਿਚ ਕਿਰਾਏ ਤੇ ਰਹਿ ਰਹੇ ਸਨ। ਹੁਣ ਤੱਕ ਉਹਨਾਂ ਦੇ ਨਵੇਂ ਫਲੈਟ ਵਿਚ ਸ਼ਿਫਟ ਹੋਣ ਦੀ ਕੋਈ ਖਬਰ ਨਹੀਂ ਆਈ ਹੈ।



### ਅਸਿਨ ਥੋਟੂਕਮਲ

ਕੋਚੀ ਦੀ ਰਹਿਣ ਵਾਲੀ ਅਸਿਨ ਦੀ ਪਹਿਲੀ ਫਿਲਮ ਗਜਨੀ 2005 ਵਿਚ ਆਈ ਸੀ। ਅੰਧੇਰੀ ਵਿਚ ਉਸ ਦਾ ਖੁਦ ਦਾ ਫਲੈਟ ਹੈ, ਜਿੱਥੇ ਉਹ ਸਾਲ 2009 ਵਿਚ ਸ਼ਿਫਟ ਹੋਈ ਸੀ। ਉਹ ਕਾਫੀ ਸਾਲ ਕਿਰਾਏ ਤੇ ਰਹੀ ਹੈ।



### ਆਦਿਤੀ ਰਾਓ ਹੈਦਰੀ

ਆਦਿਤੀ ਰਾਓ ਹੈਦਰੀ ਹੈਦਰਾਬਾਦ ਦੀ ਰਹਿਣ ਵਾਲੀ ਹੈ। ਉਸ ਦੀ ਪਹਿਲੀ ਫਿਲਮ 2009 ਵਿਚ ਦਿੱਲੀ 6 ਆਏ. ਸੀ। ਮੁੰਬਈ ਵਿਚ ਰਹਿੰਦੇ ਹੋਏ ਕਰੀਬ 8 ਸਾਲ ਹੋ ਗਏ ਹਨ, ਪਰ ਅੱਜ ਤੱਕ ਉਹਨਾਂ ਨੂੰ ਆਪਣੇ ਸੁਪਨਿਆਂ ਦਾ ਘਰ ਨਹੀਂ ਮਿਲਿਆ। ਉਹ ਅੰਧੇਰੀ ਸਥਿਤ ਇਕ ਅਪਾਰਟਮੈਂਟ ਵਿਚ ਕਿਰਾਏ ਦੇ ਫਲੈਟ ਵਿਚ ਰਹਿੰਦੀ ਹੈ।



### ਰਿਚਾ ਚੱਡਾ

ਰਿਚਾ ਚੱਡਾ ਨਵੀਂ ਦਿੱਲੀ ਦੀ ਰਹਿਣ ਵਾਲੀ ਹੈ। ਉਸ ਦੀ ਪਹਿਲੀ ਫਿਲਮ 2008 ਵਿਚ ਓਏ ਲੱਕੀ ਲੱਕੀ ਓਏ ਆਈ ਸੀ। ਵਰਸੋਵਾ ਇਲਾਕੇ ਵਿਚ ਸਥਿਤ ਇਕ ਅਪਾਰਟਮੈਂਟ ਵਿਚ ਉਹ ਕਿਰਾਏ ਤੇ ਰਹਿ ਰਹੀ ਹੈ। ਉਹ ਇੱਥੇ ਕਰੀਬ 7 ਸਾਲ ਤੋਂ ਹੈ ਪਰ ਹੁਣ ਤੱਕ ਉਹਨਾਂ ਨੇ ਖੁਦ ਦੀ ਕੋਈ ਪ੍ਰਾਪਰਟੀ ਨਹੀਂ ਖਰੀਦੀ ਹੈ।



### ਪਰਿਣੀਤਾ ਚੋਪੜਾ

ਪਰਿਣੀਤਾ ਚੋਪੜਾ ਅੰਬਾਲਾ, ਹਰਿਆਣਾ ਦੀ ਰਹਿਣ ਵਾਲੀ ਹੈ। ਉਸ ਦੀ ਪਹਿਲੀ ਫਿਲਮ 2011 ਵਿਚ ਲੇਡੀਜ਼ ਵਰਸੇਜ਼ ਰਿਕੀ ਬਹਿਲ ਆਈ ਸੀ। ਇਸੇ ਸਲ ਅਪ੍ਰੈਲ ਵਿਚ ਬਾਂਦਰਾ ਵਿਚ ਉਹਨਾਂ ਨੇ ਖੁਦ ਦਾ ਫਲੈਟ ਖਰੀਦਿਆ ਹੈ। ਇਸ ਤੋਂ ਪਹਿਲਾਂ ਉਹ ਮੁੰਬਈ ਉਪਨਗਰੀ ਇਲਾਕੇ ਵਿਚ ਕਿਰਾਏ ਦੇ ਫਲੈਟ ਵਿਚ ਰਹਿੰਦੀ ਸੀ।



### ਚਿਤਰਾਂਗਦਾ ਸਿੰਘ

ਚਿਤਰਾਂਗਦਾ ਸਿੰਘ ਮੇਰਠ (ਉਤਰ ਪ੍ਰਦੇਸ਼) ਦੀ ਰਹਿਣ ਵਾਲੀ ਹੈ। ਉਸ ਦੀ ਪਹਿਲੀ ਫਿਲਮ 2003 ਵਿਚ ਹਜ਼ਾਰੋਂ ਖੁਹਾਇਸ਼ੋਂ ਐਸੀ ਆਈ ਸੀ। 2010 ਤੱਕ ਉਹ ਕਿਰਾਏ ਤੇ ਰਹਿੰਦੀ ਰਹੀ ਹੈ। ਇਸੇ ਸਾਲ ਉਹਨਾਂ ਨੇ ਅੰਧੇਰੀ ਵਿਚ ਖੁਦ ਦਾ ਘਰ ਖਰੀਦਿਆ ਅਤੇ ਉਥੇ ਹੀ ਹੁਣ ਰਹਿ ਰਹੀ ਹੈ।

## ਭੂਤਾਂ ਨੂੰ ਡਰਾਏਗੀ ਦਿਲਜੀਤ ਦੀ ਕਾਮੇਡੀ



ਦਿਲਜੀਤ ਦੋਸਾਂਝ ਦੀ ਕਾਮੇਡੀ ਹੁਣ ਪਹੁੰਚ ਗਈ ਹੈ ਇੰਗਲੈਂਡ ਦੇ ਭੂਤ ਬੰਗਲੇ 'ਚ। ਪੰਜਾਬੀ ਫਿਲਮ 'ਸਰਦਾਰ ਜੀ' ਦਾ ਟ੍ਰੇਲਰ ਰਿਲੀਜ਼ ਹੋ ਗਿਆ ਹੈ। ਟ੍ਰੇਲਰ 'ਚ ਦਿਲਜੀਤ ਭੂਤ ਬੰਗਲੇ ਵਿਚ ਕਾਮੇਡੀ ਕਰਦੇ ਨਜ਼ਰ ਆ ਰਹੇ ਹਨ। ਕਹਿਣਾ ਪਵੇਗਾ ਕਿ ਦਿਲਜੀਤ ਦੀ ਕਾਮੇਡੀ ਇੰਨੀ ਜ਼ਬਰਦਸਤ ਹੈ ਕਿ ਭੂਤ ਵੀ ਡਰਾਉਣਾ ਭੁੱਲ ਜਾਣਗੇ।

ਫਿਲਮ 'ਚ ਦਿਲਜੀਤ ਦਾ ਨਾਂ ਜੱਗੀ ਹੈ। ਹੁਣ ਤੱਕ ਟ੍ਰੇਲਰ ਨੂੰ ਦਰਸ਼ਕਾਂ ਵੱਲੋਂ ਕਾਫੀ ਪਸੰਦ ਕੀਤਾ ਜਾ ਰਿਹਾ ਹੈ। ਟ੍ਰੇਲਰ 'ਚ ਦਿਖਾਏ ਗਏ ਡਾਇਲਾਗ ਵੀ ਦਰਸ਼ਕ ਖੂਬ ਪਸੰਦ ਕਰ ਰਹੇ ਹਨ।

'ਸਰਦਾਰ ਜੀ' ਦਾ ਨਿਰਦੇਸ਼ਨ ਰੋਹਿਤ ਜੁਗਰਾਜ ਨੇ ਕੀਤਾ ਹੈ। ਫਿਲਮ 'ਚ ਨੀਰੂ ਬਾਜਵਾ ਤੇ ਮੈਂਡੀ ਤੱਖਰ ਵੀ ਮੁੱਖ ਕਿਰਦਾਰਾਂ ਵਿਚ ਹਨ। ਦਿਲਜੀਤ ਟ੍ਰੇਲਰ ਵਿਚ ਫੁੱਲ ਫਾਰਮ 'ਚ ਨਜ਼ਰ ਆ ਰਹੇ ਹਨ। ਉਹੀ ਮਸਤ ਮਲੰਗ ਬੁੱਗੀ ਵਾਲਾ ਅੰਦਾਜ਼। ਟ੍ਰੇਲਰ ਵੇਖ ਕੇ ਫਿਲਮ ਵਿਚ ਕਾਫੀ ਸਸਪੈਂਸ ਦੀ ਉਮੀਦ ਕੀਤੀ ਜਾ ਸਕਦੀ ਹੈ। ਵੇਖਣਾ ਹੋਵੇਗਾ ਕਿ ਇਸ ਵਾਰ ਦਿਲਜੀਤ ਦੀ ਪਸੰਦੀਦਾ ਰਿਲੀਜ਼ ਤਾਰੀਖ 26 ਜੂਨ ਉਹਨਾਂ ਲਈ ਕਿੰਨੀ ਲੱਕੀ ਸਾਬਤ ਹੁੰਦੀ ਹੈ।

# ਜਾਅਲੀ ਜਾਤਿ ਸਰਟੀਫਿਕੇਟਾਂ ਦੁਆਰਾ ਅਸਲੀ ਲੋੜਵੰਦਾਂ ਦੇ ਹੱਕਾਂ ਅਤੇ ਸਹੂਲਤਾਂ ਤੇ ਮਾਰਿਆ ਜਾ ਰਿਹਾ ਹੈ ਡਾਕਾ

## ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਅਤੇ ਅਣਗਹਿਲੀ ਨਾਲ ਚੱਲ ਰਿਹਾ ਹੈ ਜਾਅਲੀ ਸਰਟੀਫਿਕੇਟਾਂ ਦਾ ਧੰਦਾ

ਇਸ ਦੇਸ਼ ਵਿੱਚ ਸਦੀਆਂ ਤੋਂ ਕੁੱਝ ਵਰਗਾਂ ਨੂੰ ਲਤਾੜਿਆ ਗਿਆ ਹੈ ਅਤੇ ਮੁਢਲੇ ਹੱਕਾਂ ਤੋਂ ਬਾਂਝੇ ਰੱਖਿਆ ਗਿਆ ਹੈ। ਵਰਣ ਵਿਵਸਥਾ ਦੇ ਢਾਂਚੇ ਅਨੁਸਾਰ ਚਾਰ ਵਰਗਾਂ ਦਾ ਵਰਣਨ ਕੀਤਾ ਗਿਆ ਹੈ ਜਿਨ੍ਹਾਂ ਵਿੱਚ ਸ਼ੂਦਰਾਂ ਨੂੰ ਸਭਤੋਂ ਹੇਠਾਂ ਰੱਖਿਆ ਗਿਆ ਹੈ। ਇਸ ਵਿਵਸਥਾ ਅਨੁਸਾਰ ਸ਼ੂਦਰ ਵਰਗ ਨਾਲ ਸਬੰਧਿਤ ਲੋਕਾਂ ਨੂੰ ਹਰ ਤਰਾਂ ਦੇ ਹੱਕਾਂ ਤੋਂ ਬਾਂਝੇ ਰੱਖਿਆ ਗਿਆ ਅਤੇ ਇਨ੍ਹਾਂ ਲਈ ਸਿਰਫ ਬਾਕੀ ਤਿੰਨ ਵਰਗਾਂ ਦੀ ਸੇਵਾ ਕਰਨ ਦਾ ਹੀ ਕੰਮ ਨਿਸ਼ਚਿਤ ਕੀਤਾ ਗਿਆ। ਸਮੇਂ ਸਮੇਂ ਤੇ ਇਸ ਗੈਰ ਬਰਾਬਰੀ ਵਾਲੇ ਢਾਂਚੇ ਨੂੰ ਤੋੜਣ ਲਈ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਮੁਹਿੰਮ ਚਲਾਈ। ਅੰਗਰੇਜੀ ਰਾਜ ਦੀ ਹਕੂਮਤ ਵੇਲੇ ਆਦਿ ਧਰਮ ਸਮਾਜ ਦੇ ਆਗੂਆਂ ਨੇ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਸ਼ੂਦਰ ਕਹੇ ਜਾਣ ਵਾਲੇ ਲੋਕਾਂ ਦੀ ਭਲਾਈ ਲਈ ਮੁਹਿੰਮ ਸ਼ੁਰੂ ਕੀਤੀ ਅਤੇ ਅੰਗਰੇਜਾਂ ਵਲੋਂ ਕਰਵਾਈ ਗਈ ਗੋਲਮੇਜ਼ ਕਾਨਫਰੰਸ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਹੀ ਦਲਿਤਾਂ ਦੀ ਪ੍ਰਤੀਨਿਧਤਾ ਕਰਨ ਇਸ ਲਈ ਟੈਲੀਗ੍ਰਾਮਾਂ ਭੇਜੀਆਂ। ਇਨ੍ਹਾਂ ਗੋਲਮੇਜ ਕਾਨਫਰੰਸਾਂ ਅਤੇ ਸਾਇਮਨ ਕਮਿਸ਼ਨ ਦੀ ਰਿਪੋਰਟ ਤੋਂ ਬਾਦ ਸ਼ੂਦਰ ਵਰਗ ਦੇ ਲੋਕਾਂ ਲਈ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਅਧਿਕਾਰ ਦੇਣ ਦੀ ਗੱਲ ਕੀਤੀ ਗਈ ਪਰੰਤੂ ਕਈ ਰਾਜਨੀਤਿਕ ਆਗੂਆਂ ਨੇ ਇਸਦਾ ਵਿਰੋਧ ਕੀਤਾ। ਆਖਿਰ 15 ਅਗਸਤ 1947 ਨੂੰ ਦੇਸ਼ ਅਜ਼ਾਦ ਹੋ ਗਿਆ। ਦੇਸ਼ ਦਾ ਅਪਣਾ ਸੰਵਿਧਾਨ ਤਿਆਰ ਕੀਤਾ ਗਿਆ ਜਿਸਦੀ ਕਮੇਟੀ ਦਾ ਚੇਅਰਮੈਨ ਦਲਿਤ ਆਗੂ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਹੀ ਬਣਾਇਆ ਗਿਆ। ਇਸ ਸੰਵਿਧਾਨ ਵਿੱਚ ਸ਼ੂਦਰਾਂ ਨੂੰ ਨਵਾਂ ਨਾਮ ਦਿਤਾ ਗਿਆ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲੇ। ਸੰਵਿਧਾਨ ਵਿੱਚ ਇਨ੍ਹਾਂ ਵਰਗਾਂ ਨੂੰ ਸਹੂਲਤਾਂ ਦੇਣ ਲਈ ਵਿਸ਼ੇਸ ਪ੍ਰਬੰਧ ਕੀਤੇ ਗਏ ਹਨ। ਇਨ੍ਹਾਂ ਵਰਗਾਂ ਲਈ ਹਰ ਖੇਤਰਾਂ ਵਿੱਚ ਨਿਸ਼ਚਿਤ ਸੀਟਾਂ ਜੋਕਿ ਇਨ੍ਹਾਂ ਦੀ ਅਬਾਦੀ ਅਨੁਸਾਰ ਹੀ ਹਨ ਰਾਖਵੀਆਂ ਰੱਖੀਆਂ ਗਈਆਂ ਹਨ ਅਤੇ ਇਨ੍ਹਾਂ ਵਰਗਾਂ ਨੂੰ ਹਰ ਖੇਤਰ ਵਿੱਚ ਬਣਦੀ ਪ੍ਰਤੀਨਿਧਤਾ ਦੇਣ ਲਈ ਵਿਸ਼ੇਸ਼ ਯੋਜਨਵਾਂ ਤਿਆਰ ਕੀਤੀਆਂ ਗਈਆਂ ਹਨ। ਇਨ੍ਹਾਂ ਵਰਗਾਂ ਨਾਲ ਸਬੰਧਿਤ ਲੋਕਾਂ ਨੂੰ ਲਾਭ ਦੇਣ ਲਈ ਵਿਸੇਸ ਸਰਟੀਫਿਕੇਟ ਬਣਾਏ ਜਾਂਦੇ ਹਨ ਜੋਕਿ ਪੇਂਡੂ ਵਰਗ ਦੇ ਲੋਕਾਂ ਦੁਆਰਾ ਸਰਪੰਚ ਦੁਆਰਾ ਤਸਦੀਕ ਕਰਨ ਤੋਂ ਬਾਦ ਤਹਿਸੀਲਦਾਰ ਜਾਂ ਐਸ ਡੀ ਐਮ ਦੁਆਰਾ ਬਣਾਏ ਜਾਂਦੇ ਹਨ ਅਤੇ ਸ਼ਹਿਰੀ ਖੇਤਰ ਵਿੱਚ ਵਾਰਡ ਦੇ ਕੌਂਸਲਰ ਦੀ ਰਿਪੋਰਟ ਦੇ ਅਧਾਰ ਤੇ ਤਹਿਸੀਲਦਾਰ ਜਾਂ ਐਸ ਡੀ ਐਮ ਦੁਆਰਾ ਬਣਾਏ ਜਾਂਦੇ ਹਨ। ਇਨ੍ਹਾਂ ਵਰਗਾਂ ਨੂੰ ਮਿਲਣ ਵਾਲੇ ਵੱਖ ਵੱਖ ਲਾਭਾਂ ਦਾ ਲਾਹਾ ਲੈਣ ਲਈ ਕਈ ਦੂਜੇ ਵਰਗਾਂ ਨਾਲ ਸਬੰਧਿਤ ਲੋਕਾਂ ਦੁਆਰਾ ਜਾਅਲੀ ਸਰਟੀਫਿਕੇਟ ਬਣਾਕੇ ਲਾਭ ਲਿਆ ਜਾ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਜਾਅਲੀ ਸਰਟੀਫਿਕੇਟ ਦੇ ਅਧਾਰ ਤੇ ਵਿਧਾਇਕ ਤੱਕ ਵੀ ਬਣ ਰਹੇ ਹਨ। ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਵਿੱਚ 2012 ਵਿੱਚ ਹੋਏ ਵਿਧਾਨ ਸਭਾ ਚੋਣਾਂ ਲਈ ਅਨੁਸੂਚਿਤ ਜਾਤੀ ਲਈ ਰਾਖਵੀਂ ਭਦੌੜ ਸੀਟ ਤੋਂ ਕਾਂਗਰਸ ਪਾਰਟੀ ਵਲੋਂ ਚੋਣ ਜਿੱਤੇ ਹੋਏ ਵਿਧਾਇਕ ਮੁਹੰਮਦ ਸਦੀਕ ਦੀ ਚੋਣ ਜਾਅਲੀ ਸਰਟੀਫਿਕੇਟ ਨੂੰ ਅਧਾਰ ਮੰਨਕੇ ਰੱਦ ਕਰ ਦਿੱਤੀ ਹੈ। ਅਪ੍ਰੈਲ, 2015 ਵਿੱਚ ਆਏ ਇਸ ਫੈਸਲੇ ਨੇ ਸਾਡੇ ਪ੍ਰਸ਼ਾਸ਼ਨਿਕ ਢਾਂਚੇ ਤੇ ਵੀ ਵੱਡੇ ਸਵਾਲ ਖੜ੍ਹੇ ਕੀਤੇ ਹਨ। ਦਿੱਲੀ ਵਿੱਚ ਵੀ ਆਮ ਆਦਮੀ ਪਾਰਟੀ ਚੋਣ ਆਯੋਗ ਕੋਲ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਰਣਜੀਤ ਸਿੰਘ ਦੀ ਚੋਣ ਨੂੰ ਚੁਣੌਤੀ ਦੇਣ ਜਾ ਰਹੀ ਹੈ ਕਿਉਂਕਿ ਆਮ ਆਦਮੀ ਪਾਰਟੀ ਦਾ ਆਰੋਪ ਹੈ ਕਿ ਸਾਲ 2013 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਵਿਧਾਇਕ ਰਣਜੀਤ ਸਿੰਘ ਨੇ ਅਨੁਸੂਚਿਤ ਜਾਤਿ ਦਾ ਜਾਅਲੀ ਸਰਟੀਫਿਕੇਟ ਦੇ ਕੇ ਗੋਕੁਲਪੁਰ ਰਿਜ਼ਰਵ ਸੀਟ ਤੋਂ ਚੋਣ ਲੜ ਕੇ ਜਿੱਤ ਪ੍ਰਾਪਤ ਕੀਤੀ ਹੈ। ਵਰਣਨਯੋਗ ਹੈ ਕਿ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਸਥਾਨਕ ਪੰਚਾਇਤੀ, ਨਗਰ ਕੌਂਸਲ ਦੀਆਂ ਚੋਣਾਂ ਵਿੱਚ ਇਸਤਰਾਂ ਦੇ ਕਈ ਮਾਮਲੇ ਪਹਿਲਾਂ ਵੀ ਸਾਹਮਣੇ ਆਏ ਹਨ। ਅਜਿਹੇ ਕਈ ਮਾਮਲੇ ਵੱਖ ਵੱਖ ਅਦਾਲਤਾਂ ਵਿੱਚ ਚੱਲ ਰਹੇ ਹਨ ਅਤੇ ਕਈ ਮਾਮਲਿਆਂ ਵਿੱਚ ਕਈ ਉਮੀਦਵਾਰਾਂ ਦੀ ਚੋਣ ਰੱਦ ਕੀਤੀ ਗਈ ਹੈ। ਦੇਸ਼ ਵਿੱਚ ਕਈ ਲੋਕਾਂ ਨੇ ਅਨੁਸੂਚਿਤ ਜਾਤਿ/ਅਨੁਸੂਚਿਤ ਜਨਜਾਤਿ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਜਾਅਲੀ ਸਰਟੀਫਿਕੇਟ ਬਣਵਾ ਕੇ ਸਰਕਾਰੀ ਨੌਕਰੀਆਂ ਪ੍ਰਾਪਤ ਕੀਤੀਆਂ ਹੋਈਆਂ ਹਨ ਜੋ ਕਿ ਰਾਖਵਾਂ ਵਰਗ ਨਾਲ ਬਹੁਤ ਵੱਡਾ ਧੋਖਾ ਹੈ। ਜਾਅਲੀ ਸਰਟੀਫਿਕੇਟਾਂ ਦੇ ਆਧਾਰ ਤੇ ਰਾਖਵੀਆਂ ਸਰਕਾਰੀ ਨੌਕਰੀਆਂ ਤੇ ਲੱਗੇ ਕਰਮਚਾਰੀਆਂ ਖਿਲਾਫ ਸਰਕਾਰ ਨੇ ਕੋਈ ਵੀ ਸੱਖਤ ਕਾਰਵਾਈ ਨਹੀਂ ਕੀਤੀ ਹੈ ਜਿਸ ਕਾਰਨ ਅਜਿਹੇ ਜਾਅਲੀ ਸਰਟੀਫਿਕੇਟਾਂ ਦੇ ਅਧਾਰ ਤੇ ਨੌਕਰੀਆਂ ਲੈਣ ਅਤੇ ਚੋਣ ਲੜਣ ਵਾਲੇ ਲੋਕਾਂ ਦੇ ਹੌਂਸਲੇ ਬੁਲੰਦ ਹਨ। ਪੰਜਾਬ ਸਰਕਾਰ ਨੇ ਇਸ ਸਬੰਧੀ ਅਗਲੀ ਕਾਰਵਾਈ ਕਰਨ ਲਈ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਰਾਜ ਵਿੱਚ ਅਨੁਸੂਚਿਤ ਜਾਤਿ ਦੇ ਸਰਟੀਫਿਕੇਟਾਂ ਦੀ ਪੜਤਾਲ ਮੁਕੰਮਲ ਕਰਨ ਦੇ ਹੁਕਮ ਦਿਤੇ ਹਨ। ਇਸਤੋਂ ਪਹਿਲਾਂ ਜਾਅਲੀ ਸਰਟੀਫਿਕੇਟਾਂ ਸਬੰਧੀ ਆਂਧਰਾ ਪ੍ਰਦੇਸ਼ ਦੇ ਦੋ ਸ਼ਹਿਰਾਂ ਹੈਦਰਾਬਾਦ ਅਤੇ ਵਿਸ਼ਾਖਾਪਟਨਮ ਵਿੱਚ ਮਾਰਚ/ਅਪ੍ਰੈਲ 1996 ਵਿੱਚ ਕੀਤੇ ਗਏ ਇੱਕ ਸਰਵੇ ਮੁਤਾਬਿਕ 236 ਸਰਕਾਰੀ ਕਰਮਚਾਰੀਆਂ ਦੇ ਅਨੁਸੂਚਿਤ ਜਾਤਿ/ਅਨੁਸੂਚਿਤ ਜਨਜਾਤਿ ਦੇ ਸਰਟੀਫਿਕੇਟ ਜਾਅਲੀ ਪਾਏ ਗਏ ਸਨ। ਤਾਮਿਲਨਾਢੂ ਦੇ 12 ਸਰਵਜਨਕ ਅਦਾਰਿਆਂ ਵਿੱਚ ਕੰਮ ਕਰਦੇ ਅਨੁਸੂਚਿਤ ਜਾਤਿ/ਅਨੁਸੂਚਿਤ ਜਨਜਾਤਿ ਦੇ ਕਰਮਚਾਰੀਆਂ ਦੇ ਸਰਟੀਫਿਕੇਟਾਂ ਦੀ ਘੋਖ ਕੀਤੀ ਗਈ ਅਤੇ 338 ਕੇਸ ਜ਼ਿਲ੍ਹਾ ਅਥਾਰਿਟੀ ਕੋਲ ਭੇਜੇ ਗਏ ਜਿਹਨਾਂ ਵਿੱਚੋਂ 75 ਕੇਸਾਂ ਵਿੱਚ ਜਾਅਲੀ ਸਰਟੀਫਿਕੇਟਾਂ ਦੀ ਪੁਸ਼ਟੀ ਕੀਤੀ ਗਈ ਜਦਕਿ 263 ਕੇਸਾਂ ਦੀ ਜਾਂਚ ਕਰਨੀ ਬਾਕੀ ਰਹਿੰਦੀ ਸੀ। ਇਹਨਾਂ 338 ਕੇਸਾਂ ਵਿੱਚੋਂ 69 ਕੇਸਾਂ ਵਾਲੇ ਕਰਮਚਾਰੀਆਂ ਨੇ ਕਾਰਵਾਈ ਹੋਣ ਤੋਂ ਪਹਿਲਾਂ ਹੀ ਅਦਾਲਤ ਤੋਂ ਸਟੇਅ ਆਰਡਰ ਲੈ ਲਿਆ। 32 ਕੇਸਾਂ ਵਿੱਚ ਨਿਯੁਕਤ ਅਥਾਰਟੀ ਦੁਆਰਾ ਕਾਰਵਾਈ ਕੀਤੀ ਗਈ ਅਤੇ ਸਿਰਫ 6 ਕੇਸਾਂ ਵਿੱਚ ਹੀ ਕਰਚਮਾਰੀਆਂ ਨੂੰ ਨੌਕਰੀਓਂ ਬਾਹਰ ਕੱਢਿਆ ਗਿਆ ਸੀ। ਇਸ ਸਬੰਧੀ ਭਾਰਤ ਸਰਕਾਰ ਦੇ ਡਿਪਾਰਟਮੈਂਟ ਆਫ ਪਰਸਨਲ ਐਂਡ ਟ੍ਰੇਨਿੰਗ ਇਸਟੈਬਲਿਸ਼ਮੈਂਟ (ਰਿਜ਼ਰਵੇਸ਼ਨ) ਸੈਕਸ਼ਨ ਨੇ ਭਾਰਤ ਸਰਕਾਰ ਦੇ ਸਾਰੇ ਮੰਤਰਾਲਿਆਂ/ ਭਾਰਤ ਸਰਕਾਰ ਦੇ ਸਾਰੇ ਵਿਭਾਗਾਂ, ਸਾਰੇ ਅਫ਼ਸਰਾਂ ਅਤੇ ਮਨਿਸਟਰੀ ਆਫ ਪਰਸਨਲ ਦੇ ਸੈਕਸ਼ਨਾਂ, ਪਬਲਿਕ ਗ੍ਰੀਵੀਆਂਸ ਅਤੇ ਪੈਨਸ਼ਨਾਂ ਅਤੇ ਸਾਰੇ ਸਬੰਧਤ/ਮੰਤਰਾਲਿਆਂ ਦੇ ਸੁਬਆਰਡੀਨੇਟ ਆਫਿਸ, ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਸ਼ਾਹਜਹਾਂ ਰੋਡ ਨਵੀਂ ਦਿੱਲੀ, ਸਟਾਫ ਸਲੈਕਸ਼ਨ ਕਮਿਸ਼ਨ ਲੋਧੀ ਰੋਡ ਨਵੀਂ ਦਿੱਲੀ, ਲੋਕ ਸਭਾ ਸਕੱਤਰੇਤ/ਰਾਜ ਸਭਾ ਸਕੱਤਰੇਤ/ਕੈਬਨਿਟ ਸਕੱਤਰੇਤ/ਸੈਂਟਰਲ ਵਿਜੀਲੈਂਸ ਕਮਿਸ਼ਨ/ਪ੍ਰੈਜੀਡੈਂਟ ਸਕੱਤਰੇਤ/ਪ੍ਰਧਾਨ ਮੰਤਰੀ ਦਫ਼ਤਰ/ਯੋਜਨਾ ਕਮਿਸ਼ਨ, ਨੈਸ਼ਨਲ ਕਮਿਸ਼ਨ ਫਾਰ ਸਡਿਊਲਡ ਕਾਸਟਜ਼ ਨਵੀ ਦਿੱਲੀ, ਨੈਸ਼ਨਲ ਕਮਿਸ਼ਨ ਫਾਰ ਸਡਿਊਲ ਟ੍ਰਾਈਬਜ਼ ਨਵੀਂ ਦਿੱਲੀ, ਨੈਸ਼ਨਲ ਕਮਿਸ਼ਨ ਫਾਰ ਬੈਕਵਰਡ ਕਲਾਸਿਜ਼ ਨਵੀਂ ਦਿੱਲੀ, ਆਫਿਸ ਆਫ ਦਾ ਕੰਪਟਰੋਲਰ ਐਂਡ ਆਡੀਟਰ ਜਨਰਲ ਆਫ ਇੰਡੀਆ ਨਵੀਂ ਦਿੱਲੀ, ਸੀ ਬੀ ਆਈ, ਐਲ ਬੀ ਐਸ ਐਨ ਏ ਏ, ਆਈ ਐਸ ਟੀ ਐਮ, ਪੀ ਈ ਐਸ ਬੀ, ਸੈਂਟਰਲ ਸੈਕਟਰੀ ਲਾਇਬ੍ਰੇਰੀ, ਐਮ ਐਚ ਏ ਲਾਇਬ੍ਰੇਰੀ, ਇਨਫਾਰਮੇਸ਼ਨ ਐਂਡ ਫੈਸਿਲੀਟੇਸ਼ਨ ਸੈਂਟਰ, ਡੀ ਓ ਪੀ ਟੀ ਨਵੀਂ ਦਿੱਲੀ ਨੂੰ ਪੱਤਰ ਨੰਬਰ ਓ ਐਮ ਨੰਬਰ 11012/7/91- ਈ ਐਸ ਟੀ ਟੀ. (ਏ) ਮਿਤੀ 19.5.1993 ਅਤੇ ਪੱਤਰ ਓ ਐਮ ਨੰਬਰ 42011/22/2006-ਈ ਐਸ ਟੀ ਟੀ. (ਆਰ ਈ ਐਸ) ਮਿਤੀ 29 ਮਾਰਚ 2007 ਰਾਹੀਂ ਉਹਨਾਂ ਸਰਕਾਰੀ ਅਫ਼ਸਰਾਂ ਅਤੇ ਸਰਕਾਰੀ ਕਰਮਚਾਰੀਆਂ ਖਿਲਾਫ ਕਾਰਵਾਈ ਕਰਨ ਲਈ ਕਿਹਾ ਹੈ ਜਿਹਨਾਂ ਨੇ ਅਨੁਸੂਚਿਤ ਜਾਤਿ/ਅਨੁਸੂਚਿਤ ਜਨਜਾਤਿ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਜਾਅਲੀ ਸਰਟੀਫਿਕੇਟ ਬਣਾ ਕੇ ਨੌਕਰੀਆਂ ਪ੍ਰਾਪਤ ਕੀਤੀਆਂ ਹਨ।



ਕੁਲਦੀਪ ਚੰਦ
9417563054

ਇਸ ਪੱਤਰ ਵਿੱਚ ਜਾਅਲੀ ਸਰਟੀਫਿਕੇਟ ਦੇ ਆਧਾਰ ਤੇ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਵਾਲਿਆਂ ਨੂੰ ਨੌਕਰੀਆਂ ਤੋਂ ਬਰਖਾਸਤ ਕਰਨ ਲਈ ਵੀ ਕਿਹਾ ਗਿਆ ਹੈ। ਅੱਜ ਜਿੱਥੇ ਦੇਸ਼ ਵਿੱਚ ਇੱਕ ਪਾਸੇ ਰਾਖਵਾਂਕਰਣ ਦੇ ਖਿਲਾਫ ਕੁੱਝ ਲੋਕਾਂ ਵਲੋਂ ਮੁਹਿੰਮ ਚਲਾਈ ਜਾ ਰਹੀ ਹੈ ਉਥੇ ਦੂਜੇ ਪਾਸੇ ਵਿਸ਼ੇਸ਼ ਵਰਗਾਂ ਲਈ ਲਾਗੂ ਕੀਤੇ ਗਏ ਰਾਖਵੇਂਕਰਣ ਦਾ ਨਜਾਇਜ਼ ਅਤੇ ਗੈਰ ਕਨੂੰਨੀ ਲਾਭ ਲਿਆ ਜਾ ਰਿਹਾ ਹੈ ਜਿਸਦਾ ਸਿੱਧਾ ਨੁਕਸਾਨ ਰਾਖਵੇਂ ਵਰਗ ਨਾਲ ਸਬੰਧਿਤ ਲੋਕਾਂ ਨੂੰ ਹੋ ਰਿਹਾ ਹੈ। ਜਾਅਲੀ ਸਰਟੀਫਿਕੇਟ ਬਣਾਉਣ ਦਾ ਕੰਮ ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਅਤੇ ਅਣਗਹਿਲੀ ਨਾਲ ਚੱਲ ਰਿਹਾ ਹੈ। ਸਰਕਾਰ ਨੂੰ ਰਾਖਵਾਂਕਰਣ ਦੀ ਨੀਤੀ ਨੂੰ ਲਾਗੂ ਕਰਨ ਲਈ ਹਦਾਇਤਾਂ ਦੀ ਸੱਖਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ ਅਤੇ ਇਸ ਤਰਾਂ ਜਾਅਲੀ ਸਰਟੀਫਿਕੇਟ ਬਣਾਕੇ ਲਾਭ ਲੈਣ ਵਾਲੇ ਵਿਅਕਤੀਆਂ ਖਿਲਾਫ ਸੱਖਤ ਕਾਰਵਾਈ ਕਰਨੀ ਚਾਹੀਦੀ ਹੈ। ਅਜਿਹੇ ਸਰਟੀਫਿਕੇਟ ਬਣਾਉਣ ਵਾਲੇ ਅਧਿਕਾਰੀਆਂ ਵਿਰੁੱਧ ਵੀ ਸੱਖਤ ਕਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਰਾਖਵਾਂਕਰਣ ਦਾ ਲਾਭ ਅਸਲੀ ਲੋੜਵੰਦਾਂ ਤੱਕ ਪਹੁੰਚ ਸਕੇ ਅਤੇ ਸਦੀਆਂ ਤੋਂ ਪੱਛੜੇ ਵਰਗਾਂ ਨੂੰ ਸਹੂਲਤਾਂ ਮਿਲ ਸਕਣ।

# "ਬਾਲ-ਮਨਾਂ ਦਾ ਰਾਹ-ਦਸੇਰਾ" ਸ਼ਾਇਰ - ਕਸ਼ਮੀਰ ਘੇਸਲ




ਪੰਜਾਬੀ ਲੇਖਕ ਮੰਡਲੀ ਵਿਚ ਅਨੇਕਾਂ ਸਿਤਾਰੇ ਵਿਚਰ ਰਹੇ ਹਨ। ਸਭੇ ਆਪੋ-ਆਪਣੇ ਅੰਦਾਜ ਨਾਲ ਸਾਹਿਤ- ਜਗਤ ਨੂੰ ਰੋਸ਼ਨ ਤੇ ਵਿਕਸਤ ਕਰਨ ਵਿਚ ਆਪਣਾ ਬਣਦਾ-ਸਰਦਾ ਯੋਗਦਾਨ ਪਾ ਰਹੇ ਹਨ। ਜਵਾਨੀ ਤੋਂ ਅਧਖੜ ਉਮਰ ਤੱਕ ਸਾਹਿਤਕ ਖੇਤਰ ਵਿਚ ਯਤਨਸ਼ੀਲ ਰਿਹਾ ਇਕ ਨਾਂਓਂ ਹੈ--ਕਸ਼ਮੀਰ ਘੇਸਲ : ਜਿਸ ਨੇ ਗਰਦਿਸ਼ ਵਿਚ ਰਹਿ ਕੇ ਵੀ ਕਲਮ ਦਾ ਸਾਥ ਨਹੀ



ਛੱਡਿਆ। ਮਿਲਾਪੜੇ ਸੁਭਾਅ ਅਤੇ ਪਹਿਲੀ ਮਿਲਣੀ ਵਿਚ ਹੀ ਅਜਨਬੀ ਨੂੰ ਆਪਣਾ ਬਣਾ ਲੈਣ ਦਾ ਦਮ ਰੱਖਣ ਵਾਲੇ ਇਸ ਸ਼ਾਇਰ ਨੇ "ਹਾਦਸਾ-ਦਰ-ਹਾਦਸਾ" ਕਾਵਿ-ਸੰਗ੍ਰਹਿ ਅਤੇ "ਤਾਰਿਆ ਦਾ ਗੀਤ" ਬਾਲ-ਕਾਵਿ-ਸੰਗ੍ਰਹਿ ਨਾਂਓਂ ਦੀਆਂ ਆਪਣੀਆਂ ਮੌਲਿਕ ਕ੍ਰਿਤਾਂ ਤੋਂ ਇਲਾਵਾ "ਮੂੰਹੋਂ ਬੋਲਦੀਆਂ ਕਲਮਾਂ" , "ਮਹਿਕਦੀਆਂ ਕਲਮਾਂ" , ਅਤੇ "ਕਲਮਾਂ ਦੇ ਸਿਰਨਾਂਵੇ" ਆਦਿ ਇਕ ਦਰਜਨ ਦੇ ਕਰੀਬ ਸਾਂਝੀਆਂ ਕਾਵਿ-ਪੁਸਤਕਾਂ ਵਿਚ ਵੀ ਵਧੀਆ ਕਲਮੀ ਹਾਜਰੀ ਲਵਾਈ ਹੈ।

ਕਸ਼ਮੀਰ ਘੇਸਲ ਨੇ ਆਪਣੇ ਜਜਬਿਆਂ ਨੂੰ ਆਪਣੇ ਅਨੁਭਵ ਦਾ ਰੰਗ ਚਾੜ੍ਹ ਕੇ ਜੋ ਵੱਡਮੁੱਲੇ ਸ਼ਬਦਾਂ ਦੇ ਮੋਤੀ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ, ਉਹ ਸਾਹਿਤਕ ਮਹੱਤਤਾ ਰੱਖਦੇ ਹੋਏ ਆਪਣੀ ਚਰਮ-ਸੀਮਾ ਤੱਕ ਪਹੁੰਚਦੇ ਹਨ। ਘੇਸਲ ਨਿਰਵੈਰਤਾ, ਨਿਰਪੱਖਤਾ ਅਤੇ ਆਸ਼ਾਵਾਦੀ ਵਿਚਾਰਧਾਰਾ ਨੂੰ ਕਵਿਤਾ ਦੇ ਰੂਪ ਵਿਚ ਆਪਣੇ ਅੰਦਰ ਸਮੋਈ ਬੈਠਾ ਹੈ। ਉਸ ਦੀ ਕਲਮ ਵਿਚ ਦੱਬੇ-ਕੁੱਚਲੇ ਲੋਕਾਂ ਦੇ ਲਈ ਦਰਦ ਹੈ। ਇਸੇ ਕਰਕੇ ਬੁਰੇ ਹਾਲਾਤਾਂ ਦਾ ਸੰਤਾਪ ਭੋਗਦੇ-ਬੁਸਕਦੇ ਲੋਕਾਂ ਦੀ ਰਹਿਨੁਮਾਈ ਕਰਨ ਵਿਚ ਉਸਦੀ ਕਲਮ ਸਦਾ ਮੋਹਰੀ ਰਹੀ ਹੈ। ਸਾਹਿਤਕ ਚੇਸ਼ਟਾ ਰੱਖਣ ਵਾਲੇ ਪਾਠਕ ਅਤੇ ਸੂਝਵਾਨ ਸਾਹਿਤਕਾਰ ਇਸ ਦੀਆਂ ਰਚਨਾਵਾਂ ਵਿਚੋਂ ਅਡੋਲ ਹੀ ਆਪਣੀ ਰੂਹ ਦੀ ਖੁਰਾਕ ਲੱਭ ਲੈਂਦੇ ਹਨ।



ਪ੍ਰੀਤਮ ਲੁਧਿਆਣਵੀ
9876428641

ਘੇਸਲ ਆਪਣੇ ਆਲੇ-ਦੁਆਲੇ ਦੇ ਦੂਸ਼ਿਤ ਮਹੌਲ ਤੋਂ ਤਿਲਮਿਲਾਉਂਦਾ ਹੋਇਆ ਆਪਣੀਆਂ ਰਚਨਾਵਾਂ ਦੁਆਰਾ ਅਚਾਨਕ ਬਾਲ-ਮਨਾਂ ਵਿਚ ਪ੍ਰਵੇਸ਼ ਕਰ ਗਿਆ: ਜਿੱਥੇ ਉਸਨੂੰ ਕੋਈ ਵੇਰੀ ਨਹੀ, ਸਗੋਂ ਸਭੇ ਆਪਣੇ ਹੀ ਦਿਸਦੇ ਹਨ। ਉਹ ਕੋਮਲ ਜਿਹਾ ਮਨ ਬਣਾ ਕੇ ਬਾਲ-ਕਵਿਤਾਵਾਂ ਦੀ ਰਚਨਾ ਵਿਚ ਜੁਟ ਗਿਆ। ਜਿਸ ਦੇ ਫਲਸਰੂਪ ਉਸ ਨੇ "ਤਾਰਿਆ ਦਾ ਗੀਤ" ਬਾਲ-ਕਾਵਿ-ਸੰਗ੍ਰਹਿ ਤੱਕ ਦਾ ਸਫਰ ਤਹਿ ਕਰ ਲਿਆ ਅਤੇ ਜਿਸ ਵਿਚ ਉਸ ਨੇ ਸੂਖਸ਼ਮ ਮਨਾਂ ਵਾਸਤੇ ਤਿਤਲੀਆਂ, ਖੇਡਾਂ, ਜਾਨਵਰਾਂ, ਗਿਆਨ-ਵਿਗਿਆਨ, ਰੁੱਖਾਂ ਅਤੇ ਤਾਰਿਆਂ ਨਾਲ ਸਾਂਝ ਪਵਾ ਦਿੱਤੀ ਹੈ।

ਕਿੱਤੇ ਪੱਖੋਂ ਘੇਸਲ ਪੰਜਾਬ ਸਰਕਾਰ ਦੇ ਇਰੀਗੇਸ਼ਨ ਵਿਭਾਗ ਵਿਚ ਚੰਡੀਗੜ੍ਹ ਦੇ ਸੈਕਟਰ-17 ਵਿਚ ਸਰਕਲ ਹੈਡੱ ਡਰਾਫਟਸਮੈਨ ਦੇ ਤੌਰ ਤੇ ਅਫਸਰੀ ਅਹੁੱਦੇ ਉਤੇ ਹੈ। ਕਲਮ ਨੂੰ ਜਨੂਨ ਦੀ ਹੱਦ ਤੱਕ ਚਲਾਉਣਾ ਉਸਦਾ ਸ਼ੌਕ ਹੈ। ਕਈ ਅੱਡ-ਅੱਡ ਸਾਹਿਤਕ ਸਭਾਵਾਂ ਨਾਲ ਸਾਂਝ ਬਣਾਈ ਰੱਖਣ ਵਾਲੇ ਇਸ ਸਖਸ਼ ਨੇ ਇਕ ਸਵਾਲ ਦਾ ਜੁਵਾਬ ਦਿੰਦਿਆਂ ਕਿਹਾ, "ਸਾਹਿਤਕ ਸਫਰ ਵਿਚ ਜਿੱਥੇ ਮੇਰੀ ਜੀਵਨ-ਸਾਥਣ ਊਸ਼ਾ ਰਾਣੀ, ਬੇਟਾ ਧਰੁਵ ਅਤੇ ਬੇਟੀ ਕੁਦਰਤ ਜੋਤੀ (ਐਮ. ਬੀ. ਬੀ. ਐਸ. ਦੀ ਵਿਦਿਆਰਥਣ) ਮੇਰੀ ਕਲਮ ਲਈ ਸਹਾਈ ਸਿੱਧ ਹੁੰਦੇ ਆ ਰਹੇ ਹਨ, ਉਥੇ ਡਾ: ਪੰਨਾ ਲਾਲ ਮੁਸਤਫਾ-ਬਾਦੀ, ਲਾਲ ਸਿੰਘ ਲਾਲੀ, ਬਲਵੰਤ ਸਿੰਘ ਮੁਸਾਫਿਰ, ਰਾਜ ਜਖਮੀ ਅਤੇ ਰਾਜ ਕੁਮਾਰ ਸਾਹੋਵਾਲੀਆ ਆਦਿ ਦਾ ਨਿੱਘਾ ਮਿਲਵਰਤਨ ਭਰਿਆ ਸਾਥ ਦਾ ਸੁਭਾਗ ਮੇਰੇ ਲਈ ਸੋਨੇ ਤੇ ਸੁਹਾਗਾ ਹੋ ਨਿੱਬੜਿਆ ਹੈ: ਕਿਉਂਕਿ ਸਾਹਿਤਕ-ਸਿਖਰਾਂ ਨੂੰ ਛੂੰਹਦੀਆਂ ਇਨ੍ਹਾਂ ਕਲਮਾਂ ਪਾਸੋਂ ਮੈਨੂੰ ਕਾਫੀ ਕੁਝ ਸਿੱਖਣ ਤੇ ਗ੍ਰਹਿਣ ਕਰਨ ਨੂੰ ਮਿਲਦਾ ਆ ਰਿਹਾ ਹੈ।" ਘੇਸਲ ਦੀ ਕਲਾ, ਸਾਹਿਤ ਅਤੇ ਪੰਜਾਬੀ ਮਾਂ-ਬੋਲੀ ਪ੍ਰਤੀ ਸੇਵਾ ਬਦਲੇ ਕਲਾ ਦੇ ਕਦਰਦਾਨਾਂ ਨੇ ਅਨਗਿਣਤ ਸਟੇਜਾਂ ਤੋਂ ਸਨਮਾਨ-ਪੱਤਰ ਅਤੇ ਯਾਦਗਾਰੀ ਚਿੰਨ ਉਸਦੀ ਝੋਲੀ ਪਾਏ ਹਨ। ਇਸੇ ਲੜੀ ਵਿਚ ਹੀ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਨੇ ਉਸਨੂੰ "ਬਾਲ-ਮਨਾਂ ਦਾ ਰਾਹ-ਦਸੇਰਾ" ਐਵਾਰਡ ਨਾਲ ਸਨਮਾਨਦਿਆਂ ਉਸਦੀ ਕਲਮ ਦੀ ਕਦਰ ਪਾਈ ਹੈ: ਜਿਸ ਨੂੰ ਘੇਸਲ ਬੜੇ ਮਾਣ ਨਾਲ ਅਭੁੱਲ ਅਤੇ ਮਾਨ-ਮੱਤਾ ਸਨਮਾਨ ਦੱਸ ਰਿਹਾ ਹੈ।

"ਭਵਿੱਖ ਦੇ ਨਿਸ਼ਾਨੇ ਕੀ ਹਨ, ਘੇਸਲ ਜੀ?" ਜੁਵਾਬ ਵਿਚ ਉਨ੍ਹਾਂ ਕਿਹਾ, "ਮੇਰਾ ਅਗਲਾ ਕਾਵਿ-ਸੰਗ੍ਰਹਿ ਵੀ ਪ੍ਰੈਸੱ ਵਿਚ ਹੈ ਅਤੇ ਜਲਦੀ ਹੀ ਪਾਠਕਾਂ ਦੇ ਹੱਥਾਂ ਤੱਕ ਅੱਪੜਦਾ ਕਰਨ ਲਈ ਮੈਂ ਬੜੀ ਬੇ-ਸਬਰੀ ਨਾਲ ਯਤਨਸ਼ੀਲ ਹਾਂ, ਲੁਧਿਆਣਵੀ ਜੀ।" ਰੱਬ ਕਰੇ, ਪੰਜਾਬੀ ਮਾਂ-ਬੋਲੀ ਦਾ ਪੁਜਾਰੀ ਘੇਸਲ ਇਵੇਂ ਹੀ ਮਸਤ-ਅਲਮਸਤ ਆਪਣੇ ਸਫਰ ਤੇ ਚਲਦਾ ਨਵੇਂ ਪੂਰਨੇ ਪਾਉਂਦਾ ਤੁਰਿਆ ਰਵ੍ਹੇ, ਦਿਲੀ ਖਾਹਿਸ਼ ਹੈ ਮੇਰੀ!

**ਸੰਪਰਕ : ਸ੍ਰੀ ਕਸ਼ਮੀਰ ਘੇਸਲ, 905, ਸੈਕਟਰ-43 ਏ, ਚੰਡੀਗੜ੍ਹ** (98156-57398)

# ਅਮਰੀਕੀ ਡਾਲਰ ਨਾਲ ਜੁੜਿਆ ਹੈ ਭਾਰਤ ਦਾ ਰਿਸ਼ਤਾ- ਕਰੰਸੀ 'ਚ ਨਜ਼ਰ ਆਉਂਦਾ ਹਰੇ ਰੰਗ ਦਾ ਪਿਗਮੈਂਟ ਹੁੰਦਾ ਹੈ ਭਾਰਤ ਵਿਚ ਤਿਆਰ

**ਅਹਿਮਦਾਬਾਦ-** ਦੁਨੀਆਂ ਦੀ ਸਭ ਤੋਂ ਤਾਕਤਵਰ ਕਰੰਸੀ ਅਮਰੀਕੀ ਡਾਲਰ ਦੇ ਨਾਲ ਇਕ ਭਾਰਤ ਦੀ ਤਾਰ ਵੀ ਜੁੜੀ ਹੋਈ ਹੈ। ਜ਼ਿਆਦਾਤਰ ਅਮਰੀਕੀ ਡਾਲਰ ਹਰੇ ਰੰਗ ਦਾ ਨਜ਼ਰ ਆਉਂਦਾ ਹੈ। ਡਾਲਰ ਵਿਚ ਮਿਲਣ ਵਾਲੇ ਇਸ ਹਰੇ ਰੰਗ ਦੇ ਪਿਗਮੈਂਟ ਨੂੰ ਅਹਿਮਦਾਬਾਦ ਸਥਿਤ ਕੰਪਨੀ ਮੇਘਮਨੀ ਆਰਗੇਨਿਕਸ ਵੱਲੋਂ ਬਣਾਇਆ ਜਾਂਦਾ ਹੈ। ਮੇਘਮਨੀ ਆਰ-ਗੇਨਿਕਸ ਦੇ ਮੈਨੇਜਿੰਗ ਡਾਇਰੈਕਟਰ ਅਸ਼ੀਸ਼ ਐਨ ਸੋਪਰਕਰ ਨੇ ਦੱਸਿਆ ਕਿ ਅਮਰੀਕੀ ਡਾਲਰ ਨੂੰ ਆਮ ਤੌਰ ਤੇ ਗਰੀਨਬੈਕ ਵੀ ਕਿਹਾ ਜਾਂਦਾ ਹੈ, ਜਿਸ ਨੂੰ ਗਰੀਨਬੈਕ ਇੰਕ ਨਾਲ ਬਣਾਇਆ ਜਾਂਦਾ ਹੈ। ਇਸ ਵਿਚ ਲੱਗਣ ਵਾਲਾ ਹਰਾ ਰੰਗ ਸਾਡੇ ਪਿਗਮੈਂਟ ਤੋਂ ਆਉਂਦਾ ਹੈ। ਐਨ ਐਸ ਈ ਅਤੇ ਬੀ. ਐਸ ਈ ਵਿਚ ਲਿਮਟਿਡ ਕੰਪਨੀ ਮੇਘਮਨੀ ਆਰਗੇਨਿਕਸ ਜਨਰਲ ਐਗਰੋਕੈਮੀਕਲਜ਼ ਅਤੇ ਪਿਗਮੈਂਟਸ ਬਣਾਉਂਦੀ ਹੈ। ਇਸ ਕੰਪਨੀ ਦੀ ਨੀਂਹ 1986 ਵਿਚ ਉਸ ਸਮੇਂ ਰੱਖੀ ਗਈ ਜਦੋਂ ਪਿਗਮੈਂਟ ਬਣਾਉਣ ਲਈ ਗੁਜਰਾਤ ਵਿਚ ਗੁਜਰਾਤ ਇੰਡਸਟਰੀਜ਼ ਦੀ ਭਾਈਵਾਲ ਫਰਮ ਦੀ ਸਥਾਪਨਾ ਹੋਈ ਸੀ।

ਕੰਪਨੀ ਮੁਤਾਬਕ ਜ਼ਬਰਦਸਤ ਉਤਪਾਦਨ ਅਤੇ ਮੁਨਾਫੇ ਨੇ ਕੰਪਨੀ ਨੂੰ 1995 ਵਿਚ ਇਕ ਸਾਂਝੇ ਸਟਾਕ ਕੰਪਨੀ ਵਿਚ ਬਦਲ ਦਿੱਤਾ ਸੀ, ਇਸ ਦਾ ਨਾਂ ਮੇਘਮਨੀ ਆਰਗੇਨਿਕਸ ਲਿਮਟਿਡ ਹੋ ਗਿਆ।



# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.

Buy Quality Used Trucks

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

**ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ**

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ (ਦੀਵਾਲੀਆਪਣ), ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।



**Call : Dharminder Singh**

**Cell : 530-870-6600**



Email: myfuturetruck@gmail.com
2535 Front St. West Sacramento, CA 95691
Cell : 530-870-6600
Fax : 530-405-1429



# TANDOOR Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

**BUFFET LUNCH 11:00 AM To 3:00 PM**

We are open seven days 11 AM to 10 PM

Contact Us:
Ph. 510-885-1212
Fax. 510-885-1532



FREE WiFi

Ram Gopal



# Annabelle's
Pizza & Pasta Kitchen

200 "J" Street
Sacramento, CA 95814 (916) 448-6239

BIG SCREEN TV

## Annabelle's
Pizza & Pasta Kitchen

IN OLD SACRAMENTO

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM

Varieties of Video Games Available

Variety of Sandwiches are also available




Ram Gopal

Features All you can eat Italian Buffet

(Our Dough is Freshly Rolled Daily and Made of the Finest Ingredients)

Now Serving Beer &Wine!




FREE WiFi

Ram Gopal (916) 448-6239
200 "J" Street, Sacramento, CA 95814

# INDIAN CARE ASSOCIATION

Fairfield
Presents





## Punjab Lok Rang's

# ਉਮਰਾਂ ਲੰਘੀਆਂ ਪੱਬਾਂ ਭਾਰ

# Umran Langhian Pabban Bhaar

**Date : May 30, 2015** **Time : Doors Open 6:00 PM** **Show Starts : 7:00 PM**

**Venue :** Fairfield Center for Creative Arts
1035 Texas Street Fairfield, California 94533

**Tickets :** $35 Balcony (First Come First Serve)
» VIP (Please Call 707-315-2468)

**A Punjabi Drama**
**Written & Directed By**
**Surinder Singh Dhanoa**



*The story of a man's dedication to his family against all odds...*

**Performances by:**

- Jaswinder Kaur Dhanoa
- Pali Dhanaula
- Ramneet Chaudhary
- Sonu Rana
- Shakti Manak
- Amritpal Sra
- Jaswinder Saggi
- Monica Uppal
- Dimple Joshi
- Sonia Chera
- Darshan Aujla
- Sewa Sra
- Kanwar Sra
- Lovy Sra
- Sukhi Cheema

**Lights:** Vivek Popli

**Sound:** Inderjit Singh

Designed By : Punjab Mail USA




Flamingo Palace
We can easily accommodate upto 1,200 guests.
5715 Watt Avenue, North Highlands, CA 95660
Celebrate!
WEDDING
RECEPTION
QUINCEANERA
HOLIDAY PARTIES
BIRTHDAY PARTIES
CORPORATE FUNCTIONS
ON SITE CATERING & BAR SERVICE
flamingobanquets.com 916-334-6000
GUARANTEED BEST PRICE & SERVICE IN TOWN




For More Information

**Contact (707) 315-2468 Email: indiancareassociation@gmail.com**